





# ਸ਼ਬਦ



(ਨਿਹਕਲੰਕ ਹਰਿ ਸ਼ਬਦ ਭੰਡਾਰ ਚੋਂ)





## ਤਤਕਰਾ


| ਸ਼ਬਦ ਨੰ੦ | | ਪੰਨਾ ਨੰ੦ |
|---|---|---|
| ੧ | ਉਨੀ ਸੌ ਪਚਵੰਜਾ ਬਿਕ੍ਰਮੀ ਹੋਈ . . . . . | ੧ |
| ੨ | ਓ ਗੁਰਸਿੱਖੋ ਹੋਇਆ ਵਿਵਾਹ . . . . . . | ੧ |
| ੩ | ਆ ਮਿਲ ਆ ਮਿਲ ਆ ਮਿਲ . . . . . | ੨ |
| ੪ | ਆਓ ਭਗਤੋ ਸਚਖੰਡ ਵਾਸੀਓ . . . . . . | ੩ |
| ੫ | ਆਸ ਪਾਸ ਸਦ ਵਸੇਰਾ . . . . . . . . . . | ੩ |
| ੬ | ਆਸਾ ਮਨਸਾ ਹਰਿ ਜੀ ਪੂਰੇ . . . . . . . | ੩ |
| ੭ | ਅੰਤ ਸਮੇਂ ਕਲਜੁਗ ਵਿਚ ਆਇਆ . . . . | ੩ |
| ੮ | ਆਤਮ ਆਈ ਦਰ ਦੁਵਾਰ . . . . . . . . | ੪ |
| ੯ | ਆਤਮ ਅੰਦਰ ਸਚ ਪਿਆਰ . . . . . . . | ੪ |
| ੧੦ | ਆਤਮ ਅੰਧੇਰ ਅੰਧ ਅਗਿਆਨ . . . . . . | ੪ |
| ੧੧ | ਆਤਮ ਸੁਖ ਪਾਵੇ ਸੋ, . . . . . . . . . . | ੪ |
| ੧੨ | ਆਤਮ ਸੇਜਾ ਹਰਿ ਵਿਛਾਈਆ . . . . . . | ੫ |
| ੧੩ | ਆਤਮ ਤੀਰਥ ਸਾਚੇ ਨੁਹਾਓ . . . . . . . | ੫ |
| ੧੪ | ਆਤਮ ਤੀਰਥ ਕਰ ਇਸ਼ਨਾਨ . . . . . . | ੫ |
| ੧੫ | ਆਤਮ ਤ੍ਰਿਖਾ ਤਾਂ ਮਿਟੇ . . . . . . . . . . | ੬ |
| ੧੬ | ਆਤਮ ਦੁਖੀਆਂ ਤਰਸ ਕਰ . . . . . . . . | ੬ |
| ੧੭ | ਆਤਮ ਬੁੱਧ ਆਪ ਪ੍ਰਭ ਮਾਰੀ . . . . . . . | ੬ |
| ੧੮ | ਆਤਮ ਰੋਵੇ ਧਾਹਾਂ ਮਾਰਦੀ . . . . . . . . | ੬ |
| ੧੯ | ਆਤਮ ਕਹੇ ਮੇਰਾ ਲੱਖ ਚੁਰਾਸੀ ਨਾਤਾ, . . | ੭ |
| ੨੦ | ਆਤਮ ਧਾਰ ਮਿਲਿਆ ਸੁਖ . . . . . . . . | ੮ |
| ੨੧ | ਆਤਮ ਤੇਰੀ ਸਦ ਸੁਹਾਗਣ . . . . . . . | ੮ |
| ੨੨ | ਆਤਮ ਤੀਰਥ ਕਰ ਅਸ਼ਨਾਨ . . . . . . . | ੮ |
| ੨੩ | ਆਤਮ ਬਖ਼ਸ਼ੇ ਪ੍ਰਭ ਸਚ ਚਰਨ ਪ੍ਰੀਤੀ . . | ੮ |
| ੨੪ | ਅੰਦਰ ਵੇਖ ਵਿਚਾਰੋ . . . . . . . . . . . . | ੯ |
| ੨੫ | ਆਤਮ ਮੰਗੇ ਮਿਹਰ ਦਾਨ . . . . . . . . | ੯ |
| ੨੬ | ਆਦਿ ਜੁਗਾਦਿ ਭਗਤਨ ਸੰਗ . . . . . . | .੯ |
| ੨੭ | ਆਪ ਸੁਵਾਰੇ ਗੁਰਸਿਖ ਕਾਜ . . . . . . . . | ੧੦ |
| ੨੮ | ਆਪਣੇ ਰੰਗ ਰੰਗ ਲੈ ਪ੍ਰਭ . . . . . . . . | ੧੦ |
| ੨੯ | ਅੰਮ੍ਰਿਤ ਪੀ ਆਤਮ ਤ੍ਰਿਪਤਾਓ . . . . . . . | ੧੧ |
| ੩੦ | ਅੰਮ੍ਰਿਤ ਬੂੰਦ ਮੁਖ ਚੁਆਓ . . . . . . . . . | ੧੧ |
| ੩੧ | ਅੰਮ੍ਰਿਤ ਵੇਲਾ ਹਰਿ ਗੁਣ ਗਾਵਣਾ . . . . . | ੧੧ |
| ੩੨ | ਅੰਮ੍ਰਿਤ ਵੇਲੇ ਜਾਗ ਨਿਮਾਣੀ . . . . . . . . | ੧੧ |
| ੩੩ | ਅੰਮ੍ਰਿਤ ਸੀਰ ਪੀਂਦੇ ਜਾਣਾ, . . . . . . . . | ੧੨ |
| ੩੪ | ਅੰਮ੍ਰਿਤ ਬਾਣੀ ਹਰਿ ਕਾ ਨਾਉਂ . . . . . . . | ੧੨ |
| ੩੫ | ਇਕੋ ਧਿਆਨ ਹਰਿ ਨਿਰੰਕਾਰਾ . . . . . . | ੧੩ |
| ੩੬ | ਈਸ਼ਰ ਵਾਕ ਜਗਤ ਭਏ ਬਾਣੀ . . . . . . | ੧੩ |
| ੩੭ | ਏਕਾ ਹੱਟ ਹਰਿ ਆਪ ਲਗਾਈ . . . . . . | ੧੩ |
| ੩੮ | ਏਕਾ ਤੀਰਥ ਆਤਮ ਜਾਣ . . . . . . . . . | ੧੩ |
| ੩੯ | ਏਕਾ ਧਾਮ ਰਾਜਾ ਰਾਜਾਨ . . . . . . . . . | ੧੪ |

| ਸ਼ਬਦ ਨੰ੦ | | ਪੰਨਾ ਨੰ੦ |
|---|---|---|
| ੪੦ | ਏਕਾ ਰਾਖੋ ਹਰਿ ਕੀ ਸਰਨਾ . . . . . . . . | ੧੪ |
| ੪੧ | ਇਕੋ ਧਿਆਨ ਹਰਿ ਨਿਰੰਕਾਰ . . . . | ੧੪ |
| ੪੨ | ਏਕਾ ਰੱਖਣਾ ਚਰਨ ਧਿਆਨ . . . . . . . | ੧੪ |
| ੪੩ | ਸਚ ਇਸ਼ਨਾਨ ਪ੍ਰਭੂ ਦੀ ਪ੍ਰੀਤ . . . . | ੧੫ |
| ੪੪ | ਸੱਜਣ ਸੁਹੇਲਾ ਆਪੇ ਆਪ . . . . . . . . . . | ੧੫ |
| ੪੫ | ਸੱਜਣ ਸੰਤ ਪਿਆਰੇ ਖ਼ੁਸ਼ੀ ਮਨਾਉਂਦੇ . . . . | ੧੫ |
| ੪੬ | ਸਚ ਘਰ ਸਚ ਅਰਦਾਸਾ . . . . . . . . . | ੧੬ |
| ੪੭ | ਸਚ ਸ਼ਬਦ ਜਨ ਮੰਗੇ ਮੰਗ . . . . . . . . | ੧੬ |
| ੪੮ | ਸਚ ਦੀਪਕ ਹਿਰਦੇ ਬਾਲਦੇ . . . . . . . . | ੧੬ |
| ੪੯ | ਸਚ ਪ੍ਰਭ ਸਚ ਦਰਬਾਰਾ . . . . . . . . . . | ੧੬ |
| ੫੦ | ਸਚਖੰਡ ਪ੍ਰਭ ਵਸੇ ਆਪ . . . . . . . . . . | ੧੭ |
| ੫੧ | ਸਚ ਸਰਨ ਦੀ ਸਦਾ ਲੋੜ . . . . . . . . | ੧੭ |
| ੫੨ | ਸਚ ਪਿਆਰ ਕਰੇ ਭਗਵੰਤ . . . . . . . . . . | ੧੭ |
| ੫੩ | ਸਾਚਾ ਨਾਮ ਹਰਿ ਕੀ ਮਿਹਰ, . . . . . . . . | .੧੮ |
| ੫੪ | ਸਚਾ ਧੰਦਾ ਹਰਿ ਕੀ ਸੇਵਾ, . . . . . . . . | .੧੮ |
| ੫੫ | ਸਾਚਾ ਧਰਮ ਧਰਮ ਪਿਆਰ, . . . . . . . . | ੧੯ |
| ੫੬ | ਸਾਹਿਬ ਸਤਿਗੁਰ ਰੰਗ ਚੋਲੀ, . . . . . . . . | ੧੯ |
| ੫੭ | ਸਾਹਿਬ ਸਤਿਗੁਰ ਰੰਗਦੇ ਤਨ, . . . . . . . . | ੨੦ |
| ੫੮ | ਸਾਹਿਬ ਸਤਿਗੁਰ ਤਾਰਦਾ, . . . . . . . . . | ੨੧ |
| ੫੯ | ਸਾਹਿਬ ਸਤਿਗੁਰ ਦੁਖ ਕਟਦਾ, . . . . . . . . | ੨੧ |
| ੬੦ | ਸਾਹਿਬ ਸਤਿਗੁਰ ਵੇਖਦਾ, . . . . . . . . . | ੨੧ |
| ੬੧ | ਸਾਹਿਬ ਸਤਿਗੁਰ ਤੱਕਦਾ, . . . . . . . . . | ੨੨ |
| ੬੨ | ਸਾਹਿਬ ਸਤਿਗੁਰ ਲੋਚਦਾ, . . . . . . . . . | ੨੨ |
| ੬੩ | ਸਾਹਿਬ ਸਤਿਗੁਰ ਭਾਖਦਾ, . . . . . . . . . | ੨੩ |
| ੬੪ | ਸਤਿ ਕਹੇ ਪ੍ਰਭ ਬਖ਼ਸ਼ ਜੋਤ, . . . . . . . . . | ੨੩ |
| ੬੫ | ਸਤਿ ਕਹੇ ਮੇਰੇ ਸਾਹਿਬ ਸਤਿਸੰਗੀ . . . . . | ੨੪ |
| ੬੬ | ਸਤਿ ਕਹੇ ਪ੍ਰਭ ਸਾਚੀ ਦੇ ਦੇ ਸਿਖਿਆ . . | ੨੫ |
| ੬੭ | ਸਤਿ ਕਹੇ ਪ੍ਰਭ ਮੈਂ ਮੰਗਾਂ ਦਰ ਹਜ਼ੂਰ . . . | ੨੫ |
| ੬੮ | ਸੰਤ ਸੁਹੇਲੇ ਉਠ ਉਠ ਜਾਗ . . . . . . . | ੨੬ |
| ੬੯ | ਸੰਤ ਜਨਾਂ ਹਰਿ ਰਸ ਮਾਣਿਆਂ . . . . . . | ੨੭ |
| ੭੦ | ਸੰਤ ਜਨਾਂ ਹਰਿ ਕਾਜ ਸੁਵਾਰੇ . . . . . . . | ੨੭ |
| ੭੧ | ਸੰਤ ਮਨੀ ਸਿੰਘ ਉਚ ਪੁਕਾਰੇ . . . . . . . | ੨੭ |
| ੭੨ | ਸੰਤ ਮਨੀ ਸਿੰਘ ਕਰਮ ਕਮਾਇਆ . . . . | ੨੭ |
| ੭੩ | ਸਤਿਗੁਰ ਸ਼ਬਦ ਕਹੇ ਮੈਂ ਕਰਾਵਾਂ ਚੇਤਾ . | ੨੮ |
| ੭੪ | ਸਤਿਗੁਰ ਕਹੇ ਪ੍ਰਭ ਤੇਰਾ ਹੋਵੇ ਇਕੋ ਗੀਤ . | ੨੮ |
| ੭੫ | ਸਤਿਗੁਰ ਸ਼ਬਦ ਸ਼ਬਦ ਗੁਰ ਪੂਰਨ . . . . | ੩੦ |
| ੭੬ | ਸਤਿਗੁਰ ਸ਼ਬਦ ਕਹੇ . . . . . . . . . . . | ੩੦ |
| ੭੭ | ਸਤਿਗੁਰ ਸੋ ਜੋ ਵਿਛੜਿਆਂ ਜੋੜੇ, . . . . . | ੩੧ |
| ੭੮ | ਸਤਿਗੁਰ ਕੀਤੀ ਬੁੱਧ ਬਿਬੇਕ . . . . . . . . | ੩੧ |
| ੭੯ | ਸਤਿਗੁਰ ਸੱਜਣ ਪੂਰਾ ਮੀਤ . . . . . . . | ੩੨ |

| ਸ਼ਬਦ ਨੰ੦ | | ਪੰਨਾ ਨੰ੦ |
|---|---|---|
| ੮੦ | ਸਤਿਗੁਰ ਤੇਰਾ ਸਾਚਾ ਦਰਸ, . . . . . . . . . | ੩੨ |
| ੮੧ | ਸਤਿਗੁਰ ਸਾਚਾ ਧੁਰ ਦਾ ਸੱਜਣ . . . . . . | ੩੨ |
| ੮੨ | ਸਤਿਗੁਰ ਸ਼ਬਦ ਕਰੇ ਮਿਹਰਵਾਨੀ . . . . . | ੩੨ |
| ੮੩ | ਸਤਿਗੁਰ ਸਚ ਮਲਾਹ ਹੈ, . . . . . . . . . . | ੩੩ |
| ੮੪ | ਸਤਿਗੁਰ ਪੂਰਾ ਕਰੇ ਤਰਸ, . . . . . . . . . | ੩੩ |
| ੮੫ | ਸਤਿਗੁਰ ਤੇਰੀ ਸਾਚੀ ਓਟ, . . . . . . . . . | ੩੩ |
| ੮੬ | ਸਤਿਜੁਗ ਨੂਰ ਭਗਤਨ ਰੰਗ, . . . . . . . . | ੩੪ |
| ੮੭ | ਸਤਿਜੁਗ ਪ੍ਰਭ ਹੱਥ ਤੇਰੀ ਡੋਰ . . . . . . . | ੩੪ |
| ੮੮ | ਸਤਿਗੁਰ ਪੂਰਾ ਰੱਖੇ ਪਤ, . . . . . . . . . . | ੩੪ |
| ੮੯ | ਸਦਾ ਸਹਾਈ ਆਪੇ ਹੋਏ . . . . . . . . . . | ੩੫ |
| ੯੦ | ਸਦ ਸੰਗ ਪ੍ਰਭ ਸਦਾ ਸਹਾਈ . . . . . . . . | ੩੫ |
| ੯੧ | ਸਦੀ ਚੌਧਵੀਂ ਕਹੇ . . . . . . . . . . . . . . | ੩੫ |
| ੯੨ | ਸਰਬ ਸੁਖ ਗੁਰ ਚਰਨ ਪਿਆਰ . . . . . . | ੩੬ |
| ੯੩ | ਸਰਬ ਕਲਾ ਪ੍ਰਭੂ ਭਰਪੂਰ . . . . . . . . . . | ੩੬ |
| ੯੪ | ਸਰਬ ਜਨਾਂ ਪ੍ਰਭ ਆਸਾ ਪੂਰ . . . . . | ੩੬ |
| ੯੫ | ਸਰਨ ਆਏ ਜਨ ਹੋਏ ਨਿਮਾਣਾ . . . . . . | ੩੬ |
| ੯੬ | ਸ਼ਬਦ ਡੰਕ ਹਰਿ ਆਪ ਵਜਾਏ . . . . . . | ੩੬ |
| ੯੭ | ਸ਼ਬਦ ਘੋੜੀ ਹਰਿ ਆਪ ਚੜ੍ਹਾਇਆ . . . | ੩੭ |
| ੯੮ | ਸ਼ਬਦ ਚੋਲਾ ਤਨ ਸ਼ਿੰਗਾਰੇ, . . . . . . . . . | ੩੭ |
| ੯੯ | ਸ਼ਬਦ ਵਪਾਰੀ ਜਨ ਕੋਇ . . . . . . . . . . | ੩੭ |
| ੧੦੦ | ਸ਼ਬਦ ਸੁਣਾਏ ਤੁਹਾਡਾ ਬਾਪੂ . . . . . . . . . | ੩੮ |
| ੧੦੧ | ਸ਼ਬਦ ਮੇਰਾ ਇਹ ਨਿਰਾਲਾ . . . . . . . . . | ੩੮ |
| ੧੦੨ | ਸ਼ਬਦ ਨਾਦ ਹਰਿ ਵੱਜਿਆ, . . . . . . . . . | ੩੮ |
| ੧੦੩ | ਸਭ ਤੇ ਵੱਡਾ ਪ੍ਰਭ ਦਾ ਦਰ . . . . . . . . . | ੩੯ |
| ੧੦੪ | ਸਵਰਨ ਸਿੰਘ ਤਾਰਿਆ ਪ੍ਰਭ ਆਪ ਹਰੀ . | ੩੯ |
| ੧੦੫ | ਸਰਬ ਥਾਏਂ ਪ੍ਰਭ ਇਕੋ ਰੰਗੋ . . . . . . . . | ੪੦ |
| ੧੦੬ | ਸ਼ਰਨ ਪ੍ਰਭ ਕੀ ਕੋਈ ਵਿਰਲਾ ਲੋੜੇ . . . | ੪੦ |
| ੧੦੭ | ਸੱਚਾ ਗੁਰ ਸਚ ਨਿਸਾਣੋ . . . . . . . . . . . | ੪੦ |
| ੧੦੮ | ਸਾਚਾ ਹੁਕਮ ਸ਼ਬਦ ਫ਼ਰਮਾਣ . . . . . . . | ੪੧ |
| ੧੦੯ | ਸਾਚਾ ਗੁਰ ਸਦਾ ਉਪਦੇਸੇ . . . . . . . . . . | ੪੧ |
| ੧੧੦ | ਸਾਚਾ ਘਰ ਤੇਰਾ ਵਸੇ ਗੁਰਸਿਖ . . . . . . | ੪੧ |
| ੧੧੧ | ਸਾਚਾ ਸ਼ਬਦ ਸੁਣੇ ਜੋ ਕਾਨਾ . . . . . . . . | ੪੧ |
| ੧੧੨ | ਸਾਚਾ ਸ਼ਬਦ ਗੁਰਸਿਖ ਕਮਾਵੇ . . . . . . | ੪੨ |
| ੧੧੩ | ਸਾਚਾ ਸ਼ਬਦ ਜੀਵ ਵਿਚਾਰੋ . . . . . . . . . | ੪੨ |
| ੧੧੪ | ਸਾਚਾ ਸ਼ਬਦ ਜਨ ਕਮਾਓ . . . . . . . . . . | ੪੨ |
| ੧੧੫ | ਸਾਚਾ ਸ਼ਬਦ ਜੋ ਜਨ ਮੰਨੇ . . . . . . . . . | ੪੨ |
| ੧੧੬ | ਸਾਚਾ ਸ਼ਬਦ ਨਿਸ਼ਾਨ . . . . . . . . . . . . | ੪੩ |
| ੧੧੭ | ਸਾਚਾ ਪ੍ਰਭ ਸਾਚਾ ਮੀਤ . . . . . . . . . . . | ੪੩ |
| ੧੧੮ | ਸਾਚਾ ਪ੍ਰਭ ਸਦਾ ਸਹਾਇਕ . . . . . . . . | ੪੪ |

੧੧੯ ਸਾਚਾ ਪ੍ਰਭ ਸਦਾ ਸੰਗ ਸਾਥ . . . . . . . . ੪੪
੧੨੦ ਸਾਚਾ ਪ੍ਰਭ ਸਚ ਘਰ ਪਾਓ . . . . . . . . ੪੪
੧੨੧ ਸਾਚਾ ਪ੍ਰਭ ਆਪ ਕਰਤਾਰ . . . . . . . . . ੪੪
੧੨੨ ਸਾਚਾ ਪ੍ਰਭ ਸਰਬ ਸੁਖ ਦੇਵਾ . . . . . . . ੪੪
੧੨੩ ਸਾਚਾ ਪ੍ਰਭ ਸਦਾ ਰਸ ਭੀਨਾ . . . . . . . . ੪੫
੧੨੪ ਸਾਚਾ ਪ੍ਰਭ ਸਤਿ ਕਰ ਮੰਨਣਾ . . . . . . . ੪੫
੧੨੫ ਸਾਚਾ ਪ੍ਰਭ ਰਸਨਾ ਗਾਓ . . . . . . . . . ੪੫
੧੨੬ ਸਾਚਾ ਪ੍ਰਭ ਲਾਜਾਵੰਤ . . . . . . . . . . . ੪੫
੧੨੭ ਸਾਚਾ ਜੋਗ ਗੁਰ ਕੀ ਸੇਵ . . . . . . . . . ੪੫
੧੨੮ ਸਾਚਾ ਜੋਗ ਚਰਨ ਧਿਆਨ . . . . . . . . ੪੬
੧੨੯ ਸਾਚਾ ਜੋਗ ਜਨ ਕਮਾਏ . . . . . . . . . . ੪੬
੧੩੦ ਸਾਚਾ ਜੋਗ ਪ੍ਰਭ ਰਸਨ ਗਾਇਆ . . . . . . ੪੬
੧੩੧ ਸਾਚਾ ਤੀਰਥ ਚਰਨੀ ਨੁਹਾਵਣਾ . . . . . . ੪੬
੧੩੨ ਸਾਚਾ ਧਾਮ ਪ੍ਰਭ ਚਰਨ ਨਿਵਾਸ . . . . . . ੪੭
੧੩੩ ਸਾਚਾ ਨਾਉਂ ਉਤਮ ਥਾਉਂ, . . . . . . . . . ੪੭
੧੩੪ ਸਾਚਾ ਨਾਦ ਪ੍ਰਭ ਵਜਾਏ . . . . . . . . . . ੪੭
੧੩੫ ਸਾਚਾ ਨਾਮ ਰਸਨਾ ਗਾਓ . . . . . . . . . ੪੭
੧੩੬ ਸਾਚਾ ਨਾਉਂ ਰਸਨਾ ਗਾਉਣਾ . . . . . . . . ੪੮
੧੩੭ ਸਾਚਾ ਨਾਮ ਪ੍ਰਭ ਦੇਵੇ ਦਾਨ . . . . . . . . ੪੮
੧੩੮ ਸਾਚਾ ਨਾਮ ਰਿਦੇ ਵਸਾਓ . . . . . . . . . ੪੮
੧੩੯ ਸਾਚਾ ਬਚਨ ਸਤਿ ਕਰ ਪਾਲ . . . . . . . ੪੯
੧੪੦ ਸਾਚਾ ਮੰਤਰ ਪ੍ਰਭ ਕਾ ਏਕ, . . . . . . . . ੪੯
੧੪੧ ਸਾਚਾ ਰੋਗ ਕਿਵੇਂ ਗਵਾਈ ਦਾ . . . . . . ੪੯
੧੪੨ ਸਾਚਾ ਰੋਗ ਗੁਰ ਦਰ ਗਵਾਈਏ . . . . . ੫੦
੧੪੩ ਸਾਚਾ ਵਣਜ ਕਰ, . . . . . . . . . . . . . ੫੦
੧੪੪ ਸਾਚੀ ਸੁਣ ਪੁਕਾਰ . . . . . . . . . . . . . ੫੧
੧੪੫ ਸਾਚੀ ਸੇਵ ਜਿਸ ਜਿਨ ਕਮਾਈ . . . . . . ੫੧
੧੪੬ ਸਾਚੀ ਸਿਖਿਆ ਸਿਖ ਵਿਚਾਰ, . . . . . . . ੫੨
੧੪੭ ਸਾਚੀ ਜੋਤ ਆਪ ਜਗਾਏ . . . . . . . . . ੫੨
੧੪੮ ਸਾਚੀ ਜੋਤ ਕਰੇ ਆਕਾਰ . . . . . . . . . ੫੨
੧੪੯ ਸਾਚੀ ਦੇਵੇ ਨਾਮ ਦਵਾਈ . . . . . . . . . ੫੨
੧੫੦ ਸਾਚੀ ਦਾਤ ਪ੍ਰਭ ਪਾਓ . . . . . . . . . . ੫੨
੧੫੧ ਸਾਚੀ ਪ੍ਰੀਤ ਪ੍ਰਭ ਚਰਨ ਲਗਾਓ . . . . . ੫੩
੧੫੨ ਸਾਚੀ ਪਰਖ ਕਰੋ ਗੁਰ ਪੂਰੇ . . . . . . . . ੫੩
੧੫੩ ਪ੍ਰਭ ਦਰ ਮੰਗੋ ਸਾਚੀ ਮੰਗ . . . . . . . . ੫੩
੧੫੪ ਸਾਚੀ ਸਿੱਖ ਦਇਆ ਕਮਾਏ . . . . . . . ੫੩
੧੫੫ ਸਾਚੇ ਸੰਤ ਪੱਲਾ ਫਿਰਾਇਆ . . . . . . . ੫੪
੧੫੬ ਸਾਚੇ ਪ੍ਰਭ ਸ਼ਬਦ ਲਿਖਾਇਆ . . . . . . . ੫੪
੧੫੭ ਸਾਚੇ ਪ੍ਰਭ ਤੇਰੀ ਸਤਿ ਵਡਿਆਈ . . . . . ੫੪
੧੫੮ ਸਾਚੇ ਲੰਗਰ ਭੋਜਨ ਪਾਓ . . . . . . . . . ੫੪
੧੫੯ ਸਾਧ ਸੰਗਤ ਦਰ ਪਰਵਾਨ . . . . . . . . ੫੫

੧੬੦ ਸਿਧ ਵਕਤ ਸਿੱਖਾ ਦਾ ਆਇਆ . . . . . ੫੫
੧੬੧ ਸਿਮਰੋ ਸਿਮਰ ਸਿਮਰ ਪ੍ਰਭ ਰਸਨਾ . . . . . ੫੫
੧੬੨ ਸ਼ਿਵ ਸ਼ੰਕਰ ਦਰ ਦਏ ਦੁਹਾਈ . . . . . . ੫੬
੧੬੩ ਸੀਤਲ ਕਾਇਆ ਹੋਈ, . . . . . . . . . . ੫੬
੧੬੪ ਸੁੱਖਣਾ ਹਰਿ ਜੀ ਆਵੇ . . . . . . . . . . ੫੬
੧੬੫ ਸੁਣ ਪੁਕਾਰ ਪ੍ਰਭ ਗਿਰਧਾਰ . . . . . . . . ੫੭
੧੬੬ ਸੁਰਤ ਨਿਮਾਣੀ ਹੋਈ ਬੌਰਾਣੀ . . . . . . . ੫੭
੧੬੭ ਸੋ ਕਿਉਂ ਡਰੇ, . . . . . . . . . . . . . . . ੫੭
੧੬੮ ਸੋ ਪੁਰਖ ਪ੍ਰਭ ਆਪੇ ਆਪ . . . . . . ੫੮
੧੬੯ ਸੋ ਸਾਹਿਬ ਸੱਚਾ ਕੁਲਵੰਤਾ, . . . . . . ੫੮
੧੭੦ ਸੋ ਦਿਆਲ ਸੋ ਕਿਰਪਾਲ, . . . . . . ੫੯
੧੭੧ ਸੋਹਣਾ ਦਿਸੇ ਤੇਰਾ ਬਾਣਾ . . . . . . . . . ੫੯
੧੭੨ ਸੋਹੰ ਸ਼ਬਦ ਅਜਪਾ ਜਾਪ . . . . . . . . . ੫੯
੧੭੩ ਸੋਹੰ ਸ਼ਬਦ ਸਰਬ ਗੁਣ ਭਰਿਆ . . . . . . ੬੦
੧੭੪ ਸੋਹੰ ਸ਼ਬਦ ਸੁਣ ਕਲਜੁਗ ਜੀਵ ਅੰਧੇ . . . ੬੦
੧੭੫ ਸੋਹੰ ਸ਼ਬਦ ਜਗਤ ਪ੍ਰਵੇਸ਼ . . . . . . . . . ੬੦
੧੭੬ ਸੋਹੰ ਸ਼ਬਦ ਜਗਤ ਪ੍ਰਕਾਸ਼ੇ . . . . . . . . . ੬੦
੧੭੭ ਸੋਹੰ ਸ਼ਬਦ ਦਾ ਮਨ ਧਰ ਧਿਆਨ . . . . . ੬੦
੧੭੮ ਸੋਹੰ ਸ਼ਬਦ ਰਸਨਾ ਗਾਓ . . . . . . . . . ੬੧
੧੭੯ ਸੋਹੰ ਸ਼ਬਦ ਰਸਨਾ ਰਸ ਗੀਤ . . . . . . . ੬੧
੧੮੦ ਸੋਹੰ ਸ਼ਬਦ ਵਡ ਵਡਿਆਈ . . . . . . . . ੬੧
੧੮੧ ਸੋਹੰ ਸ਼ਬਦ ਪ੍ਰਭ ਆਪ ਲਿਖਵਾਇਆ . . . . ੬੨
੧੮੨ ਸੋਹੰ ਸ਼ਬਦ ਉਤਮ ਗਿਆਨ . . . . . . . . ੬੨
੧੮੩ ਸੋਹੰ ਸ਼ਬਦ ਨਾਮ ਅਨਮੋਲਾ . . . . . . . . ੬੩
੧੮੪ ਸੋਹੰ ਸ਼ਬਦ ਪ੍ਰਭ ਦੇਵੇ ਦਾਤ . . . . . . . . ੬੩
੧੮੫ ਸੋਹੰ ਸਾਚਾ ਸ਼ਬਦ ਚਲਾਇਆ . . . . . . . ੬੩
੧੮੬ ਸੋਹੰ ਸਾਚਾ ਸ਼ਬਦ ਚਲਾਇਆ . . . . . . . ੬੩
੧੮੭ ਸੋਹੰ ਸਾਚਾ ਸ਼ਬਦ ਚਲਾਇਆ . . . . . . . . ੬੪
੧੮੮ ਸੋਹੰ ਨਾਮ ਸਦਾ ਖ਼ੁਮਾਰੀ . . . . . . . . . ੬੪
੧੮੯ ਸੋਹੰ ਨਾਮ ਤੇਰੀ ਵਡਿਆਈ . . . . . . . . ੬੪
੧੯੦ ਸੋਹੰ ਸਾਚਾ ਰਸਨਾ ਜਾਪ . . . . . . . . . . ੬੪
੧੯੧ ਸੋਹੰ ਚੋਗ ਮਾਣਕ ਮੋਤੀ . . . . . . . . . . ੬੫
੧੯੨ ਸੋਹੰ ਚਲੇ ਸਵਾਸ ਸਵਾਸਾ . . . . . . . . . ੬੫
੧੯੩ ਸੋਹੰ ਜਪਾਏ ਸਾਚਾ ਜਾਪ . . . . . . . . . . ੬੫
੧੯੪ ਸੋਹੰ ਤੇਰੀ ਜੈ ਜੈਕਾਰ . . . . . . . . . . . ੬੫
੧੯੫ ਸੋਹੰ ਤੇਰੀ ਜੈ ਜੈ ਜੈਕਾਰ . . . . . . . . . ੬੬
੧੯੬ ਸੋਹੰ ਦਾਤ ਗੁਰ ਦਰ ਤੇ ਪਾਈ . . . . . . ੬੬
੧੯੭ ਸੋਹੰ ਨਾਮ ਆਪੇ ਦੀਆ . . . . . . . . . . ੬੬
੧੯੮ ਸੋਹੇ ਬੰਕ ਦੁਵਾਰ ਚਰਨ ਛੁਹਾਇਆ . . . . ੬੬
੧੯੯ ਸੇਵਾ ਸੰਗਤ ਨਾ ਜਾਵੇ ਖ਼ਾਲੀ . . . . . . . ੬੭
੨੦੦ ਸਿਮਰੋ ਸਿਮਰ ਸਿਮਰ ਸੁਖ ਪਾਵੋ . . . . . . ੬੭

੨੦੧ ਸਿਮਰੋ ਸਿਮਰ ਸਿਮਰ ਸੁਖ ਪਾਵੋ . . . . . . ੬੮
੨੦੨ ਹਰਿ ਸੰਤ ਹਰਿ ਰੰਗ ਵੇਖ . . . . . . . . . . ੬੮
੨੦੩ ਹਰਿ ਸਤਿਗੁਰ ਸਾਚਾ ਮੀਤੜਾ . . . . . . . . ੬੮
੨੦੪ ਹਰਿ ਸੰਗਤ ਤੇਰੇ ਦਰਸ਼ਨ ਨੂੰ . . . . . . . ੬੯
੨੦੫ ਹਰਿ ਸੰਗਤ ਹਰਿ ਸਮਾਇਆ . . . . . . . . . ੭੧
੨੦੬ ਹਰਿ ਸੰਗਤ ਉਠ ਨੇਤਰ ਖੋਲ੍ਹ . . . . . . . . ੭੨
੨੦੭ ਹਰਿ ਸਾਚਾ ਨਹੀਂ ਭੁਲਾਵਣਾ . . . . . . . . . ੭੨
੨੦੮ ਹਰਿ ਕੀ ਜੋਤ ਹਰਿ ਮੰਦਰ ਆਈ . . . . ੭੨
੨੦੯ ਹਰਿ ਕਿਰਪਾ ਹਰਿ ਜਾਨਿਆ . . . . . . . . . ੭੩
੨੧੦ ਹਰਿਜਨ ਗਲ ਪਾਏ ਗਲਵਕੜੀ . . . . . ੭੪
੨੧੧ ਹਰਿਜਨ ਸਚਾ ਜਾਗਿਆ, . . . . . ੭੩
੨੧੨ ਹਰਿ ਜੋਤੀ ਨੂਰ ਅਪਾਰ, . . . . . . . . . . . ੭੪
੨੧੩ ਹੋਇਆ ਵਿਆਹ ਰਚਿਆ ਕਾਜ . . . . . . ੭੪
੨੧੪ ਹਿਰਦੇ ਵਸਿਆ ਪ੍ਰਭ ਅਬਿਨਾਸ਼ੀ . . . . . . ੭੪
੨੧੫ ਕਰ ਪ੍ਰੀਤੀ ਗੁਰਚਰਨ ਜੀਵ, . . . . . . . . ੭੫
੨੧੬ ਕਿਰਪਾ ਕਰ ਕਿਰਪਾ ਕਰ ਕਿਰਪਾ ਕਰ . . ੭੫
੨੧੭ ਕਿਰਪਾ ਕਰ ਪਾਰ ਲੰਘਾਏ . . . . . . . . . . ੭੫
੨੧੮ ਕਲਜੁਗ ਉਤਮ . . . . . . . . . . . . . . . ੭੫
੨੧੯ ਕਲਜੁਗ ਜੀਵ ਉਠ ਜਾਗ . . . . . . . . . . ੭੬
੨੨੦ ਕਲਜੁਗ ਜੀਵ ਨਾ ਹੋਏ ਧਿਆਨ . . . . . ੭੬
੨੨੧ ਕਲਜੁਗ ਜੋਤ ਈਸ਼ਰ ਪ੍ਰਗਟਾਈ . . . . . . ੭੬
੨੨੨ ਕਲਜੁਗ ਪ੍ਰਗਟਿਆ ਨਰ ਅਵਤਾਰ . . . . . ੭੭
੨੨੩ ਕਲਜੁਗ ਪਾਪੀ ਜਗਤ ਵਛਾਇਆ ਜਾਲ . . ੭੭
੨੨੪ ਕਲਜੁਗ ਭਾਣਾ ਭਰਮ ਭੁਲਾਇੰਦਾ . . . . . ੭੮
੨੨੫ ਕਲਜੁਗ ਵਕਤ ਸੁਹਾ ਗਿਆ, . . . . . . . . ੭੮
੨੨੬ ਕਾਇਆ ਅਕਾਰੀ ਜੋਤ ਪਸਾਰੀ . . . . . . ੭੯
੨੨੭ ਕਾਇਆ ਮੰਦਰ ਭਗਤ ਦੁਵਾਰ . . . . . . . . ੭੯
੨੨੮ ਕਰ ਦਰਸ ਮਨ ਭਾਏ ਅਨੰਦਾ . . . . . . ੭੯
੨੨੯ ਖੁਲ੍ਹਿਆ ਹੱਟ ਸੱਚੀ ਸਰਕਾਰ ਦਾ . . . . . ੭੯
੨੩੦ ਗੀਤ ਗੋਬਿੰਦ ਗੁਣ ਗਾ, . . . . . . . . . . ੮੦
੨੩੧ ਗੁਰ ਅਵਤਾਰ ਪੈਗ਼ੰਬਰ ਕਹਿਣ . . . . . . ੮੦
੨੩੨ ਗੁਰ ਅਵਤਾਰ ਪੈਗ਼ੰਬਰ ਕਹਿਣ,
ਸਾਡੀ ਕੂੰਜ ਵਾਲੀ ਪੁਕਾਰ . . . . . . . . . ੮੧
੨੩੩ ਗੁਰ ਅਵਤਾਰ ਪੈਗ਼ੰਬਰ ਕਹਿਣ,
ਹਉਂ ਦਰ ਤੇਰੇ ਦੇ ਮੰਗਤੇ . . . . . . . . . ੮੧
੨੩੪ ਗੁਰ ਅਵਤਾਰ ਪੀਰ ਕਹਿਣ . . . . . . . . . . ੮੨
੨੩੫ ਗੁਰ ਅਵਤਾਰ ਪੈਗ਼ੰਬਰ ਕਹਿਣ
ਦਰ ਠਾਂਡੇ ਤੇਰੇ ਝੁਕਦੇ . . . . . . . . . . . ੮੩
੨੩੬ ਗੁਰ ਅਵਤਾਰ ਪੈਗ਼ੰਬਰ ਮੰਗਾਂ ਰਹੇ ਮੰਗ ੮੪
੨੩੭ ਗੁਰ ਸੰਗਤ ਸੇਵਾ ਜਿਸ ਕਮਾਈ . . . . . . ੮੫
੨੩੮ ਗੁਰ ਸੰਗਤ ਖ਼ੁਸ਼ੀ ਮਨਾਉਂਦੀ ਜਾਣਾ . . . . ੮੫





੨੩੯ ਗੁਰ ਸੰਗਤ ਤੇਰੀ ਧੰਨ ਕਮਾਈ . . . . . . ੮੫

੨੪੦ ਗੁਰ ਸੰਗਤ ਤੇਰੇ ਮਨ ਵਧਾਈ . . . . . . . ੮੬

੨੪੧ ਗੁਰ ਸੰਗਤ ਦਰ ਸੇਵ ਕਮਾਈ . . . . . . ੮੬

੨੪੨ ਗੁਰ ਸੰਗਤ ਧੰਨ ਕਮਾਈ . . . . . . . . . ੮੬

੨੪੩ ਗੁਰ ਸੰਗਤ ਧੰਨ ਕਮਾਈ . . . . . . ੮੭

੨੪੪ ਗੁਰ ਸੰਗਤ ਪ੍ਰਭ ਸਾਚਾ ਗਾਇਆ . . . . . ੮੭

੨੪੫ ਗੁਰ ਸੰਗਤ ਪ੍ਰਭ ਦੇ ਵਡਿਆਈ . . . . . . ੮੭

੨੪੬ ਗੁਰ ਸੰਗਤ ਮਨ ਚੜ੍ਹਿਆ ਚਾਓ . . . . . . ੮੮

੨੪੭ ਗੁਰ ਸੰਗਤ ਰਸਨਾ ਹਰਿ ਗੁਣ ਗਾ . . . . ੮੮

੨੪੮ ਗੁਰਸਿੱਖ ਸਾਚਾ ਸ਼ਬਦ ਸੁਹਾਗਣ . . . . . . ੮੮

੨੪੯ ਗੁਰਸਿੱਖ ਸਾਚੇ ਗੁਰ ਚਰਨ ਪਿਆਰ . . . . ੮੮

੨੫੦ ਗੁਰਮੁਖਾਂ ਪ੍ਰਭ ਰੰਗ ਚੜ੍ਹਾਏ . . . . ੮੮

੨੫੧ ਗੁਰਮੁਖਾਂ ਪ੍ਰਭ ਧੀਰ ਧਰਾਏ. . . . . . . . ੮੯

੨੫੨ ਗੁਰਸਿਖਾਂ ਤਾਰਨ ਆ ਗਿਆ, . . . . . . ੮੯

੨੫੩ ਘਰ ਬਹਿਣਾ ਦਰਸ਼ਨ ਨੈਣਾਂ, . . . . . . ੯੦

੨੫੪ ਗੁਰਮੁਖ ਸਾਚੇ ਮਾਣ ਰਖਾਵੇ, . . . . . . ੯੧

੨੫੫ ਗੁਰਸਿੱਖ ਤੇਰੀ ਆਤਮ ਗਾਂਦੀ . . . . . . . ੯੧

੨੫੬ ਗੁਰਸਿੱਖ ਗੁਰ ਆਪ ਸਹਾਰਾ . . . . . . . . ੯੧

੨੫੭ ਗੁਰਸਿੱਖ ਗੁਰ ਮਿਲੋ ਕਰ ਹੀਆ . . . . . . ੯੨

੨੫੮ ਗੁਰਸਿਖ ਮੇਰੇ ਸੱਜਣਾ . . . . . . . . . . . . ੯੨

੨੫੯ ਗੁਰਸਿਖ ਮੰਗ ਦਰਸ ਦਾਨ . . . . . . . . . ੯੨

੨੬੦ ਗੁਰਸਿਖ ਮੰਗ ਮਨ ਹਰਿ ਕਾ ਰੰਗ . . . . ੯੨

੨੬੧ ਗੁਰਸਿਖ ਝੂਠ ਕਦੇ ਨਾ ਬੋਲੇ . . . . . . . . ੯੩

੨੬੨ ਗੁਰਸਿਖ ਮੰਗ ਦਰਸ ਦਾਨ . . . . . . . . ੯੩

੨੬੩ ਗੁਰਸਿਖ ਤੇਰਾ ਕਾਜ ਸੁਵਾਰਿਆ . . . . . . . ੯੩

੨੬੪ ਗੁਰਸਿੱਖਾਂ ਅੰਮ੍ਰਿਤ ਨਾਮ ਭੰਡਾਰਾ . . . . . . .੯੩

੨੬੫ ਗੁਰਸਿੱਖਾਂ ਸੇਵਾ ਸਾਚੀ ਕੀਤੀ . . . . . . . . ੯੩

੨੬੬ ਗੁਰਸਿੱਖਾਂ ਤਾਰਨ ਆ ਗਿਆ . . . . . . . . ੯੪

੨੬੭ ਗੁਰਸਿੱਖਾਂ ਮਨ ਚੜ੍ਹੇ ਚਾਓ . . . . . . . . . ੯੪

੨੬੮ ਗੁਰ ਸਰਨ ਜਗਤ ਵਡਿਆਈ . . . . . . . ੯੪

੨੬੯ ਗੁਰ ਕਾ ਸ਼ਬਦ ਸਰਬ ਗੁਣ . . . . . . . . ੯੫

੨੭੦ ਗੁਰ ਕਾ ਸ਼ਬਦ ਗੁਰਸਿਖ ਤਰਾਏ . . . . . . ੯੫

੨੭੧ ਗੁਰ ਸ਼ਬਦ ਗੁਰ ਦਰ ਪਾਓ . . . . . . . . ੯੫

੨੭੨ ਗੁਰ ਕਾ ਸ਼ਬਦ ਸਚ ਕਮਾਣਾ . . . . . . . ੯੫

੨੭੩ ਗੁਰ ਚਰਨ ਉਪਜੇ ਬ੍ਰਹਮ ਗਿਆਨਾ . . . . ੯੫

੨੭੪ ਗੁਰ ਚਰਨ ਸਿੱਖ ਰੱਖੇ ਓਟ . . . . . . . . ੯੬

੨੭੫ ਗੁਰ ਚਰਨ ਜੋ ਜਨ ਲਾਗਾ . . . . . . . . . ੯੬

੨੭੬ ਗੁਰ ਚਰਨ ਪ੍ਰੀਤੀ ਸਾਚਾ ਜੋਗ . . . . . . . ੯੬

੨੭੭ ਗੁਰ ਚਰਨ ਪ੍ਰੀਤੀ ਸਾਚੀ ਮੰਗ . . . . . . . ੯੬

੨੭੮ ਗੁਰ ਚਰਨ ਪ੍ਰੀਤੀ ਦਰਸ ਅਮੋਘ . . . . . . ੯੬

੨੭੯ ਗੁਰ ਦਰ ਆਓ ਅੰਮ੍ਰਿਤ ਮੁਖ ਚੁਵਾਓ . . . . ੯੭







२੮੦ ਗੁਰ ਪ੍ਰਸਾਦ ਗੁਰ ਪੂਰਾ ਜਾਣਿਆ . . . . . ੯੭
२੮੧ ਗੁਰ ਪ੍ਰਸਾਦ ਭੋਗ ਲਗਾਏ . . . . . . . . . ੯੭
२੮२ ਗੁਰ ਪੂਰਾ ਸਦ ਅਰਾਧਨਾ . . . . . . . . . ੯੭
२੮੩ ਗੁਰ ਪੂਰਾ ਮੈਲ ਕਾਟੇ, ਜਨਮ ਸਵਾਰਦਾ . . ੯੮
२੮੪ ਗੁਰ ਪੂਰਾ ਦਰ ਮੰਗੀਏ . . . . . . . . . . ੯੮
२੮੫ ਗੁਰ ਪੂਰੇ ਕਰੋ ਪ੍ਰਨਾਮ . . . . . . . . . . . ੯੮
२੮੬ ਗੁਰ ਪੂਰਾ ਕਰਮ ਵਿਚਾਰਦਾ . . . . . . . . ੯੯
२੮੭ ਗੁਣ ਗਾਉਣਾ ਗਹਿਰ ਗੰਭੀਰ . . . . . . . ੯੯
२੮੮ ਗੁਰਮੁਖ ਆਓ ਗੁਰ ਦਰ ਆਓ . . . . . . ੯੯
२੮੯ ਗੁਰਮੁਖ ਆਤਮ ਸਦ ਉਜਿਆਰੀ . . . . . . ੯੯
२੯੦ ਗੁਰਮੁਖ ਆਤਮ ਨਿਰਮਲ ਨਿਰਮਲਾ . . . . ੧੦੦
२੯੧ ਗੁਰਮੁਖ ਸਾਚੇ ਸੰਤ ਪਿਆਰੇ . . . . . . . . ੧੦੦
२੯२ ਗੁਰਮੁਖ ਸਾਚੇ ਸਾਚੇ ਫੂਲ . . . . . . . . . ੧੦੦
२੯੩ ਗੁਰਮੁਖ ਹੋਏ ਪ੍ਰਭ ਸ਼ਬਦ ਅਧੀਨ . . . . . ੧੦੦
२੯੪ ਗੁਰਮੁਖ ਰਸਨਾ ਹਰਿ ਗੁਣ ਗਾ . . . . . . ੧੦੦
२੯੫ ਗੁਰਮੁਖ ਸਾਚੇ ਧਾਮ ਨਿਆਰਾ . . . . . . . . ੧੦੧
२੯੬ ਗੁਰਮੁਖ ਸਾਚੇ ਤੇਰਾ ਸਾਚਾ ਘਰ . . . . . ੧੦੧
२੯੭ ਗੁਰਮੁਖ ਮੰਗੇ ਸਾਚੀ ਮੰਗ . . . . . . . . . ੧੦੧
२੯੮ ਗੁਰਮੁਖਾਂ ਕਰੇ ਬੰਦ ਖੁਲਾਸੀ . . . . . . . . ੧੦੧
२੯੯ ਗੁਰਸਿੱਖ ਰਾਜ ਜੋਗ ਸਚ ਲੀਨਾ . . . . . . ੧੦२
੩੦੦ ਗੁਰਮੁਖਾਂ ਹਰਿ ਕਰੇ ਪਿਆਰ . . . . . . . . ੧੦२
੩੦੧ ਗੋਬਿੰਦ ਕਹੇ ਜੇ ਕਰੇਂ ਮਨਜ਼ੂਰ . . . . . . . ੧੦२
੩੦२ ਗੋਬਿੰਦ ਗੋਪਾਲ ਮਦਨ ਮੂਰਤ . . . . . . . ੧੦੩
੩੦੩ ਘਰ ਸੁਵਾਮੀ ਸਹਿਜ ਸੁਖ . . . . . . . . . ੧੦੩
੩੦੪ ਘਰ ਮੰਦਰ ਮਿਲੇ ਠਾਕਰ ਸੁਵਾਮੀ . . . . . ੧੦੪
੩੦੫ ਘਰ ਗ੍ਰਿਹ ਮੰਦਰ ਹੋਇਆ ਪਵਿਤ . . . . . ੧੦੪
੩੦੬ ਘਨਕਪੁਰ ਵਾਸੀ ਕਲ ਤੇਰੀ ਵਡਿਆਈ . . . ੧੦੪
੩੦੭ ਘਨਕਪੁਰੀ ਪ੍ਰਭ ਜਾਮਾ ਪਾਇਆ . . . . . . . ੧੦੫
੩੦੮ ਘਨਕਪੁਰੀ ਪਾਇਆ ਜਾਮਾ . . . . . . . . . . ੧੦੫
੩੦੯ ਘਨਕਪੁਰ ਵਾਸੀ ਤੇਰੀ ਬੇਪਰਵਾਹੀਆ . . . . ੧੦੫
੩੧੦ ਘੜੀ ਵਿਛੋੜਾ ਪਾਈਂ ਨਾ . . . . . . . . . . ੧੦੬
੩੧੧ ਘਰ ਸਾਚਾ ਆਪ ਸੁਹਾ ਦੇ . . . . . . . . . ੧੦੬
੩੧२ ਘਨਕਪੁਰ ਪ੍ਰਭ ਜਾਮਾ ਧਾਰੇ . . . . . . . . . ੧੦੭
੩੧੩ ਚਰਨ ਸੇਵ ਜਿਸ ਜਨ ਕਰਾਏ . . . . . ੧੦੮
੩੧੪ ਚਰਨ ਕਵਲ ਜਨ ਕਰ ਪ੍ਰੀਤ . . . . . . . . ੧੦੮
੩੧੫ ਚਰਨ ਕਵਲ ਜੋ ਜਨ ਆਇਆ . . . . . . . ੧੦੮
੩੧੬ ਚਰਨ ਕਵਲ ਪ੍ਰਭ ਰਾਖੇ ਪ੍ਰੀਤ . . . . . . . ੧੦੮
੩੧੭ ਚਰਨ ਧੂੜ ਮਸਤਕ ਲਾਓ . . . . . . . . . ੧੦੯
੩੧੮ ਚਰਨ ਧੂੜ ਮਸਤਕ ਲਾਓ
ਪੂਰਬ ਲਹਿਣਾ ਪ੍ਰਭ ਦਰ ਪਾਓ . . . . . . ੧੦੯
੩੧੯ ਚਰਨ ਧੂੜੀ ਸਾਚੀ ਨਹਾਓ . . . . . . . . . ੧੦੯

੩੨੦ ਚਰਨ ਪਿਆਰ ਦੇਵੇ ਤਾਰ .......... ੧੦੯
੩੨੧ ਚਰਨ ਪ੍ਰੀਤੀ ਦਾਨ ਦੇ ............ ੧੧੦
੩੨੨ ਚਰਨ ਲਾਏ ਰੱਖੇ ਲਾਜ ........... ੧੧੦
੩੨੩ ਚਰਨ ਲਾਗ ਮਿਲੇ ਵਡਿਆਈ ....... ੧੧੦
੩੨੪ ਚਰਨੀ ਸੀਸ ਨਿਵਾਈ ਜਾ ........... ੧੧੧
੩੨੫ ਚਾਰ ਕੁੰਟ ਹੋਏ ਜੈ ਜੈਕਾਰਾ ........ ੧੧੧
੩੨੬ ਚਿੰਤਾ ਗ਼ਮ ਨਾ ਹਰਖ਼ ........... ੧੧੧
੩੨੭ ਚੋਜੀ ਚੋਜ ਆਪ ਪ੍ਰਭ ............ ੧੧੨
੩੨੮ ਜਗਤ ਜੰਜਾਲਾ ਝੂਠਾ ਨਾਤਾ ......... ੧੧੨
੩੨੯ ਜਨ ਭਗਤ ਸੁਹੇਲਿਓ ਤੁਹਾਡਾ ਵਖਰਾ .... ੧੧੨
੩੩੦ ਜਨ ਭਗਤ ਸਦ ਤੱਕਦੇ ਰਾਹ ....... ੧੧੩
੩੩੧ ਜਨ ਭਗਤ ਸੂਫੀ ਕਹਿਣ ਪ੍ਰਭ ....... ੧੧੪
੩੩੨ ਜਨ ਭਗਤ ਕਹਿਣ ਇਕ ਮੰਗੀਏ ਤੇਰਾ .. ੧੧੫
੩੩੩ ਜਨ ਭਗਤ ਕਹਿਣ ਪ੍ਰਭ .......... ੧੧੬
੩੩੪ ਜਨ ਭਗਤ ਕਹਿਣ ਪ੍ਰਭ ਮੇਟ ਅੰਧੇਰਾ ਅੰਧ ੧੧੭
੩੩੫ ਜਨ ਭਗਤ ਕਹੇ ਪ੍ਰਭ ਸਾਚਾ ਦਰਸ ... ੧੧੮
੩੩੬ ਜਨ ਭਗਤ ਕਹੇ ਤੇਰਾ ਇਸ਼ਕ ਆਰਜ਼ੀ ... ੧੧੮
੩੩੭ ਜਨ ਭਗਤ ਕਹੇ ਪ੍ਰਭ ਤੇਰੀ ਓਟ ...... ੧੨੦
੩੩੮ ਜਨ ਭਗਤ ਕਹੇ ਮੈਂ ਤੇਰਾ ਬਰਦਾ ..... ੧੨੦
੩੩੯ ਜਨ ਭਗਤੋ ਆਪਣਾ ਹਿੱਸਾ ਲੈਣਾ ਭਾਗ ੧੨੧
੩੪੦ ਜਨ ਭਗਤੋ ਇਕੋ ਜਪਣਾ ਸੋਹੰ ਮੰਤ .... ੧੨੧
੩੪੧ ਜਪੋ ਨਾਮ ਪ੍ਰਭ ਪ੍ਰਭ ਏਕ .......... ੧੨੨
੩੪੨ ਜਾਗਤ ਜਾਗਤ ਜਾਗਤ ਰੇ ਜਗ ...... ੧੨੨
੩੪੩ ਜਾਗਤ ਜਾਗਤ ਜਾਗਤ ਰੇ ਮਨ ...... ੧੨੩
੩੪੪ ਜਾਗੇ ਭਾਗ, ਗੁਰ ਸੰਗਤ ਪਾਈਆ ..... ੧੨੩
੩੪੫ ਜਾਮਾ ਧਾਰੇ ਘਨਕ ਪੁਰ ........... ੧੨੪
੩੪੬ ਜਿਸ ਪ੍ਰਭ ਦੇਵੇ ਅਪਣਾ ਗਿਆਨ ...... ੧੨੪
੩੪੭ ਜਿਸ ਮਿਲਿਆ ਗੁਰ ਪਾਰਬ੍ਰਹਮ ....... ੧੨੪
੩੪੮ ਜੀਵ ਮਾਣ ਨਾ ਕਰ ............ ੧੨੫
੩੪੯ ਜੀਵ ਜੰਤ ਪ੍ਰਭ ਵਿਚ ਸਮਾਇਆ ...... ੧੨੫
੩੫੦ ਜੁਗ ਚੌਥਾ ਪ੍ਰਭ ਰਚਨ ਰਚਾਇਆ ...... ੧੨੫
੩੫੧ ਜੇਠ ਕਹੇ ਪ੍ਰਭ ਪਰਦਾ ਚੁਕ ਦੇ ....... ੧੨੬
੩੫੨ ਜੈ ਜੈਕਾਰ ਹੋਏ ਤ੍ਰੈਲੋਏ ........... ੧੨੬
੩੫੩ ਜੋ ਘੜਿਆ ਸੋ ਭੱਜਣਾ ........... ੧੨੭
੩੫੪ ਜੋ ਜਨ ਹੋਏ ਮਦਿਰਾ ਮਾਸੀ ........ ੧੨੭
੩੫੫ ਜੋ ਜਨ ਚਲੇ ਮੇਰੇ ਭਾਏ .......... ੧੨੭
੩੫੬ ਜੋ ਜਨ ਆਏ ਪ੍ਰਭ ਸਰਨਾਏ ........ ੧੨੮
੩੫੭ ਜੋ ਜਨ ਆਏ ਪ੍ਰਭ ਚਰਨ ਦੁਵਾਰਿਆ ... ੧੨੮
੩੫੮ ਜੋਤ ਸਰੂਪ ਪ੍ਰਭ ਜਗਤ ਪਰਵੇਸ਼ ...... ੧੨੮
੩੫੯ ਜੋਤ ਨਿਰੰਜਣ ਜਗਤ ਅਕਾਰਾ ........ ੧੨੯
੩੬੦ ਜੋਤੀ ਨੂਰ ਨਿਹਕਲੰਕ ............ ੧੨੯

| | | |
|---|---|---|
| ੩੬੧ | ਜਪੋ ਸੋਹੰ ਮਨ ਆਤਮ ਸੁਖ . . . . . . . . | ੧੨੯ |
| ੩੬੨ | ਝੂਠਾ ਜਗਤ ਝੂਠੀ ਹੈ ਰੀਤ . . . . . . . . . . | ੧੩੦ |
| ੩੬੩ | ਝੁੱਗੀ ਕਹੇ ਜਨ ਭਗਤਾਂ ਕਰ ਸੰਜੋਗ . . . . | ੧੩੦ |
| ੩੬੪ | ਝੁੱਗੀ ਕਹੇ ਪ੍ਰਭ ਦੱਸੀ . . . . . . . . . . . | ੧੩੧ |
| ੩੬੫ | ਝੋਲੀ ਭਰ ਭਰ ਲੈਂਦੇ ਜਾਓ . . . . . . . . . . | ੧੩੧ |
| ੩੬੬ | ਤਾਰਨਹਾਰਾ ਆ ਗਿਆ. . . . . . . . . | ੧੩੧ |
| ੩੬੭ | ਤੂੰ ਤੂੰ ਕਰ ਪੁਕਾਰ ਦੀ . . . . . . . . . . . | ੧੩੨ |
| ੩੬੮ | ਤੁਠਾ ਸਤਿਗੁਰ ਦੀਨ ਦਿਆਲ, . . . . . . . | ੧੩੩ |
| ੩੬੯ | ਦਇਆ ਕਮਾਏ ਦਇਆਵਾਨ . . . . . . . . | ੧੩੩ |
| ੩੭੦ | ਦਇਆ ਕਰ ਦੀਨ ਕੇ ਦਾਤੇ . . . . . . . . . | ੧੩੪ |
| ੩੭੧ | ਦਏ ਵਡਿਆਈਆਂ ਚਾਰ ਯੁਗ . . . . . . . | ੧੩੪ |
| ੩੭੨ | ਦਰ ਖੜੇ ਸਵਾਲੀ . . . . . . . . . . . . . | ੧੩੪ |
| ੩੭੩ | ਦਰ ਠਾਂਡਾ ਦੱਸਣਾ ਏਕ, . . . . . . . . . . | ੧੩੫ |
| ੩੭੪ | ਦਰ ਤੇਰਾ ਸਚ ਸੁਹੰਜਣਾ, . . . . . . . . . . | ੧੩੫ |
| ੩੭੫ | ਦਰ ਮੰਗਣ ਆਇਆ ਮੰਗਤਾ . . . . . . . . | ੧੩੬ |
| ੩੭੬ | ਦਰਸ ਦਿਖਾਵੇ ਪ੍ਰਭ ਅਬਿਨਾਸ਼ੀ . . . . . . . | ੧੩੬ |
| ੩੭੭ | ਦਰਸ ਦੀਆ ਗੁਰ ਸਾਚੇ ਆ ਕੇ, . . . . . | ੧੩੭ |
| ੩੭੮ | ਦਰਸ ਦਾਨ ਪ੍ਰਭ ਦਰ ਮੰਗੋ . . . . . . . . | ੧੩੭ |
| ੩੭੯ | ਦਿਵਸ ਰੈਣ ਰਸਨਾ ਗਾਓ . . . . . . . . . | ੧੩੭ |
| ੩੮੦ | ਦਿਵਸ ਰੈਣ ਜੋ ਮੁਝੇ ਧਿਆਵੇ . . . . . . . . | ੧੩੭ |
| ੩੮੧ | ਦੀਨ ਦਿਆਲਾ ਸਾਹਿਬ ਸੁਖ ਸਾਗਰ . . . . | ੧੩੮ |
| ੩੮੨ | ਦੀਪਕ ਕਹਿਣ ਜਨ ਭਗਤੋ . . . . . . . . . | ੧੩੮ |
| ੩੮੩ | ਦੁਸ਼ਟ ਦੁਰਾਚਾਰ ਸੋ ਜਨ ਕਹਾਏ . . . . . | ੧੩੯ |
| ੩੮੪ | ਦੁਰਮਤ ਮੈਲ ਦੁਰਜਨਾਂ . . . . . . . . . . . | ੧੩੯ |
| ੩੮੫ | ਦੇਰ ਨਾ ਕਰ ਗੁਰਸਿਖ ਬਿਲਲਾਇਆ . . . . | ੧੩੯ |
| ੩੮੬ | ਦੇਵਤ ਸੁਰ ਕਹਿਣ ਹੁਣ ਖੋਲ੍ਹ ਦੇ ਸੁਰਤੀ | ੧੪੦ |
| ੩੮੭ | ਦੇਵੇ ਨਾਮ ਪ੍ਰਭ ਦੇਵੇ ਗੰਭੀਰਾ . . . . . . . . | ੧੪੧ |
| ੩੮੮ | ਦੇਵੇ ਨਾਮ ਭਗਤ ਭੰਡਾਰੀ . . . . . . . . . . | ੧੪੧ |
| ੩੮੯ | ਦੇਵੇ ਦਰਸ ਗੁਰ ਗੋਪਾਲਾ . . . . . . . . . | ੧੪੧ |
| ੩੯੦ | ਦੋਵੇਂ ਭੁਜਾਂ ਹਰਿ ਫੈਲਾਏ . . . . . . . . . . | ੧੪੧ |
| ੩੯੧ | ਦੁੱਖ ਰੋਗ ਉਤਰੇ ਸੰਤਾਪ . . . . . . . . . . | ੧੪੨ |
| ੩੯੨ | ਦੁੱਖ ਦੇਹ ਤਨ ਕਰ ਦੂਰ . . . . . . . . . | ੧੪੨ |
| ੩੯੩ | ਦੁੱਖ ਦਰਦ ਤਨ ਖਾਏ . . . . . . . . . . . | ੧੪੨ |
| ੩੯੪ | ਧਨ ਮਾਲ ਦੇ ਆਇਆ ਦਰ . . . . . . . . | ੧੪੨ |
| ੩੯੫ | ਧਰਨੀ ਕਹੇ ਜਨ ਭਗਤਾਂ ਦੇ ਸਹਾਰਾ . . . | ੧੪੩ |
| ੩੯੬ | ਧੁਰ ਦਰਗਾਹ ਦੀ ਸਾਚੀ ਮੰਗ, . . . . . . . | ੧੪੩ |
| ੩੯੭ | ਨਾਮ ਕਹੇ ਮੇਰਾ ਪਿਤਾ ਸੋ, . . . . . . . . . | ੧੪੪ |
| ੩੯੮ | ਨਾਮ ਜਪੋ ਰਮੱਯਾ ਗੁਣ ਗਾਓ . . . . . . . | ੧੪੪ |
| ੩੯੯ | ਨਾਮ ਵਿਚੋਲਾ ਜਗਤ ਬਣਾਉਣਾ . . . . . . | ੧੪੪ |
| ੪੦੦ | ਨਾਰਦ ਕਹੇ ਪ੍ਰਭ ਦੇ ਦੇ ਇਕ ਦਲੇਰੀ . . | ੧੪੫ |
| ੪੦੧ | ਨਾਰਦ ਕਹੇ ਮੈਂ ਵੇਖੇ ਭਗਤ ਸੱਜਣ . . . . . | ੧੪੫ |

੪੦੨ ਨਾਰਦ ਕਹੇ ਤੇਰੀਆਂ ਮਿਹਰਾਂ . . . . . . . . ੧੪੬
੪੦੩ ਨਿਹਕਲੰਕੀ ਸ਼ਬਦ ਅਮੋਲਾ . . . . . . . . . ੧੪੭
੪੦੪ ਨਿਹਕਲੰਕ ਹਰਿ ਕਾ ਨਾਉਂ . . . . . . . . . . ੧੪੭
੪੦੫ ਨਿਹਕਲੰਕ ਰੱਖਿਆ ਨਾਉਂ . . . . . . . . . . ੧੪੭
੪੦੬ ਨਿਹਕਲੰਕ ਕਲ ਜਾਮਾ ਪਾਏ . . . . . . . . ੧੪੮
੪੦੭ ਨਿਹਕਲੰਕ ਜੋਤ ਜਗਾਈ . . . . . . . . . . ੧੪੮
੪੦੮ ਨਿਹਕਲੰਕ ਆਪ ਗੁਣ ਨਿਧਾਨਾ . . . . . . ੧੪੮
੪੦੯ ਨਿਹਕਲੰਕ ਪਰਗਟ ਹੋਇਆ . . . . . . . . . .੧੪੯
੪੧੦ ਨਿਜ ਘਰ ਵਸੇ ਆਪ ਅਪਰੰਪਰਾ . . . . . . ੧੪੯
੪੧੧ ਨਿਜ ਘਰ ਵਸੇ ਪ੍ਰਭ ਮਿਹਰਵਾਨਾ . . . . . . ੧੪੯
੪੧੨ ਨਿਮਸਕਾਰ ਸਦਾ ਗੁਰ ਦੇਵਾ . . . . . . . . ੧੫੦
੪੧੩ ਨਿਮਸਕਾਰ ਕਰੋ ਗੁਰਦੇਵ . . . . . . . . . . ੧੫੦
੪੧੪ ਨਿਮਸਕਾਰ ਕਰੋ ਗੁਰਦੇਵਾ . . . . . . . . . ੧੫੦
੪੧੫ ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰਦੇਵ ੧੫੦
੪੧੬ ਨਿਮਾਣਿਆਂ ਦੇ ਮਾਣ ਪ੍ਰਭ . . . . . . . . . ੧੫੧
੪੧੭ ਨਾਮ ਅੰਮ੍ਰਿਤ ਬਾਣੀ ਸਤਿਗੁਰ ਪਿਆਰ . . . ੧੫੧
੪੧੮ ਨੇਰਨ ਨੇਰਾ ਹੋ ਕਰੀਬ . . . . . . . . . . . ੧੫੨
੪੧੯ ਪਤਿ ਪਰਮੇਸ਼ਵਰ ਦੀਨ ਦਿਆਲ . . . . . . ੧੫੨
੪੨੦ ਪਤਿਤ ਉਧਾਰਨ ਹੈ ਭਵ ਖੰਡਨ . . . . . . ੧੫੩
੪੨੧ ਪਤਿਤ ਪਾਪੀ ਪਾਰ ਉਤਾਰ ਦਾ . . . . . . . ੧੫੩
੪੨੨ ਪ੍ਰਭ ਅਬਿਨਾਸ਼ੀ ਜਾਮਾ ਪਾਇਆ . . . . . . . ੧੫੩
੪੨੩ ਪ੍ਰਭ ਸੰਗ ਜੀਵ ਸਾਚਾ ਨਾਤਾ . . . . . . . . ੧੫੩
੪੨੪ ਪ੍ਰਭ ਸਰਨ ਜੋ ਜਨ ਆਏ . . . . . . . . . ੧੫੪
੪੨੫ ਪ੍ਰਭ ਸਾਚੇ ਲਿਆ ਜਗਤ ਅਵਤਾਰ . . . . . ੧੫੪
੪੨੬ ਪ੍ਰਭ ਕਾ ਸੰਗ ਆਤਮ ਸੰਗੀਤ . . . . . . . ੧੫੪
੪੨੭ ਪ੍ਰਭ ਕਾ ਵਾਸ ਜਿਥੇ ਸੰਗ ਸਤਿ . . . . . . ੧੫੪
੪੨੮ ਪ੍ਰਭ ਕਾਰਜ ਕਰੇ ਪੂਰੇ . . . . . . . . . . . ੧੫੫
੪੨੯ ਪ੍ਰਭ ਕੀ ਮਹਿੰਮਾ ਜਿਸ ਜਨ ਗਾਈ . . . . ੧੫੫
੪੩੦ ਪ੍ਰਭ ਚਰਨ ਪ੍ਰੀਤੀ ਸਦਾ ਕਮਾਓ . . . . . . ੧੫੫
੪੩੧ ਪ੍ਰਭ ਜੀਵ ਜੰਤ ਉਧਾਰ ਕਰ . . . . . . . . ੧੫੫
੪੩੨ ਪ੍ਰਭ ਦੁੱਖ ਨਿਵਾਰ ਦੇ . . . . . . . . . . . ੧੫੬
੪੩੩ ਪ੍ਰਭੂ ਦਰ ਤੇਰੇ ਦਾ ਮੰਗਤਾ . . . . . . . . . ੧੫੬
੪੩੪ ਪਾਰਬ੍ਰਹਮ ਤੇਰੀ ਅਚਰਜ ਮਾਇਆ . . . . . ੧੫੭
੪੩੫ ਪੀਆ ਪ੍ਰੀਤ ਹਰਿ ਨਿਰੰਕਾਰ . . . . . . . . ੧੫੭
੪੩੬ ਪ੍ਰਗਟ ਹੋਇਆ ਆਪ ਭਗਵਾਨ . . . . . . ੧੫੭
੪੩੭ ਪ੍ਰਭ ਸਾਚਾ ਸਿਰ ਰੱਖੇ ਹੱਥ . . . . . . . . . ੧੫੮
੪੩੮ ਪੀਰ ਪੈਗੰਬਰ ਕੁਤਬ ਗੌਂਸ . . . . . . . . . ੧੫੮
੪੩੯ ਪੂਰਨ ਜੋਤ ਪੂਰਨ ਵਿਚ ਆਈ . . . . . . . ੧੫੮
੪੪੦ ਪੂਰੀ ਕਰ ਦੇ ਆਸ . . . . . . . . . . . . ੧੫੯
੪੪੧ ਪੋਹ ਕਹੇ ਜਨ ਭਗਤੋ ਗਾਓ ਗਹਿਰ ਗੰਭੀਰ ੧੫੯
੪੪੨ ਪੋਹ ਕਹੇ ਮੇਰੇ ਸਾਹਿਬ ਸੁਲਤਾਨਾ . . . . . . ੧੬੦

੪੪੩ ਫੱਗਣ ਕਹੇ ਮੇਰੀ ਨਿਮਸਕਾਰ ਡੰਡਾਵਤ . . . ੧੬੨
੪੪੪ ਬਣ ਭਿਖਾਰੀ ਆਓ ਦਰ . . . . . . . . . . . ੧੬੨
੪੪੫ ਬਣਤ ਬਣਾਏ ਆਪੇ ਆਪ . . . . . . . . . . ੧੬੨
੪੪੬ ਬੰਦੀ ਤੋੜ ਪ੍ਰਭ ਅਖਵਾਵੇ . . . . . . . . . . ੧੬੨
੪੪੭ ਬੰਨ੍ਹੇ ਬੇੜਾ ਹੋਏ ਸਹਾਰਾ . . . . . . . . . . ੧੬੩
੪੪੮ ਬ੍ਰਹਮ ਗਿਆਨੀਆਂ ਦੇਵੇ ਹਰਿ ਨਾਉਂ . . . ੧੬੩
੪੪੯ ਬਾਈ ਅੱਸੂ ਕਹੇ ਮੇਰੀ ਇਕ ਅਰਦਾਸ . . . ੧੬੩
੪੫੦ ਬਾਲੀ ਬੁੱਧ ਬੁੱਧ ਅੰਵਾਣੀ . . . . . . . . . . ੧੬੪
੪੫੧ ਬਿਆਸ ਕਹੇ . . . . . . . . . . . . . . . . ੧੬੪
੪੫੨ ਬਿਆਸ ਕਹੇ ਪ੍ਰਭ ਤੇਰੇ ਬਲ ਬਲ ਜਾਵਾਂ ੧੬੫
੪੫੩ ਬੇਮੁਖ ਦਰ ਤੋਂ ਨੱਠਦਾ . . . . . . . . . . . ੧੬੬
੪੫੪ ਬੇੜਾ ਬੰਨ੍ਹ ਬੰਦੀ ਤੋੜ . . . . . . . . . . . ੧੬੭
੪੫੫ ਭਗਤ ਸੁਹੰਦੇ ਸਚ ਦਰ . . . . . . . . . . ੧੬੭
੪੫੬ ਭਗਤ ਜਨ ਵੱਡੀ ਵਡਿਆਈ . . . . . . . . ੧੬੭
੪੫੭ ਭਗਤ ਜਨਾਂ ਤੇਰਾ ਧਰਵਾਸ . . . . . . . . ੧੬੮
੪੫੮ ਭਗਤ ਜਨਾਂ ਪ੍ਰਭ ਲਾਜ ਰਖਾਈ . . . . . . ੧੬੮
੪੫੯ ਭਗਤ ਬੇਨੰਤੀ ਅੱਗੇ ਸਾਚੇ ਪੀਆ . . . . . . ੧੬੮
੪੬੦ ਭਗਤ ਬੇਨੰਤੀ ਸਦਾ ਪ੍ਰਭ ਪਾਸ . . . . . . . ੧੬੮
੪੬੧ ਭਗਤ ਬੇਨੰਤੀ ਕਰੇ ਸਦ . . . . . . . . . . ੧੬੯
੪੬੨ ਭਿੰਨੜੀ ਰੈਣ ਚਾਓ ਘਨੇਰਾ . . . . . . . . . ੧੭੦
੪੬੩ ਭਿੰਨੜੀ ਰੈਣ ਚੜ੍ਹਿਆ ਚਾ . . . . . . . . . ੧੭੦
੪੬੪ ਭਿੰਨੜੀ ਰੈਣ ਉਠੀ ਜਾਗ . . . . . . . . . ੧੭੧
੪੬੫ ਭਿੰਨੀ ਰੈੜੀਏ ਤੈਨੂੰ ਮਿਲੇ ਵਧਾਈ . . . . . . ੧੭੧
੪੬੬ ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਮਿਲ ਸਖੀਆਂ ਮੰਗਲ ਗਾਇਆ . . . . . . ੧੭੨
੪੬੭ ਭਿੰਨੀ ਰੈੜੀਏ ਤੈਨੂੰ ਮਿਲੇ ਵਧਾਈ
ਗੁਰਮੁਖ ਸਾਚੇ ਸੰਤ ਜਨ . . . . . . . . . . ੧੭੨
੪੬੮ ਭੋਗ ਲਗਾਏ ਪ੍ਰਭ ਭੰਡਾਰੇ . . . . . . . . . ੧੭੩
੪੬੯ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ . . . ੧੭੩
੪੭੦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਨਿਹਕਲੰਕ ਦੇਹ ਤਜਾਈ . . . . . . . . . . ੧੭੩
੪੭੧ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਰਸਨਾ ਗਾਓ . . . . . . . . . . . . . . . . ੧੭੩
੪੭੨ ਮੰਗਣ ਆਏ ਬਣ ਭਿਖਾਰੀ . . . . . . . . . ੧੭੪
੪੭੩ ਮੰਗਲ ਗਾਇਆ ਸਾਚੇ ਘਰ . . . . . . . . ੧੭੪
੪੭੪ ਮਦਿ ਮਾਸ ਜਿਸ ਜੀਵ ਆਹਾਰ . . . . . . . ੧੭੫
੪੭੫ ਮਾਤਲੋਕ ਪ੍ਰਭ ਜਾਮਾ ਧਾਰੇ . . . . . . . . . ੧੭੫
੪੭੬ ਮਾਤਲੋਕ ਪ੍ਰਭ ਜਾਮਾ ਧਾਰੇ
ਗਣ ਗਧੰਰਬ ਪ੍ਰਭ ਚਰਨ ਦਵਾਰੇ . . . . . ੧੭੫
੪੭੭ ਮੇਰੀ ਪੁਕਾਰ ਏਕਾ ਸੁਣ . . . . . . . . . . ੧੭੬
੪੭੮ ਮੇਰੀ ਜੋਤ ਦਾ ਹੋਵੇ ਪਰਕਾਸ਼ . . . . . . . . ੧੭੬

| | | |
|---|---|---|
| ੪੭੯ | ਮੇਲ ਮਿਲਾਇਆ ਪੂਰੇ ਗੁਰ . . . . . . . . . . | ੧੭੬ |
| ੪੮੦ | ਮਾਲਵੇ ਵਾਲਿਓ ਗਾਵੋ ਸ਼ਬਦ . . . . . . . . . | ੧੭੭ |
| ੪੮੧ | ਮਿਹਰ ਨਜ਼ਰ ਨਾਲ ਪ੍ਰਭ ਤੱਕਦਾ . . . . . . | ੧੭੭ |
| ੪੮੨ | ਰਸਨਾ ਹਰਿ ਹਰਿ ਸਾਚਾ ਗੌਣਾ . . . . . . | ੧੭੭ |
| ੪੮੩ | ਰਸਨਾ ਰਸ ਆਤਮ ਰਸ ਪਾਉਣਾ . . . . . . | ੧੭੮ |
| ੪੮੪ | ਰਸਨਾ ਗਾਉਣਾ ਹਰਿ ਭਗਵਾਨਾ . . . . . . | ੧੭੮ |
| ੪੮੫ | ਰਸਨਾ ਜਪ ਆਤਮ ਰਸ ਪਾਓ . . . . . . . | ੧੭੮ |
| ੪੮੬ | ਰਸਨਾ ਜਪ ਆਤਮ ਰਸ ਮਾਣੋ . . . . . . . | ੧੭੮ |
| ੪੮੭ | ਰਸਨਾ ਜਪ ਸਵਾਸ ਸਵਾਸਾ . . . . . . . . . . | ੧੭੯ |
| ੪੮੮ | ਰਸਨਾ ਜਪ ਰਸ ਮੁੱਖ . . . . . . . . . . . | ੧੭੯ |
| ੪੮੯ | ਰਸਨਾ ਜਪਿਆ ਰਮੱਈਆ ਰਾਮ . . . . . . . | ੧੭੯ |
| ੪੯੦ | ਰਸਨਾ ਜਪੋ ਹਰਿ ਗੋਬਿੰਦ . . . . . . . . . | ੧੭੯ |
| ੪੯੧ | ਰਸਨਾ ਰਸ ਆਤਮ ਰਸ ਪਾਉਣਾ . . . . . | ੧੮੦ |
| ੪੯੨ | ਰੱਖੇ ਪੈਜ ਪ੍ਰਭ ਆਪ ਮੁਰਾਰ . . . . . . . . | ੧੮੦ |
| ੪੯੩ | ਰੰਗ ਰੰਗੀਲੇ ਮਾਧੋ ਤੇਰੇ ਰੰਗ ਨਿਆਰ | ੧੮੦ |
| ੪੯੪ | ਰੰਗਾ ਸਿੰਘ ਰੰਗ ਰੰਗਲੀੜਾ . . . . . . . . | ੧੮੧ |
| ੪੯੫ | ਰਚਨਾ ਸਾਚੀ ਆਪ ਰਚਾਈਆ . . . . . . . | ੧੮੧ |
| ੪੯੬ | ਰਾਜਨ ਰਾਜ ਸਚ ਪਾਤਸ਼ਾਹੋ . . . . . . . . | ੧੮੧ |
| ੪੯੭ | ਰਾਵੀ ਕਹੇ ਮੇਰੇ ਅੰਦਰ ਚਾਓ ਘਨੇਰਾ . . . | ੧੮੨ |
| ੪੯੮ | ਰਾਵੀ ਕਹੇ ਮੈਂ ਸੋਈ ਉਠੀ ਜਾਗੀ . . . . . | ੧੮੨ |
| ੪੯੯ | ਰਾਵੀ ਕਹੇ ਮੈਂ ਪ੍ਰਭ ਦਾ ਦਰਸ਼ਨ ਕੀਤਾ . . | ੧੮੩ |
| ੫੦੦ | ਰਿਦੇ ਵਸਾਓ ਸਾਚਾ ਹਰਿ . . . . . . . . . | ੧੮੪ |
| ੫੦੧ | ਰੈਣ ਭਿੰਨੜੀ ਆਪ ਸੁਹਾਏ . . . . . . . . . | ੧੮੪ |
| ੫੦੨ | ਲੱਖ ਚੁਰਾਸੀ ਮੁਕੇ ਪੰਧ . . . . . . . . . . . | ੧੮੪ |
| ੫੦੩ | ਲੇਖ ਚੁਕਾ ਦੇ ਇਕ ਤੋਂ ਦੋ . . . . . . . . | ੧੮੫ |
| ੫੦੪ | ਲੱਗੇ ਭੋਗ ਸਤਿਜੁਗ ਸਰਦਾਰ ਦਾ . . . . . | ੧੮੫ |
| ੫੦੫ | ਲੱਗੇ ਭੋਗ ਹਰਿ ਨਿਰੰਕਾਰ ਦਾ . . . . . . . . | ੧੮੫ |
| ੫੦੬ | ਲਾਲ ਅਨਮੁਲੜੇ ਗੁਰਸਿਖ ਹੀਰੇ . . . . . . | ੧੮੬ |
| ੫੦੭ | ਲੈ ਕੇ ਦਾਨ ਘਰ ਨੂੰ ਜਾਣਾ . . . . . . . . | ੧੮੬ |
| ੫੦੮ | ਵਧਾਈ ਵਧਾਈ ਵਧਾਈ . . . . . . . . . . . | ੧੬੬ |
| ੫੦੯ | ਵਡ ਸੂਰਾ ਸੂਰਬੀਰ . . . . . . . . . . . . . | ੧੮੬ |
| ੫੧੦ | ਵਿਸਾਖ ਕਹੇ ਮੇਰਾ ਗੋਬਿੰਦ ਆਇਆ . . . . | ੧੮੭ |
| ੫੧੧ | ਵਿਛੜੇ ਮੇਲ ਮਿਲਾਏ . . . . . . . . . . . . | ੧੮੭ |
| ੫੧੨ | ਵਿਸ਼ਨੂੰ ਦੋਵੇਂ ਜੋੜ ਕਰੇ ਅਰਦਾਸ . . . . . . | ੧੮੮ |
| ੫੧੩ | ਵਿਸ਼ਨੂੰ ਵੰਸੀ ਸਿਖ ਆਵੇ . . . . . . . . . . | ੧੮੮ |
| ੫੧੪ | ਵੈਰਾਗੀ ਸਤਿਗੁਰ ਡਿਠੜਾ . . . . . . . . . . . | ੧੮੯ |
| ੫੧੫ | ਤੂੰ ਦਾਤਾ ਗਹਿਰ ਗੰਭੀਰ . . . . . . . . . . . | ੧੮੯ |


* * * * *

੧



# ਸ਼ਬਦ

## (ਨਿਹਕਲੰਕ ਹਰਿ ਸ਼ਬਦ ਭੰਡਾਰ ਚੋਂ)

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

✪ ੧ ✪

ਉਨੀ ਸੌ ਪਚਵੰਜਾ ਬਿਕ੍ਰਮੀ ਹੋਈ,
ਬਾਬੇ ਮਨੀ ਸਿੰਘ ਨੂੰ ਸੋਝੀ ਹੋਈ ।
ਨੀਲਾ ਚੋਲਾ ਆਪ ਰੰਗਾਇਆ,
ਮਹਾਰਾਜ ਸ਼ੇਰ ਸਿੰਘ ਦੇ ਗਲ ਵਿਚ ਪਾਇਆ ।
ਨਾਲ ਸੰਗਤ ਲੈ ਲਈ ਸਾਰੀ,
ਅਨੰਦਪੁਰ ਦੀ ਕਰੀ ਤਿਆਰੀ ।



ਪੁਰ ਅਨੰਦ ਪਹੁੰਚੇ ਆ ਕੇ,
ਜਿਥੇ ਗੋਬਿੰਦ ਸਿੰਘ ਗਿਆ ਗਵਾ ਕੇ ।
ਸਾਨੂੰ ਬਾਬੇ ਸੀਸ ਉਠਾਇਆ,
ਵਿਚ ਸ਼ਹਿਰ ਦੇ ਹੁਕਮ ਸੁਣਾਇਆ ।
ਨਿਹਕਲੰਕ ਅਵਤਾਰ ਜੇ ਆਇਆ,
ਕਰੋ ਦਰਸ ਮੁਖੋਂ ਸੁਣਾਇਆ ।
ਮੁਸਲਮਾਨੋਂ ਸੁਣ ਲਓ ਭਾਈ,
ਇਹ ਅਮਾਮ ਮਹਿਦੀ ਜਿਨ ਚੋਲੀ ਪਾਈ ।
ਆਪਣਾ ਭਰਮ ਮਿਟਾਓ ਆ ਕੇ,
ਸ਼ਰਨੀ ਇਹਦੀ ਲੱਗੋ ਆ ਕੇ ।
ਰਾਮ ਕ੍ਰਿਸ਼ਨ ਦਾ ਇਹ ਅਵਤਾਰ,
ਮਹਾਰਾਜ ਸ਼ੇਰ ਸਿੰਘ ਦੀਨ ਦਿਆਲ । ੧੫ ਭਾਦਰੋ ੨੦੦੬

✪ ੨ ✪

ਓ ਗੁਰਸਿੱਖੋ ਹੋਇਆ ਵਿਵਾਹ,
ਪਾਇਆ ਹਰਿ ਨਿਰੰਕਾਰ ।
ਭਗਤਾਂ ਦੇ ਭਗਤ ਗਵਾਹ,
ਸ਼ਹਾਦਤ ਦੇਣ ਪੈਗ਼ੰਬਰ ਗੁਰ ਅਵਤਾਰ ।



ਸਤਿਜੁਗ ਸਾਚਾ ਸਭ ਦਾ ਹੋਵੇ ਰਾਹ,
ਰਹਿਬਰ ਹੋਵੇ ਪਰਵਰਦਿਗਾਰ ।
ਇਕੋ ਦਰ ਹੋਵੇ ਦੁਆ,

੨



ਸਯਦਾ ਇਕ ਹੋਵੇ ਨਿਮਸਕਾਰ ।
ਜਿਸ ਨੂੰ ਕਹਿੰਦੇ ਰਹੇ ਖ਼ੁਦਾ,
ਖ਼ੁਦ ਮਾਲਕ ਸਾਂਝਾ ਯਾਰ ।
ਉਹ ਕਲਜੁਗ ਦਾ ਕਲ ਰਿਹਾ ਬਦਲਾ,
ਸਤਿਜੁਗ ਸਚ ਕਰੇ ਉਜਿਆਰ ।
ਵਿਸ਼ਨ ਬ੍ਰਹਮਾ ਸ਼ਿਵ ਕਹਿਣ ਵਾਹਵਾ,
ਕਰੋੜ ਤੇਤੀਸਾ ਫੂਲਨ ਬਰਖ਼ੇ ਆਪਣੀ ਧਾਰ ।
ਇੰਦਰ ਸੇਵਾ ਰਿਹਾ ਕਮਾ,
ਅੰਮ੍ਰਿਤ ਛਿੜਕੇ ਅਪਰ ਅਪਾਰ ।
ਵਕਤ ਸੁਹੰਜਣਾ ਗਿਆ ਆ,
ਨਾਤਾ ਟੁਟੇ ਕੂੜ ਸੰਸਾਰ ।
ਗੁਰਮੁਖੋ ਜੇ ਤੁਹਾਡਾ ਸਭ ਦਾ ਇਕ ਪਿਆਰ,
ਤੇ ਸਾਰੇ ਬਾਹਵਾਂ ਲਵੋ ਉਠਾਲ ।
ਗੁਰਸਿੱਖ ਹੋ ਕੇ ਬਣਿਓ ਨਾ ਕੋਇ ਬੁਰਿਆਰ,
ਰਸਨਾ ਨਾਲ ਫ਼ਿੱਕਾ ਬੋਲ
ਕਰਿਓ ਨਾ ਕੋਇ ਤਕਰਾਰ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਦ ਬਖ਼ਸ਼ਣਹਾਰ ਦੀਦਾਰ । ੨੮ ਪੋਹ ਸ਼ ਸੰ ੫

✪ ੩ ✪

ਆ ਮਿਲ ਆ ਮਿਲ ਆ ਮਿਲ ਮੇਰੇ ਮੀਤ,
ਹਉਂ ਵਾਰੀ ਮੈਂਡੇ ਸੱਜਣਾ ।
ਗਲ ਲਾਗ ਗਲ ਲਾਗ ਸੁਹਾਈ ਰੀਤ,
ਮੈਂ ਤੈਂਡਾ ਕਰਾਂ ਮਜਨਾ ।
ਦਿਵਸ ਰੈਣ ਰਾਖਾਂ ਹਉਂ ਚੀਤ,
ਅੰਤ ਮੇਰਾ ਪਰਦਾ ਕੱਜਣਾ ।
ਕਿਸੇ ਹੱਥ ਨਾ ਆਉਣਾ ਗੁਰਦੁਵਾਰੇ ਮੰਦਰ ਮਸੀਤ,
ਭਾਂਡਾ ਝੂਠਾ ਅੰਤਮ ਸਦ ਹੈ ਭਜਣਾ ।
ਧੰਨ ਗੁਰ ਧੰਨ ਗੁਰ ਧੰਨ ਗੁਰ ਪਰਖੇ ਨੀਤ,
ਵੇਲੇ ਅੰਤਮ ਰੱਖੇ ਲਜਨਾ ।



ਜੋਤੀ ਜੋਤ ਸਰੂਪ ਹਰਿ,
ਜੋਤੀ ਜਾਮਾ ਭੇਖ ਧਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਰੱਖੇ ਜਗਤ ਲਜਨਾ । ੨੫ ਪੋਹ ੨੦੧੨ ਬਿ



੪

ਆਓ ਭਗਤੋ ਸਚਖੰਡ ਵਾਸੀਓ,
ਹਰਿ ਸਾਚਾ ਸਚ ਬੁਲਾਇੰਦਾ ।
ਆਓ ਕਟੋ ਜਮ ਕੀ ਫਾਸੀਓ,
ਫਾਂਦੀ ਫੰਦ ਆਪ ਮਿਟਾਇੰਦਾ ।
ਆਓ ਮੰਡਲ ਬਹਿ ਬਹਿ ਪਾਓ ਰਾਸੀਓ,
ਹਰਿ ਸਾਚੀ ਰਾਸ ਆਪ ਰਚਾਇੰਦਾ ।
ਆਓ ਧੱਕਾ ਦੇਵੋ ਪੰਡਤ ਕਾਂਸੀਓ,
ਜਗਤ ਵਿਦਿਆ ਮੂਲ ਚੁਕਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਆਪਣੇ ਭਗਤ ਆਪ ਬੁਲਾਇੰਦਾ । ੧੯ ਕੱਤਕ ੨੦੧੮ ਬਿ

੫



ਆਸ ਪਾਸ ਸਦ ਵਸੇਰਾ ।
ਪ੍ਰਭ ਅਬਿਨਾਸ਼ੀ ਨੇਰਨ ਨੇਰਾ ।
ਸ਼ਬਦ ਸਰੂਪੀ ਪਾਏ ਘੇਰਾ ।
ਆਪ ਤੁੜਾਏ ਜਮ ਕਾ ਜੇੜਾ ।
ਬਿਨ ਗੁਰ ਪੂਰੇ ਪਾਰ ਲੰਘਾਵੇ ਕਿਹੜਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖਾਂ ਬੰਨ੍ਹ ਵਖਾਵੇ ਬੇੜਾ । ੧੨ ਜੇਠ ੨੦੧੦

੬

ਆਸਾ ਮਨਸਾ ਹਰਿ ਜੀ ਪੂਰੇ ।
ਜੋ ਜਨ ਚਲ ਆਏ ਹਜ਼ੂਰੇ ।
ਆਤਮ ਜੋਤੀ ਦੇਵੇ ਨੂਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਭੇਖ ਆਪ ਵਟਾਇਆ,
ਸਾਚਾ ਲੇਖ ਲਿਖਾਇਆ,
ਸਤਿਜੁਗ ਕਰੇ ਕਾਰਜ ਪੂਰੇ । ੬ ਜੇਠ ੨੦੧੧ ਬਿ

੭



ਅੰਤ ਸਮੇਂ ਕਲਜੁਗ ਵਿਚ ਆਇਆ ।
ਨਿਹਕਲੰਕ ਆਪ ਅਖਵਾਇਆ ।
ਘਨਕਪੁਰੀ ਵਿਚ ਚਰਨ ਟਿਕਾਇਆ ।
ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ ।
ਰਾਮ ਕ੍ਰਿਸ਼ਨ ਦਾ ਤੇਜ ਅਖਵਾਇਆ । ੧੬ ਮੱਘਰ ੨੦੦੬



✪ ੮ ✪

ਆਤਮ ਆਈ ਦਰ ਦੁਵਾਰ ।
ਰੋ ਰੋ ਕਰੇ ਇਕ ਪੁਕਾਰ ।
ਪੁਰਖ ਅਬਿਨਾਸ਼ੀ ਕਿਰਪਾ ਕਰ,
ਇਕ ਵਖਾ ਸਚ ਘਰ,
ਨਾਤਾ ਤੁੱਟੇ ਪੰਚਮ ਯਾਰ ।
ਏਥੇ ਓਥੇ ਚੁੱਕੇ ਡਰ,
ਏਕਾ ਵਸੀਏ ਸਾਚੇ ਘਰ,
ਅੰਮ੍ਰਿਤ ਮਿਲੇ ਠੰਡਾ ਠਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਅੰਤਮ ਅੰਤ ਖੋਲ੍ਹ ਬੰਦ ਕਿਵਾੜ । ੧੩ ਭਾਦਰੋਂ ੨੦੧੨ ਬਿ

✪ ੯ ✪



ਆਤਮ ਅੰਦਰ ਸਚ ਪਿਆਰ ।
ਏਕਾ ਨਾਰੀ ਕੰਤ ਭਤਾਰ ।
ਨਾਮ ਰੰਗੀਲਾ ਸ਼ਬਦ ਸ਼ਿੰਗਾਰ ।
ਅੰਮ੍ਰਿਤ ਜਾਮ ਸਾਚਾ ਪੀ ਲਾ,
ਆਤਮ ਤ੍ਰਿਸ਼ਨਾ ਭੁੱਖ ਨਿਵਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਗੁਰਮੁਖ ਸਾਚੇ ਸੰਤ ਜਨਾਂ,
ਆਤਮ ਸੇਜਾ ਰੈਣ ਬਸੇਰਾ,
ਵਿਚ ਸੰਸਾਰਾ ਸੁੱਤਾ ਪੈਰ ਪਸਾਰ । ੧ ਮਾਘ ੨੦੧੧ ਬਿ

✪ ੧੦ ✪

ਆਤਮ ਅੰਧੇਰ ਅੰਧ ਅਗਿਆਨ ।
ਕਲਜੁਗ ਜੀਵ ਭੁਲੇ ਅੰਞਾਣ ।
ਸਾਚਾ ਪ੍ਰਭ ਦੇਵੇ ਸਾਚਾ ਸ਼ਬਦ ਗਿਆਨ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਦੇਵੇ ਦਰਸ ਆਪ ਭਗਵਾਨ । ੫ ਜੇਠ ੨੦੦੯ ਬਿ



✪ ੧੧ ✪

ਆਤਮ ਸੁਖ ਪਾਵੇ ਸੋ,
ਸੋਹੰ ਨਾਮ ਧਿਆਵੇ ਜੋ ।
ਪ੍ਰਭ ਅਬਿਨਾਸ਼ੀ ਗਾਵੇ ਸੋ,



ਜਿਸ ਜਨ ਦਇਆ ਕਮਾਵੇ ਓਹ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਚੋ ਸਚ ਲਿਖਾਵੇ,
ਆਪੇ ਵਰਤੇ ਆਪੇ ਵਰਤਾਵੇ,
ਥਾਉਂ ਥਾਈਂ ਬਹਾਵੇ,
ਸਦਾ ਸਦਾ ਸਦ ਨਿਰਮੋਹ । ੧੭ ਭਾਦਰੋਂ ੨੦੦੯ ਬਿ

✪ ੧੨ ✪

ਆਤਮ ਸੇਜਾ ਹਰਿ ਵਿਛਾਈਆ ।
ਉਤੇ ਸੁੱਤਾ ਹਰਿ ਰਘੁਰਾਈਆ ।
ਮਾਇਆ ਪਰਦਾ ਇਕ ਰਖਾਈਆ ।
ਬੇਮੁਖਾਂ ਦਿਸ ਨਾ ਆਈਆ ।
ਗੁਰਸਿੱਖਾਂ ਆਤਮ ਵੱਜੇ ਵਧਾਈਆ ।
ਜਿਸ ਦੂਈ ਦਵੈਤੀ ਦੂਰ ਕਰਾਈਆ ।
ਨਾ ਕੋਈ ਸ਼ਰਅ ਨਾ ਹਦਾਇਤੀ,
ਨਾ ਕੋਈ ਔਖਾ ਮਾਰਗ ਲਾਈਆ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਸਾਚਾ ਇਕੋ ਰਾਗ,
ਸਭਨਾ ਸਿਰ ਰੱਖੇ ਵਡਿਆਈਆ । ੭ ਜੇਠ ੨੦੧੧ ਬਿ

✪ ੧੩ ✪

ਆਤਮ ਤੀਰਥ ਸਾਚੇ ਨੁਹਾਓ ।
ਦੁਰਮਤ ਮੈਲ ਤਨ ਗੁਆਓ ।
ਅੱਠ ਸੱਠ ਤੀਰਥ ਜੋ ਰਹੀ ਫੈਲ,
ਪ੍ਰਭ ਦਰ ਆਏ ਦੂਰ ਕਰਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਦਰਸ ਮਿਟਾ ਹਰਸ,
ਸੁਖੀ ਵਸੰਦੜੇ ਘਰ ਨੂੰ ਜਾਓ । ੭ ਜੇਠ ੨੦੧੧ ਬਿ

✪ ੧੪ ✪

ਆਤਮ ਤੀਰਥ ਕਰ ਇਸ਼ਨਾਨ ।
ਸੋਹੰ ਮਿਲੇ ਸਾਚਾ ਦਾਨ ।
ਰਸਨਾ ਗਾਉਣਾ ਹਰਿ ਭਗਵਾਨ ।



ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਸਰਬ ਜੀਆਂ ਦਾ ਜਾਣੀ ਜਾਣ । ੯ ਚੇਤ ੨੦੧੧ ਬਿ

✪ ✪



✪ ੧੫ ✪

ਆਤਮ ਤ੍ਰਿਖਾ ਤਾਂ ਮਿਟੇ,
ਜਾਂ ਪ੍ਰਭ ਭਰਮ ਚੁਕਾਏ ।
ਸਾਚਾ ਸ਼ਬਦ ਮਨ ਰਟੇ,
ਤਾਂ ਹਉਮੇ ਮਾਣ ਗੁਆਏ ।
ਗੁਰ ਪੂਰਾ ਵਿਕੇ ਨਾ ਵਿਚ ਹੱਟੇ,
ਮਾਇਆ ਧਾਰ ਖੇਲ ਜੋ ਰਚਾਏ ।
ਲੱਖ ਪਾਪੀ ਕਲਜੁਗ ਮਰ ਮਿਟੇ,
ਪ੍ਰਭ ਸਾਚਾ ਮੁਖ ਛੁਪਾਏ ।
ਲੱਖ ਝੂਜਨ ਕਲਜੁਗ ਜਗ ਕਟੇ,
ਸਰਬ ਨਰਕ ਨਿਵਾਸ ਦੁਆਏ ।
ਮਹਾਰਾਜ ਸ਼ੇਰ ਸਿੰਘ ਸ਼ਾਹ ਇਕ ਵਸੇ,
ਜਾਹ ਦੇਖਾਂ ਤਾਂ ਨਜ਼ਰੀ ਆਏ । ੧੧ ਚੇਤ ੨੦੦੮ ਬਿ



✪ ੧੬ ✪

ਆਤਮ ਦੁਖੀਆ ਤਰਸ ਕਰ ।
ਪ੍ਰਭ ਅੰਮ੍ਰਿਤ ਮੇਘ ਬਰਸ ਕਰ ।
ਦੁਖ ਦਰਦ ਸਭ ਜਾਏ ਹਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣੀ ਕਿਰਪਾ ਕਰ । ੧੪ ਭਾਦਰੋਂ ੨੦੦੯ ਬਿ

✪ ੧੭ ✪

ਆਤਮ ਬੁਧ ਆਪ ਪ੍ਰਭ ਮਾਰੀ ।
ਮਾਇਆਧਾਰੀ ਹੋਏ ਹੰਕਾਰੀ ।
ਰਸਨਾ ਲੋਭੀ ਜੀਵ ਹੰਕਾਰੀ ।
ਪ੍ਰਭ ਪਛਾਣੇ ਕੋਈ ਨਰ ਨਾਰੀ ।
ਪ੍ਰਗਟੇ ਕਲ ਪ੍ਰਭ ਆਪ ਮੁਰਾਰੀ ।
ਬੇਮੁਖ ਜਾਇਣ ਜਨਮ ਜੂਏ ਹਾਰੀ ।
ਗੁਰਸਿਖ ਦੇਵੇ ਸਾਚਾ ਨਾਮ ਅਧਾਰੀ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ,
ਪ੍ਰਗਟ ਜੋਤ ਪੈਜ ਸਵਾਰੀ । ੭ ਜੇਠ ੨੦੦੮ ਬਿ



✪ ੧੮ ✪

ਆਤਮ ਰੋਵੇ ਧਾਹਾਂ ਮਾਰਦੀ ।
ਪੁਰਖ ਅਬਿਨਾਸ਼ੀ ਕੰਤ ਭਤਾਰ,
ਸਾਚਾ ਆਪਣਾ ਆਪ ਪੁਕਾਰਦੀ ।

੭



ਸਾਚੇ ਦਰ ਸੁਣ ਪੁਕਾਰ,
ਲੋਕਮਾਤ ਗਈ ਹਾਰ,
ਝੂਠੀ ਖੇਲ ਠਗ ਚੋਰ ਯਾਰ ਦੀ ।
ਚਾਰ ਕੁੰਟ ਪੈਂਦੀ ਮਾਰ,
ਕਲਜੁਗ ਜੀਵ ਭੁੱਲੇ ਗਵਾਰ,
ਝੂਠੀ ਮਾਇਆ ਜਗਤ ਸਾੜਦੀ ।
ਏਕਾ ਬਖ਼ਸ਼ ਚਰਨ ਪਿਆਰ,
ਮੈਂ ਆਈ ਚਲ ਸਚ ਦੁਆਰ,
ਮਿਲਿਆ ਹਰਿ ਪੁਰਖ ਅਪਾਰ,
ਆਤਮ ਜੋਤੀ ਸਚ ਬਾਲ ਦਈ । ੬-੫੧੨

✪ ੧੯ ✪

ਆਤਮ ਕਹੇ ਮੇਰਾ ਲੱਖ ਚੁਰਾਸੀ ਨਾਤਾ,
ਅੰਡਜ ਜੇਰਜ ਉਤਭਜ ਸੇਤਜ ਵੰਡ ਵੰਡਾਈਆ ।
ਪਰਮ ਪੁਰਖ ਤੇਰੀ ਸਾਚੀ ਗਾਥਾ,
ਸਾਚਾ ਨਾਮ ਧਿਆਈਆ ।



ਤੂਹੀ ਪਿਤਾ ਤੂਹੀ ਮਾਤਾ,
ਤੂੰ ਦਾਤਾ ਸਹਿਜ ਸੁਖਦਾਈਆ ।
ਤੇਰਾ ਰੂਪ ਤੇਰੀ ਕਿਰਪਾ ਪਛਾਤਾ,
ਆਪਣੀ ਚਲੇ ਨਾ ਕੋਇ ਚਤੁਰਾਈਆ ।
ਸਦ ਦੇਵਣਹਾਰ ਦਾਤਾ,
ਵਸਤ ਅਮੋਲਕ ਰਿਹਾ ਵਰਤਾਈਆ ।
ਜਿਸ ਵੇਲੇ ਆਵੇ ਘਾਟਾ,
ਓਸ ਵੇਲੇ ਤੇਰੀ ਓਟ ਤਕਾਈਆ ।
ਤੂੰ ਜੋਤੀ ਹੋਵੇਂ ਜਾਤਾ,
ਮੇਰੀ ਜੋਤ ਤੇਰੇ ਨਾਲ ਰੁਸ਼ਨਾਈਆ ।
ਆਪਣਾ ਵਖਾਉਣਾ ਡੂੰਘਾ ਖ਼ਾਤਾ,
ਗਹਿਰ ਗੰਭੀਰ ਪਰਦਾ ਆਪ ਉਠਾਈਆ ।
ਜਿਸ ਘਰ ਇਕੋ ਤੇਰਾ ਸੁਣੀਏ ਸਾਕਾ,
ਦੂਜੀ ਅਵਰ ਨਾ ਕੋਇ ਪੜ੍ਹਾਈਆ ।
ਤੂੰ ਆਦਿ ਜੁਗਾਦੀ ਸਾਹਿਬ ਸੁਲਤਾਨਾ ਸੱਚਾ ਆਕਾ,
ਵਾਹਦ ਪੀਰ ਨਜ਼ਰੀ ਆਈਆ ।



ਤੇਰਾ ਨਕਸ਼ ਖਿਚਿਆ ਨਾ ਜਾਏ ਕੋਈ ਖ਼ਾਕਾ,
ਮੁਸੱਵਰ ਤਸੱਵਰ ਰੂਪ ਨਾ ਕੋਇ ਕਰਾਈਆ ।
ਤੂੰ ਆਪਣੀ ਦੱਸਣੀ ਸਾਚੀ ਬਾਤਾ,
ਵਾਤਾਵਰਨ ਆਪ ਜਣਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਆਤਮ ਪਰਮਾਤਮ ਰਿਹਾ ਜਣਾਈਆ । ੧੬ ਜੇਠ ੨੦੨੦ ਬਿ

✪ ੨੦ ✪

ਆਤਮ ਧਾਰ ਮਿਲਿਆ ਸੁਖ,
ਸੁਖ ਸਤਿਗੁਰ ਚਰਨ ਹਜ਼ੂਰ ।
ਆਤਮ ਤ੍ਰਿਸ਼ਨਾ ਮਿਟੀ ਭੁਖ,
ਹਉਮੇ ਹੰਗਤਾ ਹੋਈ ਦੂਰ ।
ਉਜਲ ਹੋਇਆ ਮਾਤ ਮੁਖ,
ਅੰਦਰੋਂ ਤੁਟਾ ਗੜ੍ਹ ਗ਼ਰੂਰ ।
ਸੁਫਲ ਹੋਈ ਮਾਤ ਕੁੱਖ,
ਸਤਿਗੁਰ ਮਿਲਿਆ ਸਰਬ ਕਲਾ ਭਰਪੂਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਪ੍ਰੀਤੀ ਬਖ਼ਸ਼ੇ ਧੁਰ ।



✪ ੨੧ ✪

ਆਤਮ ਤੇਰੀ ਸਦ ਸੁਹਾਗਣ ।
ਗੁਰਮੁਖ ਸਾਚੇ ਪ੍ਰਭ ਦਰ ਜਾਗਣ ।
ਚਰਨ ਸੇਵ ਹਰਿ ਸਾਚੀ ਲਾਗਣ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਸ਼ਬਦ ਉਪਜਾਵੇ ਸਾਚਾ ਰਾਗਣ ।

✪ ੨੨ ✪

ਆਤਮ ਤੀਰਥ ਕਰ ਅਸ਼ਨਾਨ,
ਸੋਹੰ ਮਿਲੇ ਸਾਚਾ ਦਾਨ ।
ਰਸਨਾ ਗਾਉਣਾ ਹਰਿ ਭਗਵਾਨ,
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਸਰਬ ਜੀਆਂ ਦਾ ਜਾਣੀ ਜਾਣ । ੯ ਚੇਤ ੨੦੧੨

✪ ੨੩ ✪

ਆਤਮ ਬਖ਼ਸ਼ੇ ਪ੍ਰਭ ਸਚ ਚਰਨ ਪ੍ਰੀਤੀ ।
ਆਤਮ ਤੇਰੀ ਸਦਾ ਅਤੀਤੀ ।
ਜੀਵਣ ਜੁਗਤੀ ਸਾਚੀ ਮੁਕਤੀ ।
ਪ੍ਰਭ ਸਾਚੇ ਦੀ ਸਾਚੀ ਰੀਤੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਤੇਰੀ ਕਾਇਆ ਸੀਤਲ ਕੀਤੀ । ✪





### ੨੪

ਅੰਦਰ ਵੇਖ ਵਿਚਾਰੋ ।
ਪ੍ਰਭ ਅਬਿਨਾਸ਼ੀ ਸਚ ਭਤਾਰੋ ।
ਆਤਮ ਆਸਣ ਸਾਚੀ ਸੇਜਾ,
ਸੁੱਤਾ ਪੈਰ ਪਸਾਰੋ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਗੁਰਮੁਖ ਸਾਚੇ ਸੰਤ ਜਨੋ,
ਕਰੋ ਸੱਚਾ ਇਕ ਪਿਆਰੋ ।          ੭ ਜੇਠ ੨੦੧੧ ਬਿ

### ੨੫



ਆਤਮ ਮੰਗੇ ਮਿਹਰ ਦਾਨ,
ਕੂਕ ਕੂਕ ਕੁਰਲਾਈਆ ।
ਘਰ ਸਤਿਗੁਰ ਸੱਚਾ ਮਿਲੇ ਆਣ,
ਜੰਗਲ ਜੂਹ ਉਜਾੜ ਪਹਾੜ
ਢੂੰਡਨ ਕੋਇ ਨਾ ਜਾਈਆ ।
ਆਸਾ ਤ੍ਰਿਸਨਾ ਮਿਟੇ ਜਹਾਨ,
ਮਨ ਮਨਸਾ ਪੂਰ ਕਰਾਈਆ ।
ਨਿਰਮਲ ਦੀਆ ਜਗੇ ਭਾਨ,
ਪਰਕਾਸ਼ ਪਰਕਾਸ਼ ਨਾਲ ਮਿਲਾਈਆ ।
ਨਾਤਾ ਤੁੱਟੇ ਜਗਤ ਜਹਾਨ,
ਜੀਵਣ ਜੁਗਤ ਦਏ ਸਮਝਾਈਆ ।
ਹਉਮੇ ਹੰਗਤਾ ਛੁੱਟੇ ਮੋਹ ਅਭਿਮਾਨ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਪੂਰਨ ਆਸਾ ਦਏ ਕਰਾਈਆ ।          ੭ ਅੱਸੂ ੨੦੧੯ ਬਿ

### ੨੬

ਆਦਿ ਜੁਗਾਦਿ ਭਗਤਨ ਸੰਗ ।
ਕਰ ਦਰਸ ਪ੍ਰਭ ਸਾਚਾ ਨਾਮ ਦਾਨ ਮੰਗ ।
ਮਿਟਾਇਆ ਹਰਸ ਸਭ,
ਮਾਨਸ ਜਨਮ ਨਾ ਹੋਵੇ ਭੰਗ ।
ਕਰ ਤਰਸ ਪ੍ਰਭ,
ਆਤਮ ਚਾੜ੍ਹ ਮਜੀਠੀ ਰੰਗ ।
ਅੰਮ੍ਰਿਤ ਬਰਖ ਪ੍ਰਭ,





ਵਿਚ ਦੇਹ ਵਗਾਏ ਗੰਗ ।
ਕਲਜੁਗ ਪ੍ਰਭ ਜੋਤ ਧਰ,
ਜੋਤ ਸਰੂਪੀ ਕੀਆ ਜੰਗ ।
ਮਹਾਰਾਜ ਸ਼ੇਰ ਸਿੰਘ ਕਲਜੁਗ ਖਪਾਇਆ,
ਜੋਤ ਸਰੂਪੀ ਵਸੇ ਵਿਚ ਵਰਭੰਡ । ੧੨ ਵਿਸਾਖ ੨੦੦੮

✪ ੨੭ ✪

ਆਪ ਸੁਆਰੇ ਗੁਰਸਿਖ ਕਾਜ ।
ਸੋਹੰ ਦੇਵੇ ਸਾਚਾ ਤਾਜ ।
ਗੁਰਸਿੱਖ ਸਾਚੇ ਪ੍ਰਭ ਰਖਾਏ ਤੇਰੀ ਲਾਜ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਜਗਾਏ ਵਿਚ ਮਾਝ । ੧੮ ਜੇਠ ੨੦੦੬ ਬਿ

✪ ੨੮ ✪



ਆਪਣੇ ਰੰਗ ਰੰਗ ਲੈ ਪ੍ਰਭ ਮੇਰੇ ਠਾਕਰ,
ਤੇਰੇ ਗ੍ਰਿਹ ਵਡਿਆਈਆ ।
ਤੂੰ ਗਹਿਰ ਗੰਭੀਰ ਡੂੰਘਾ ਸਾਗਰ,
ਅਥਾਹ ਅਨੰਤ ਅੰਤ ਤੇਰਾ ਕਹਿਣ ਕੋਇ ਨਾ ਪਾਈਆ ।
ਭਾਗ ਲਗਾ ਦੇ ਕਾਇਆ ਮਾਟੀ ਗਾਗਰ,
ਸਾਢੇ ਤਿੰਨ ਹੱਥ ਕਰ ਸਫਾਈਆ ।
ਕੋਝਿਆਂ ਕਮਲਿਆਂ ਨਿਰਮਲ ਕਰਮ ਕਰ ਉਜਾਗਰ,
ਦੁਰਮਤ ਮੈਲ ਧੁਆਈਆ ।
ਦਰ ਆਇਆਂ ਦਰਵੇਸ਼ਾਂ ਦੇ ਆਦਰ,
ਆਦਰਸ਼ ਆਪਣਾ ਇਕ ਜਣਾਈਆ ।
ਕਲਜੁਗ ਕੂੜੀ ਕਿਰਿਆ ਮੇਟ ਦੇ ਬਾਦਲ,
ਪਵਣ ਠੰਡੀ ਇਕ ਝੁਲਾਈਆ ।
ਤੇਰੇ ਨਾਮ ਦਾ ਰਹੇ ਨਾ ਕਾਤਲ,
ਮਕਤੂਲ ਵੇਖਾਂ ਖ਼ਲਕ ਖ਼ੁਦਾਈਆ ।
ਤੇਰਾ ਜਲਵਾ ਵੇਖਾਂ ਨੂਰੇ ਬਾਤਨ,
ਪਾਰਬ੍ਰਹਮ ਤੇਰਾ ਦਰਸ਼ਨ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਦ ਆਪਣਾ ਰੰਗ ਰੰਗਾਈਆ । ੨੧ ਚੇਤ ਸ਼ ਸੰ ੫



✪ ✪



੨੯

ਅੰਮ੍ਰਿਤ ਪੀ ਆਤਮ ਤ੍ਰਿਪਤਾਓ ।
ਆਤਮ ਸੰਸਾ ਰੋਗ ਮਿਟਾਓ ।
ਪ੍ਰਭ ਅਬਿਨਾਸ਼ੀ ਘਰ ਮੇਂ ਪਾਓ ।
ਸਰਬ ਘਟ ਵਾਸੀ ਰਿਦੇ ਵਸਾਓ ।
ਘਨਕਪੁਰ ਵਾਸੀ ਚਰਨ ਲਗ ਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਆਵਣ ਜਾਵਣ ਗੇੜ ਕਟਾਓ ।          ੧ ਸਾਵਨ ੨੦੦੯ਬਿ

੩੦

ਅੰਮ੍ਰਿਤ ਬੂੰਦ ਮੁਖ ਚੁਆਓ ।
ਤਨ ਕਲੇਸ਼ ਸਰਬ ਗੁਆਓ ।
ਇਕ ਦਰਵੇਸ਼ ਘਰ ਸਾਚੇ ਬਣ ਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਦਰਸ ਆਤਮ ਤ੍ਰਿਪਤਾਓ ।          ੨੮ ਜੇਠ ੨੦੧੦



੩੧

ਅੰਮ੍ਰਿਤ ਵੇਲਾ ਹਰਿ ਗੁਣ ਗਾਵਣਾ ।
ਆਤਮ ਦਰ ਆਪ ਖੁਲ੍ਹਾਵਣਾ ।
ਦੀਪਕ ਜੋਤੀ ਸਚ ਜਗਾਵਣਾ ।
ਗੁਰਸਿਖ ਮਾਨਸ ਜਨਮ ਮਾਣਕ ਮੋਤੀ,
ਸੁਫਲ ਕਰਾਵਣਾ ।
ਜਾਏ ਦੁਰਮਤ ਮੈਲ ਧੋਤੀ,
ਚਰਨੀ ਸੀਸ ਝੁਕਾਵਣਾ ।
ਆਪ ਉਠਾਏ ਆਤਮ ਸੋਤੀ,
ਪੂਰ ਕਰਾਏ ਭਾਵਨਾ ।
ਸ੍ਰਿਸ਼ਟ ਸਬਾਈ ਰਹੀ ਸੋਤੀ,
ਪ੍ਰਭ ਅਬਿਨਾਸ਼ੀ ਨਜ਼ਰ ਨਾ ਆਵਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖਾਂ ਪਕੜੇ ਦਾਮਨਾ ।          ੫ ਜੇਠ ੨੦੧੦ ਬਿ



੩੨

ਅੰਮ੍ਰਿਤ ਵੇਲੇ ਜਾਗ ਨਿਮਾਣੀ,
ਸੁਰਤ ਸਵਾਣੀ ਬਾਲੜੀਏ ।
ਮਿਲਿਆ ਮੇਲ ਸ਼ਬਦ ਹਾਣੀ,
ਜੋਤੀ ਜਗੇ ਇਕ ਅਕਾਲੜੀਏ ।



ਅੰਮ੍ਰਿਤ ਆਤਮ ਲੈਣਾ ਠੰਡਾ ਪਾਣੀ ।
ਦਿਵਸ ਰੈਣ ਰਹੇ ਸਵਾਲੜੀਏ ।
ਪ੍ਰਗਟ ਹੋਇਆ ਜਾਣ ਜਾਣੀ,
ਸੋਹੰ ਸੋ ਆਪ ਬਣਾਇਆ ਵਿਚ ਦਲਾਲੜੀਏ ।
ਆਪੇ ਜਾਣੇ ਖਾਣੀ ਬਾਣੀ,
ਦਰ ਦੁਆਰੇ ਭਰਿਆ ਪਾਣੀ ਨਾਲੜੀਏ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਕਰੀ ਕਾਰ ਹਰਿ ਕਰਤਾਰ,
ਜਗਤ ਵਿਹਾਰਾ ਸੱਚੀ ਧਾਰਾ ਇਕ ਸੁਖਾਲੜੀਏ । ੨੯ ਪੋਹ ੨੦੧੨ ਬਿ

✪ ੩੩ ✪

ਅੰਮ੍ਰਿਤ ਸੀਰ ਪੀਂਦੇ ਜਾਣਾ,
ਤਨ ਸੋਹੰ ਧਾਗੇ ਨਾਲ ਸੀਂਦੇ ਜਾਣਾ ।
ਦਹਿ ਦਿਸ਼ਾ ਭੌਂਦਾ ਫਿਰੇ ਮਨ,
ਗੁਰਸਿਖ ਸਾਚੇ ਗੁਰਚਰਨ ਬਹਿੰਦੇ ਜਾਣਾ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਜਾਮ ਆਪ ਪਿਲਾਏ,
ਸਾਚੀ ਦਾਤ ਝੋਲੀ ਪਾਏ,
ਦਰਗਹਿ ਸਾਚੀ ਪੀਂਦੇ ਖਾਂਦੇ ਜਾਣਾ ।

✪ ੩੪ ✪

ਅੰਮ੍ਰਿਤ ਬਾਣੀ ਹਰਿ ਕਾ ਨਾਉਂ,
ਨਿਰੰਕਾਰਾ ਆਪ ਦ੍ਰਿੜਾਇੰਦਾ ।
ਲੇਖਾ ਜਾਣੇ ਅਗੰਮ ਅਥਾਹੋ,
ਭੇਵ ਅਭੇਦ ਖੁਲ੍ਹਾਇੰਦਾ ।
ਭਗਤ ਭਗਵਾਨ ਫੜ ਫੜ ਬਾਹੋਂ,
ਨਿਰਗੁਣ ਨਿਰਾਕਾਰ ਨਿਰੰਕਾਰ ਆਪ ਜਣਾਇੰਦਾ ।
ਨਾਤਾ ਜੋੜੇ ਜਿਉਂ ਪੁੱਤਰਾਂ ਮਾਉਂ,
ਪਿਤਾ ਪੂਤ ਗੋਦ ਸੁਹਾਇੰਦਾ ।
ਨਥਾਵਿਆਂ ਦੇਵੇ ਸਾਚਾ ਥਾਉਂ,
ਥਾਨ ਥਨੰਤਰ ਇਕ ਵਖਾਇੰਦਾ ।



ਸਦਾ ਸਦਾ ਸਦ ਦੇਵੇ ਠੰਡੀ ਛਾਉਂ,
ਸਿਰ ਆਪਣਾ ਹੱਥ ਰਖਾਇੰਦਾ ।
ਫੜ ਫੜ ਹੰਸ ਬਣਾਏ ਕਾਉਂ,
ਕਾਗ ਹੰਸ ਰੂਪ ਵਟਾਇੰਦਾ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਿਸ ਜਨ ਆਪਣੇ ਰੰਗ ਰੰਗਾਇੰਦਾ । ੨੮ ਫੱਗਣ ੨੦੧੯ ਬਿ

੩੫

ਇਕੋ ਧਿਆਨ ਹਰਿ ਨਿਰੰਕਾਰਾ ।
ਦੋਏ ਜੋੜ ਕਰ ਨਿਮਸਕਾਰਾ ।
ਮੰਗਣ ਆਏ ਸਚ ਦੁਵਾਰਾ ।
ਅੰਮ੍ਰਿਤ ਭਰੇ ਹਰਿ ਭੰਡਾਰਾ ।
ਖੋਲ੍ਹ ਦੁਵਾਰਾ ਮਿਟਿਆ ਅੰਧਿਆਰਾ,
ਵਖਾ ਘਰ ਜਿਥੇ ਵਸੇ ਹਰਿ ਨਿਰੰਕਾਰਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮੰਗਣ ਆਏ ਚਰਨ ਦਵਾਰਾ ।

੩੬



ਈਸ਼ਰ ਵਾਕ ਜਗਤ ਭਏ ਬਾਣੀ ।
ਭਗਤ ਉਧਾਰਨ ਪ੍ਰਭ ਰਸਨ ਵਖਾਣੀ ।
ਸੋਹੰ ਸ਼ਬਦ ਪ੍ਰਭ ਨਾਉਂ ਸਚ ਵਖਾਣੀ ।
ਮਹਾਰਾਜ ਸ਼ੇਰ ਸਿੰਘ ਤੇਰੀ ਜੋਤ,
ਗੁਰਮੁਖ ਕਲਜੁਗ ਪਛਾਣੀ । ੨੪ ਚੇਤ ੨੦੦੮ ਬਿ

੩੭

ਏਕਾ ਹੱਟ ਹਰਿ ਆਪ ਲਗਾਈ ।
ਏਕਾ ਬਸਤਰ ਨਾਮ ਪਹਿਨਾਈ ।
ਸ਼ਬਦ ਸ਼ਸਤਰ ਹਰਿ ਹੱਥ ਫੜਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖਾਂ ਹੋਏ ਆਪ ਸਹਾਈ । ੭ ਜੇਠ ੨੦੧੦ ਬਿ

੩੮

ਏਕਾ ਤੀਰਥ ਆਤਮ ਜਾਣ ।
ਗੁਰਸਿੱਖ ਸਾਚੇ ਸਚ ਪਛਾਣ ।
ਅੰਮ੍ਰਿਤ ਆਤਮ ਸਾਚਾ ਨੁਹਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਦੇਵੇ ਆਪ ਨਿਸ਼ਾਨ । ੬ ਜੇਠ ੨੦੦੯ ਬਿ





੩੯

ਏਕਾ ਧਾਮ ਰਾਜਾ ਰਾਜਾਨ ।
ਏਕਾ ਧਾਮ ਸ਼ਾਹ ਸੁਲਤਾਨ ।
ਏਕਾ ਧਾਮ ਬਿਰਧ ਬਾਲ ਜਵਾਨ ।
ਏਕਾ ਧਾਮ ਹਰਿ ਭਗਵਾਨ ।
ਏਕਾ ਧਾਮ ਸਚ ਨਿਸ਼ਾਨ ।
ਏਕਾ ਧਾਮ ਕਚ ਜਹਾਨ ।
ਜੋਤ ਸਰੂਪੀ ਹਰਿ ਭਗਵਾਨ । ੧੪ ਚੇਤ ੨੦੧੧ ਬਿ

੪੦

ਏਕਾ ਰਾਖੋ ਹਰਿ ਕੀ ਸਰਨਾ ।
ਝੂਠਾ ਦੁਖ ਨਾ ਕਦੇ ਭਰਨਾ ।
ਸਾਚਾ ਸੁੱਖ ਦੇਵੇ ਸਰਨਾ ।
ਸੋਹੰ ਸ਼ਬਦ ਰਸਨਾ ਉਚਰਨਾ ।
ਬੰਦ ਖ਼ਲਾਸੀ ਆਪੇ ਕਰਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਕਰਮ ਆਪਣਾ ਆਪੇ ਕਰਨਾ । ੧੧ ਚੇਤ ੨੦੧੧ ਬਿ



੪੧

ਇਕੋ ਧਿਆਨ ਹਰਿ ਨਿਰੰਕਾਰ ।
ਦੋਏ ਜੋੜ ਕਰੋ ਨਿਮਸਕਾਰ ।
ਮੰਗਣ ਆਏ ਚਰਨ ਦੁਆਰ ।
ਅੰਮ੍ਰਿਤ ਭਰੇ ਹਰਿ ਭੰਡਾਰ ।
ਖੋਲ੍ਹ ਦੁਵਾਰ ਮਿਟੇ ਅੰਧੇਰ ।
ਵਖਾਓ ਘਰ ਜਿਥੇ ਵਸੇ ਹਰਿ ਨਿਰੰਕਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮੰਗਣ ਆਏ ਜੋ ਜਨ ਦੁਵਾਰ ।

੪੨

ਏਕਾ ਰੱਖਣਾ ਚਰਨ ਧਿਆਨ ।
ਰੱਖਣੀ ਓਟ ਸ੍ਰੀ ਭਗਵਾਨ ।
ਸ਼ਬਦ ਗਾਉਣਾ ਖਿਚ ਕਮਾਨ ।
ਨੇਤਰ ਬੰਦ ਕਰਾਉਣਾ,
ਕੰਨ ਨਾ ਸੁਣਨਾ ਕੋਈ ਸ਼ਬਦ ਅੰਧ ਅੰਧਿਆਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪ੍ਰਗਟ ਹੋਏ ਜੋਤ ਸਰੂਪੀ ਵਡ ਮਿਹਰਵਾਨ ।





✪ ੪੩ ✪

ਸਚ ਇਸ਼ਨਾਨ ਪ੍ਰਭੂ ਕੀ ਪ੍ਰੀਤ,
ਪ੍ਰੀਤਮ ਇਕ ਜਣਾਈਆ ।
ਕਾਇਆ ਹੋਵੇ ਠਾਂਡੀ ਸੀਤ,
ਅਗਨੀ ਤਤ ਨਾ ਲਾਗੇ ਰਾਈਆ ।
ਝਗੜਾ ਮਿਟ ਜਾਏ ਊਚ ਨੀਚ,
ਜ਼ਾਤ ਪਾਤ ਦਾ ਪੰਧ ਮੁਕਾਈਆ ।
ਸਾਚਾ ਸੁਣੇ ਨਾਮ ਹਦੀਸ,
ਹਜ਼ਰਤਾਂ ਤੋਂ ਬਾਹਰ ਪੜ੍ਹਾਈਆ ।
ਤੂੰ ਮੇਰਾ ਮੈਂ ਤੇਰਾ ਸਾਚਾ ਹੋਵੇ ਗੀਤ,
ਆਤਮ ਪਰਮਾਤਮ ਸਿਫਤ ਸਾਲਾਹੀਆ ।
ਲੇਖਾ ਰਹੇ ਨਾ ਮੰਦਰ ਮਸੀਤ,
ਕਾਇਆ ਕਾਅਬਾ ਇਕ ਰੁਸ਼ਨਾਈਆ ।
ਜਿਸ ਦੀ ਸਤਿਗੁਰ ਸ਼ਬਦ ਸ਼ਬਦੀ ਧਾਰ ਕਰੇ ਤਸਦੀਕ,
ਸ਼ਹਿਨਸ਼ਾਹ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਹਰਿ ਸਹਿਜ ਸਹਿਜ ਸੁਖਦਾਈਆ । ੬ ਮਾਘ ਸ਼ ਸੰ ੬



✪ ੪੪ ✪

ਸੱਜਣ ਸੁਹੇਲਾ ਆਪੇ ਆਪ ।
ਭਗਤ ਜਨਾਂ ਪ੍ਰਭ ਮਾਈ ਬਾਪ ।
ਸੋਹੰ ਦੇਵੇ ਸਾਚਾ ਜਾਪ ।
ਕੋਟਨ ਕੋਟ ਉਤਾਰੇ ਪਾਪ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਉਪਾਏ ਆਪਣਾ ਆਪ । ੧ ਸਾਵਣ ੨੦੦੯ ਬਿ

✪ ੪੫ ✪

ਸੱਜਣ ਸੰਤ ਪਿਆਰੇ ਖ਼ੁਸ਼ੀ ਮਨਾਉਂਦੇ ।
ਬਣ ਸਚ ਦੁਲਾਰੇ ਵਿਚ ਸੰਸਾਰੇ,
ਪ੍ਰਭ ਅਬਿਨਾਸ਼ੀ ਰਸਨ ਧਿਆਉਂਦੇ ।
ਜਗੇ ਜੋਤ ਕਾਇਆ ਮਹਲ ਮੁਨਾਰੇ,
ਲਾਹੇ ਤਨ ਅਫਾਰੇ,
ਰੋਗ ਸੋਗ ਸਰਬ ਮਿਟਾਉਂਦੇ ।
ਜੋ ਜਨ ਸਾਚਾ ਨਾਮ ਧਨ ਮੰਗਣ ਆਏ ਦੁਆਰੇ,



੧੬



ਵਰ ਘਰ ਸੱਚਾ ਹਰਿ ਜੀ ਪਾਉਂਦੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸਾਚੇ ਸੰਤ ਜਨ,
ਰਸਨਾ ਚਾਈਂ ਚਾਈਂ ਗਾਉਂਦੇ । ੧੨ ਚੇਤ ੨੦੧੧ ਬਿ

✪ ੪੬ ✪

ਸਚ ਘਰ ਸਚ ਅਰਦਾਸਾ ।
ਪੂਰਨ ਦੇਵੇ ਹਰਿ ਪ੍ਰਭ ਭਰਵਾਸਾ ।
ਦੇਵੇ ਦਾਨ ਚਰਨ ਧਿਆਨ ਪੁਰਖ ਅਬਿਨਾਸ਼ਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗਾਓ ਸੁਵਾਸ ਸੁਵਾਸਾ । ੧੯ ਚੇਤ ੨੦੧੦ ਬਿ

✪ ੪੭ ✪



ਸਚ ਸ਼ਬਦ ਜਨ ਮੰਗੇ ਮੰਗ ।
ਆਤਮ ਚਾੜ੍ਹੇ ਪ੍ਰਭ ਸਾਚਾ ਰੰਗ ।
ਮਾਨਸ ਜਨਮ ਨਾ ਹੋਏ ਭੰਗ ।
ਹੋਏ ਸਹਾਈ ਸਦਾ ਅੰਗ ਸੰਗ ।
ਸ਼ਬਦ ਸਰੂਪੀ ਕਸੇ ਤੰਗ ।
ਸੋਹੰ ਵੱਜੇ ਸੱਚਾ ਮਰਦੰਗ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿੱਖਾਂ ਕਟੇ ਭੁਖ ਨੰਗ । ੩੦ ਜੇਠ ੨੦੧੦ ਬਿ

✪ ੪੮ ✪

ਸਚ ਦੀਪਕ ਹਿਰਦੇ ਬਾਲਦੇ,
ਕਲਜੁਗ ਬੁਝੇ ਨਾ ਕਿਸੇ ਬੁਝਾਇਆ ।
ਸਚ ਪ੍ਰੀਤੀ ਚਰਨਾਂ ਨਾਲ ਦੇ,
ਨਿਭ ਜਾਏ ਜਿਨ੍ਹਾਂ ਨੇਹੋਂ ਲਗਾਇਆ ।
ਮਹਾਰਾਜ ਸ਼ੇਰ ਸਿੰਘ ਜੋਤ ਦੀਦਾਰ ਦੇ,
ਗੁਰਸਿਖ ਦਰਸ ਕਰਨ ਦਰ ਆਇਆ ।

✪ ੪੯ ✪



ਸਚ ਪ੍ਰਭ ਸਚ ਦਰਬਾਰਾ ।
ਨਿਹਕਲੰਕ ਕਲ ਭਏ ਅਵਤਾਰਾ ।
ਦੁਸ਼ਟਾਂ ਪ੍ਰਭ ਸਦਾ ਸੰਘਾਰਾ ।
ਗੁਰਮੁਖਾਂ ਪ੍ਰਭ ਸਦਾ ਪਾਰ ਉਤਾਰਾ ।
ਜੋਤ ਸਰੂਪ ਸਦਾ ਨਿਰਾਹਾਰਾ ।



ਆਦਿ ਜੁਗਾਦਿ ਪ੍ਰਭ ਸਦਾ ਏਕੰਕਾਰਾ ।
ਮਹਾਰਾਜ ਸ਼ੇਰ ਸਿੰਘ ਕਲਜੁਗ ਜੀਵ ਨਾ ਜਾਣੇ ਤੇਰਾ ਜੋਤ ਪਸਾਰਾ । ੧ ਮਾਘ ੨੦੦੮ ਬਿ

✪ ੫੦ ✪

ਸਚਖੰਡ ਪ੍ਰਭ ਵਸੇ ਆਪ ।
ਸੋਹੰ ਸਾਚਾ ਦੇਵੇ ਜਾਪ ।
ਸਰਬ ਸ੍ਰਿਸ਼ਟ ਮਾਈ ਬਾਪ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਬ ਕਲ ਵਰਤੇ ਆਪ । ੧੧ ਫੱਗਣ ੨੦੦੮ ਬਿ

✪ ੫੧ ✪

ਸਚ ਸਰਨ ਦੀ ਸਦਾ ਲੋੜ,
ਪਤਿਪਰਮੇਸ਼ਵਰ ਖੇਲ ਬਣਾਈਆ ।
ਆਤਮ ਪਰਮਾਤਮ ਮੇਲਾ ਲਏ ਜੋੜ,
ਧੁਰ ਸੰਜੋਗੀ ਰੂਪ ਵਟਾਈਆ ।
ਸੰਤ ਸੁਹੇਲਾ ਜਾਏ ਬੌਹੜ,



ਗੁਰ ਚੇਲਾ ਵੇਖ ਵਖਾਈਆ ।
ਜਨਮ ਜਨਮ ਦੀ ਲਗੀ ਔੜ,
ਦੇ ਦਰਸ ਤ੍ਰਿਸ਼ਨਾ ਭੁਖ ਗੁਆਈਆ ।
ਸਦਾ ਸੁਹੇਲਾ ਹੋ ਕੇ ਵਸੀਂ ਕੋਲ,
ਅੰਦਰੇ ਅੰਦਰ ਨਜ਼ਰੀ ਆਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਨ ਭਗਤਾਂ ਰੱਖੇ ਅਡੋਲ,
ਧੀਰਜ ਧਰਵਾਸ ਇਕ ਸਮਝਾਈਆ । ੨੧ ਜੇਠ ੨੦੨੧

✪ ੫੨ ✪

ਸਚ ਪਿਆਰ ਕਰੋ ਭਗਵੰਤ,
ਹਰਿ ਕਰਤਾ ਆਪ ਜਣਾਇੰਦਾ ।
ਸਚ ਪਿਆਰ ਕਰੋ ਗੁਰਮੰਤ,
ਜੋ ਸਤਿਗੁਰ ਨਾਮ ਸਮਝਾਇੰਦਾ ।
ਸਚ ਪਿਆਰ ਕਰੋ ਘਰ ਆਪਣੇ ਕੰਤ,
ਜੋ ਆਤਮ ਸੱਚਾ ਸੋਭਾ ਪਾਇੰਦਾ ।



ਸਚ ਪਿਆਰ ਕਰੋ ਸਤਿਵੰਤ,
ਪ੍ਰਭ ਅਗਣਤ ਲੇਖਾ ਲੇਖ ਨਾ ਕੋਈ ਲਿਖਾਇੰਦਾ ।
ਜੋਤੀ ਜੋਤ ਸਰੂਪ ਹਰਿ,



ਆਪ ਆਪਣੀ ਕਿਰਪਾ ਕਰ,
ਪਿਆਰ ਵਿਚੋਂ ਪਿਆਰ ਦਿਸਾਇੰਦਾ । ੧੬ ਫੱਗਣ ੨੦੨੦ ਬਿ

੫੩

ਸਾਚਾ ਨਾਮ ਹਰਿ ਕੀ ਮਿਹਰ,
ਮਿਹਰਵਾਨ ਦਇਆ ਕਮਾਈਆ ।
ਜਨਮ ਜਨਮ ਦੇ ਵਿਛੜੇ ਜੋ ਲਏ ਘੇਰ,
ਆਪ ਆਪਣੇ ਅੰਗ ਲਗਾਈਆ ।
ਦੇਵੇ ਦਰਸ ਨਾ ਕਰੇ ਦੇਰ,
ਦੀਦ ਈਦ ਚੰਦ ਚੜ੍ਹਾਈਆ ।
ਸਦ ਵਸੇ ਨੇੜਨ ਨੇੜ,
ਦੂਰ ਦੁਰਾਡਾ ਪੰਧ ਮੁਕਾਈਆ ।
ਪੂਰਬ ਲਹਿਣਾ ਦਏ ਨਬੇੜ,
ਅਗਲਾ ਆਪਣੇ ਲੇਖੇ ਪਾਈਆ ।
ਆਵਣ ਜਾਵਣ ਚੁੱਕੇ ਗੇੜ,
ਲੱਖ ਚੁਰਾਸੀ ਫੰਦ ਕਟਾਈਆ ।



ਤਨ ਖ਼ਾਕੀ ਮਾਟੀ ਨਾ ਹੋਏ ਢੇਰ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਆਪਣਾ ਨਾਮ ਇਕ ਰਖਾਈਆ । ੨੨ ਕੱਤਕ ੨੦੧੮ ਬਿ

੫੪

ਸਚਾ ਧੰਦਾ ਹਰਿ ਕੀ ਸੇਵਾ,
ਦੂਜੀ ਅਵਰ ਨਾ ਕੋਇ ਚਤੁਰਾਈਆ ।
ਅੰਮ੍ਰਿਤ ਆਤਮ ਮਿਲੇ ਮੇਵਾ,
ਅੰਮਿਉਂ ਰਸ ਆਪ ਚੁਵਾਈਆ ।
ਪਰਗਟ ਹੋਇਆ ਵਡ ਦੇਵੀ ਦੇਵਾ,
ਕੋਟਨ ਕੋਟ ਦੇਵਤ ਸੁਰ ਢਹਿ ਪਏ ਸਰਨਾਈਆ ।
ਆਦਿ ਜੁਗਾਦਿ ਅਲਖ ਅਭੇਵਾ,
ਅਗੰਮ ਅਗੋਚਰ ਬੇਪਰਵਾਹ
ਬੇਅੰਤ ਸਚਾ ਸ਼ਹਿਨਸ਼ਾਹੀਆ ।
ਸਦਾ ਸੁਹੇਲਾ ਸਦ ਨਿਹਕੇਵਾ,
ਨਿਹਚਲ ਬੈਠਾ ਆਸਣ ਲਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਚਾ ਖੇਲ ਆਪ ਕਰਾਈਆ ।



✪ ੫੫ ✪

ਸਾਚਾ ਧਰਮ ਧਰਮ ਪਿਆਰ,
ਪਾਰਬ੍ਰਹਮ ਸਰਨਾਈਆ ।
ਸਾਚਾ ਕਰਮ ਕਰਮ ਵਿਚਾਰ,
ਆਪ ਆਪਣੀ ਬੂਝ ਬੁਝਾਈਆ ।
ਸਾਚਾ ਨਾਦ ਧੁਨ ਅਪਾਰ,
ਆਤਮਕ ਧੁਨ ਉਪਜਾਈਆ ।
ਸਾਚਾ ਧਰਮ ਕਰ ਪਰਵਾਨ,
ਤਨ ਮੰਦਰ ਅੰਦਰ ਵੱਜੇ ਵਧਾਈਆ ।
ਸਾਚਾ ਧਰਮ ਏਕਾ ਬਾਣ,
ਏਕਾ ਏਕ ਹਰਿ ਲਿਵ ਲਾਈਆ ।
ਸਾਚਾ ਧਰਮ ਕਰ ਪਛਾਣ,
ਨਿਰਗੁਣ ਜੋਤੀ ਵੇਖ ਵਖਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਹਰਿ ਸੰਤਨ ਦੇਵੇ ਇਕ ਵਰ,
ਸਚ ਧਰਮ ਕਰੇ ਕੁੜਮਾਈਆ । ੧੯ ਫੱਗਣ ੨੦੧੪ ਬਿ



✪ ੫੬ ✪

ਸਾਹਿਬ ਸਤਿਗੁਰ ਰੰਗ ਚੋਲੀ,
ਕਾਇਆ ਚੋਲੀ ਰੰਗ ਚੜ੍ਹਾਈਆ ।
ਸਾਹਿਬ ਸਤਿਗੁਰ ਦੱਸ ਬੋਲੀ,
ਆਤਮ ਪਰਮਾਤਮ ਸਚ ਪੜ੍ਹਾਈਆ ।
ਸਾਹਿਬ ਸਤਿਗੁਰ ਬਣਾ ਗੋਲੀ,
ਗੁਰਮੁਖ ਯਾਚਕ ਸੇਵਕ ਮੰਗ ਮੰਗਾਈਆ ।
ਸਾਹਿਬ ਸਤਿਗੁਰ ਉਠਾ ਡੋਲੀ,
ਨਿਰਗੁਣ ਸਰਗੁਣ ਆਪਣਾ ਭਾਰ ਉਠਾਈਆ ।
ਸਾਹਿਬ ਸਤਿਗੁਰ ਖਿਲਾ ਸਚ ਪ੍ਰੇਮ ਹੋਲੀ,
ਰੰਗ ਗੁਲਾਲਾ ਇਕ ਚੜ੍ਹਾਈਆ ।
ਸਾਹਿਬ ਸਤਿਗੁਰ ਸਾਚੇ ਕੰਡੇ ਏਕਾ ਤੋਲੀ,
ਜਗਤ ਤਰਾਜ਼ੂ ਹੱਥ ਨਾ ਕੋਇ ਲਗਾਈਆ ।
ਸਾਹਿਬ ਸਤਿਗੁਰ ਮਨ ਵਾਸਨਾ ਮੇਟ ਕੇ ਰੌਲੀ,
ਰੌਣਕ ਧੁਰ ਦਰਬਾਰ ਦੀ ਦੇ ਵਖਾਈਆ ।
ਸਾਹਿਬ ਸਤਿਗੁਰ ਬੰਦ ਕਿਵਾੜੀ ਤਾਕ ਦੇ ਖੋਲ੍ਹੀ,
ਖ਼ਾਲਕ ਮਾਲਕ ਕਰ ਰੁਸ਼ਨਾਈਆ ।



ਸਾਹਿਬ ਸਤਿਗੁਰ ਮਾਣ ਵਡਿਆਈ ਦੇ ਉਪਰ ਧੌਲੀ,



ਤੇਰੇ ਨਾਮ ਦੀ ਵੱਜੇ ਸਚ ਵਧਾਈਆ ।
ਸਾਹਿਬ ਸਤਿਗੁਰ ਮੇਲ ਮਿਲਾ ਕੇ ਹੌਲੀ ਹੌਲੀ,
ਅਲਤ ਪਲਤ ਲੇਖਾ ਦੇਣਾ ਚੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਿਰ ਆਪਣਾ ਹੱਥ ਟਿਕਾਈਆ ।

✪ ੫੭ ✪

ਸਾਹਿਬ ਸਤਿਗੁਰ ਰੰਗਦੇ ਤਨ,
ਤਤਵ ਤਤ ਦੇ ਬਦਲਾਈਆ ।
ਝਗੜਾ ਮੇਟ ਦੇ ਮਨ,
ਮਨ ਮਨਕਾ ਦੇ ਭੁਆਈਆ ।
ਸਾਚਾ ਰਾਗ ਸੁਣਾ ਕੇ ਕੰਨ,
ਅਵਾਜ ਧੁਰ ਦੀ ਦੇ ਪਰਗਟਾਈਆ ।
ਭਰਮ ਭੁਲੇਖਾ ਕੱਢ ਦੇ ਜਨ,
ਮਿਹਰ ਨਜ਼ਰ ਇਕ ਉਠਾਈਆ ।
ਨਾਮ ਪਦਾਰਥ ਦੇ ਧਨ,
ਅਣਮੰਗੀ ਦੌਲਤ ਝੋਲੀ ਪਾਈਆ ।



ਸਾਚਾ ਨੂਰ ਚਾੜ੍ਹ ਦੇ ਚੰਨ,
ਨਿਰਗੁਣ ਜੋਤ ਹੋਵੇ ਰੁਸ਼ਨਾਈਆ ।
ਮਿਟੇ ਅੰਧੇਰ ਅੰਨ,
ਜੂਠ ਝੂਠ ਲੇਖਾ ਦੇ ਗਵਾਈਆ ।
ਮੇਲ ਮਿਲਾ ਸ੍ਰੀ ਭਗਵਾਨ,
ਭਾਗ ਪੂਰਬ ਝੋਲੀ ਪਾਈਆ ।
ਝਗੜਾ ਚੁਕਾ ਦੇ ਜ਼ਿਮੀਂ ਅਸਮਾਨ,
ਸਿਰ ਆਪਣਾ ਹੱਥ ਟਿਕਾਈਆ ।
ਪੁਰਖ ਅਕਾਲ ਹੋ ਕੇ ਫੜ ਦਾਮਨ,
ਦਾਮਨਗੀਰ ਨਜ਼ਰੀ ਆਈਆ ।
ਸੰਤ ਸੁਹੇਲਾ ਬਣ ਜਾਮਨ,
ਜਮਾਂ ਤੋਂ ਲੈਣਾ ਛੁੜਾਈਆ ।
ਸਚ ਦੱਸ ਆਪਣਾ ਨਾਮਨ,
ਨਾਉਂ ਨਿਰੰਕਾਰਾ ਇਕੋ ਢੋਲਾ ਗਾਈਆ ।
ਤੇਰੀ ਮੇਰੀ ਹੋਈ ਪਹਿਚਾਨਣ,
ਸੋਹੰ ਰੂਪ ਸਮਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਧੁਰ ਦਾ ਹੁਕਮ ਇਕ ਵਰਤਾਈਆ । ✪ ੧੮-੬੨੩



੫੮

ਸਾਹਿਬ ਸਤਿਗੁਰ ਤਾਰਦਾ,
ਸੰਤ ਸੁਹੇਲੇ ਸੱਜਣ ਮੀਤ ।
ਹਉਮੇ ਰੋਗ ਨਿਵਾਰਦਾ,
ਮਨ ਤਨ ਕਰ ਕੇ ਠਾਂਡਾ ਸੀਤ ।
ਕਰਮ ਰੋਗ ਨਿਵਾਰਦਾ,
ਸਾਚੀ ਬਖ਼ਸ਼ ਚਰਨ ਪ੍ਰੀਤ ।
ਸਚ ਘਰ ਸਾਚੇ ਵਾੜਦਾ,
ਤ੍ਰੈਗੁਣ ਮਾਇਆ ਕਰ ਅਤੀਤ ।
ਜੁਗ ਚੌਕੜੀ ਪੈਜ ਸੁਆਰਦਾ,
ਨਾਮ ਸੁਣਾ ਕੇ ਢੋਲਾ ਗੀਤ ।
ਜਨਮ ਜਨਮ ਦਾ ਕਰਜ਼ ਉਤਾਰਦਾ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਰੂਪ ਧਰ ਸਿਰਜਣਹਾਰ ਦਾ । ੨੧ ਜੇਠ ਸ ਸੰ ੧



੫੯

ਸਾਹਿਬ ਸਤਿਗੁਰ ਦੁਖ ਕਟਦਾ,
ਅਗਨੀ ਤਤ ਜੰਜਾਲ ।
ਪਰਦਾ ਖੋਲ੍ਹ ਕੇ ਸਾਚੇ ਹਟ ਦਾ,
ਵਸਤ ਅਮੋਲਕ ਦੇਵੇ ਲਾਲ ।
ਲੇਖਾ ਚੁਕ ਜਾਏ ਰਹਿਣਾ ਵਖ ਦਾ,
ਗੁਰਮੁਖ ਮੇਲੇ ਸਾਚੇ ਲਾਲ ।
ਮਿਹਰ ਨਜ਼ਰ ਨਾਲ ਤਕਦਾ,
ਲੱਖ ਚੁਰਾਸੀ ਵਿਚੋਂ ਕਰੇ ਬਹਾਲ ।
ਝਗੜਾ ਚੁਕਾ ਕੇ ਮਨ ਮਤ ਦਾ,
ਗੁਰਮਤ ਸਾਚੀ ਦਏ ਸਿਖਾਲ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਹਰਿ ਕਿਰਪਾਲ । ੨੧ ਜੇਠ ਸ ਸੰ ੧



੬੦

ਸਾਹਿਬ ਸਤਿਗੁਰ ਵੇਖਦਾ,
ਵੇਖਣਹਾਰਾ ਏਕ ।
ਲਹਿਣਾ ਜਾਣੇ ਪੂਰਬ ਲੇਖ ਦਾ,



ਜਨਮ ਜਨਮ ਦੀ ਦੇਵੇ ਟੇਕ ।
ਪਿਆਰ ਜਾਣੇ ਧੁਰ ਦੇ ਹੇਤ ਦਾ,
ਲੋਚਣ ਨੈਣ ਨਿਝ ਪੇਖ ।
ਵਸਣਾ ਦੱਸੇ ਸਾਚੇ ਦੇਸ ਦਾ,
ਪਰਦਾ ਓਹਲਾ ਖੋਲ੍ਹ ਕੇ ਭੇਤ ।
ਮਿਲਣਾ ਦੱਸੇ ਹਮੇਸ਼ ਦਾ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਚ ਸਵਾਮੀ ਖੇਵਟ ਖੇਟ ।

✪ ੬੧ ✪

ਸਾਹਿਬ ਸਤਿਗੁਰ ਤੱਕਦਾ,
ਬਿਨ ਨੇਤਰ ਨੈਣ ਉਠਾਲ ।
ਮਿਲਾਪ ਕਰ ਲਏ ਆਪਣੀ ਅੱਖ ਦਾ,
ਜੋਤੀ ਦੀਆ ਇਕੋ ਬਾਲ ।



ਸੁਨੇਹੜਾ ਦੇ ਕੇ ਧੁਰ ਹਕ ਦਾ,
ਜਲਵਾ ਨੂਰੀ ਦਏ ਜਮਾਲ ।
ਨਾਮ ਨਿਧਾਨਾ ਸੱਚਾ ਦੱਸ ਦਾ,
ਧੁਰ ਦੇ ਕਲਮੇ ਦਏ ਅਹਿਵਾਲ ।
ਝਗੜਾ ਚੁਕਾਵੇ ਕਾਇਆ ਮਟ ਦਾ,
ਸਚ ਵਖਾਏ ਸੱਚੀ ਧਰਮਸਾਲ ।
ਲਹਿਣਾ ਮੁਕਾਵੇ ਕੂੜੇ ਹਟ ਦਾ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਿਰਪਾ ਕਰ ਆਪ ਮਿਹਰਵਾਨ । ੨੧ ਜੇਠ ਸ ਸੰ ੧

✪ ੬੨ ✪

ਸਾਹਿਬ ਸਤਿਗੁਰ ਲੋਚਦਾ,
ਗੁਰਮੁਖਾਂ ਦੀਦ ਦੀਦਾਰ ।
ਜੁਗ ਚੌਕੜੀ ਏਹੋ ਸੋਚ ਦਾ,
ਕਿਸ ਬਿਧ ਨਿਭਾਂ ਭਗਤਾਂ ਨਾਲ ।



ਵਕਤ ਸੁਹੰਜਣਾ ਕਰਾਂ ਮੌਜ ਦਾ,
ਗੁਰਮੁਖਾਂ ਗੁਰਸਿਖਾਂ ਹੋ ਦਿਆਲ ।
ਝਗੜਾ ਮੁਕਾਵਾਂ ਕੂੜੀ ਚੋਗ ਦਾ,
ਮਾਣਕ ਮੋਤੀ ਇਕ ਖੁਵਾਲ ।
ਲਹਿਣਾ ਗਵਾਵਾਂ ਹਉਮੈ ਰੋਗ ਦਾ,



ਪ੍ਰੇਮ ਪ੍ਰੀਤੀ ਭਰ ਭੰਡਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸੱਚਾ ਆਧਾਰ । ੨੧ ਜੇਠ ਸ ਸੰ ੧

੬੩

ਸਾਹਿਬ ਸਤਿਗੁਰ ਭਾਖਦਾ,
ਅਨਡਿਠੜੀ ਕਾਰ ਜਣਾਈਆ ।
ਧੁਰ ਸੰਦੇਸ਼ਾ ਇਕੋ ਆਖਦਾ,
ਪਾਰਬ੍ਰਹਮ ਬੇਪਰਵਾਹੀਆ ।
ਸਾਚਾ ਰਹਿਣਾ ਪ੍ਰਭ ਚਰਨ ਨਿਵਾਸ ਦਾ,
ਕੂੜੀ ਕਿਰਿਆ ਜਗਤ ਵਖਾਈਆ ।
ਲਹਿਣਾ ਪੂਰਾ ਹੋਵੇ ਆਸ ਦਾ,
ਮਿਲ ਸਤਿਗੁਰ ਖ਼ੁਸ਼ੀ ਮਨਾਈਆ ।
ਨੂਰ ਹੋਵੇ ਸਚੇ ਪਰਕਾਸ਼ ਦਾ,
ਜੋਤੀ ਜੋਤ ਡਗਮਗਾਈਆ ।



ਧਾਮ ਮਿਲੇ ਨਿਝ ਘਰ ਨਿਵਾਸ ਦਾ,
ਅਸਥਾਨ ਭੂਮਿਕਾ ਸੋਭਾ ਪਾਈਆ ।
ਗੁਰਮੁਖ ਗੁਰਸਿਖ ਰੂਪ ਬਣ ਜਾਏ ਸੱਚੇ ਦਾਸ ਦਾ,
ਸੇਵਕ ਆਪਣਾ ਨਾਉਂ ਪਰਗਟਾਈਆ ।
ਲਹਿਣਾ ਦੇਣਾ ਮੁਕ ਜਾਏ ਅਗਲੀ ਪਿਛਲੀ ਬਾਤ ਦਾ,
ਲੇਖਾ ਕਰਮ ਦਏ ਗਵਾਈਆ ।
ਮਾਣ ਮਿਲ ਜਾਏ ਭਗਤਾਂ ਦੀ ਜਮਾਤ ਦਾ,
ਗੁਰਮਖ ਗੁਰਮੁਖਾਂ ਨਾਲ ਮਿਲਾਈਆ ।
ਅੰਧਿਆਰਾ ਮਿਟ ਜਾਏ ਕੂੜੀ ਰਾਤ ਦਾ,
ਸਾਚਾ ਚੰਦ ਕਰੇ ਰੁਸ਼ਨਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਧੁਰ ਦਾ ਹੁਕਮ ਇਕੋ ਵਾਚਦਾ,
ਬਚਨ ਆਪਣਾ ਦਏ ਸੁਣਾਈਆ । ੨੧ ਜੇਠ ਸ ਸੰ ੧



੬੪

ਸਤਿ ਕਹੇ ਪ੍ਰਭ ਬਖ਼ਸ਼ ਜੋਤ,
ਨਿਰਗੁਣ ਨਿਰਵੈਰ ਤੇਰੀ ਸ਼ਰਨਾਈਆ ।



ਭਾਗ ਲਗਾ ਕਾਇਆ ਕੋਟ,
ਸਾਢੇ ਤਿੰਨ ਹੱਥ ਸੋਭਾ ਪਾਈਆ ।
ਸ਼ਬਦ ਅਗੰਮੀ ਵੱਜੇ ਚੋਟ,
ਅਨਹਦ ਨਾਦੀ ਨਾਦ ਸੁਣਾਈਆ ।
ਸੁਰਤ ਸਵਾਣੀ ਕਰੇ ਹੋਸ਼,
ਨੇਤਰ ਨੈਣ ਅੱਖ ਖੁਲ੍ਹਾਈਆ ।
ਮਨ ਮਤ ਬੁਧ ਰਹੇ ਨਾ ਸੋਚ,
ਸਾਚੀ ਸਮਝ ਦੇ ਸਮਝਾਈਆ ।
ਦਰਸ ਤੇਰੇ ਨੂੰ ਰਹੇ ਲੋਚ,
ਆਸਾ ਮਨਸਾ ਪੂਰ ਵਖਾਈਆ ।
ਪ੍ਰੇਮ ਪ੍ਰੀਤੀ ਅੰਦਰ ਹੋਈਏ ਮਦਹੋਸ਼,
ਨਾਮ ਖ਼ੁਮਾਰੀ ਇਕ ਚੜ੍ਹਾਈਆ ।
ਲੇਖਾ ਚੁੱਕੇ ਚੌਦਾਂ ਲੋਕ,
ਚੌਦਾਂ ਤਬਕ ਪੰਧ ਮੁਕਾਈਆ ।
ਬ੍ਰਹਿਮੰਡ ਖੰਡ ਪੜ੍ਹਨ ਤੇਰਾ ਸਚ ਸਲੋਕ,
ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਤਿ ਸਤਿਵਾਦੀ ਹੋ ਸਹਾਈਆ । ੨੧ ਹਾੜ ੨੦੨੧ ਬਿਕ੍ਰਮੀ

✪ ੬੫ ✪

ਸਤਿ ਕਹੇ ਮੇਰੇ ਸਾਹਿਬ ਸਤਿਸੰਗੀ,
ਦਰ ਤੇਰਾ ਨਜ਼ਰੀ ਆਈਆ ।
ਇਕੋ ਵਸਤ ਅਮੋਲਕ ਮੰਗੀ,
ਦਰ ਠਾਂਡੇ ਝੋਲੀ ਡਾਹੀਆ ।
ਜਨ ਭਗਤਾਂ ਕੱਟ ਦੇ ਮੁਸ਼ਕਲ ਤੰਗੀ,
ਮਸ਼ਕੂਰ ਹੋ ਕੇ ਸੇਵ ਕਮਾਈਆ ।
ਅੰਦਰ ਰਹੇ ਨਾ ਵਾਸਨਾ ਗੰਦੀ,
ਸਚ ਸੁਗੰਧੀ ਦੇ ਭਰਾਈਆ ।
ਗੁਰਮੁਖ ਨਾਰ ਦਿਸੇ ਕੋਇ ਨਾ ਨੰਗੀ,
ਸ਼ਬਦ ਦੁਸ਼ਾਲਾ ਓਢਣ ਇਕ ਸੁਹਾਈਆ ।
ਪ੍ਰੇਮ ਪਿਆਰ ਦੀ ਸੀਸ ਵੌਹਣੀ ਕੰਘੀ,
ਦੁਰਮਤ ਮੈਲ ਧੁਆਈਆ ।



ਸਾਚਾ ਭੂਸ਼ਨ ਦੇਣਾ ਅੰਗੀ,
ਬਸਤਰ ਇਕ ਪਹਿਨਾਈਆ ।
ਮਾਰਗ ਦੱਸਣਾ ਧੁਰ ਦੀ ਡੰਡੀ,



ਅਧਵਿਚਕਾਰ ਨਾ ਕੋਇ ਅਟਕਾਈਆ ।
ਸੰਗੀ ਦਿਸੇ ਨਾ ਕੋਇ ਪਾਖੰਡੀ,
ਕੂੜਾ ਸੱਜਣ ਨਜ਼ਰ ਕੋਇ ਨਾ ਆਈਆ ।
ਕਲਜੁਗ ਵਾਂਗ ਸਾਧਾਂ ਦੀ ਲੱਗੀ ਰਹੇ ਨਾ ਮੰਡੀ,
ਪੁਰਖ ਅਕਾਲ ਇਕੋ ਤੇਰੀ ਓਟ ਤਕਾਈਆ ।
ਚਾਹੇ ਚੰਗੀ ਚਾਹੇ ਮੰਦੀ,
ਗੁਰਮੁਖ ਨਾਰ ਲੈ ਪਰਨਾਈਆ ।
ਲੱਖ ਚੁਰਾਸੀ ਤੁੱਟੇ ਬੰਦੀ,
ਬੰਦੀਖ਼ਾਨਾ ਦੇ ਛੁਡਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਚੇ ਘਰ ਦੇਣਾ ਬਹਾਈਆ । ੨੧ ਹਾੜ ੨੦੨੧ ਬਿ

✪ ੬੬ ✪



ਸਤਿ ਕਹੇ ਪ੍ਰਭ ਸਾਚੀ ਦੇ ਦੇ ਸਿਖਿਆ,
ਹੁਕਮ ਇਕੋ ਇਕ ਜਣਾਈਆ ।
ਤੇਰੇ ਨਾਮ ਦੀ ਪਵੇ ਭਿਛਿਆ,
ਖ਼ਾਲੀ ਝੋਲੀ ਦੇ ਭਰਾਈਆ ।
ਭਗਤਾਂ ਪੂਰੀ ਕਰ ਇੱਛਿਆ,
ਨਿਜ ਤੇਰਾ ਦਰਸ਼ਨ ਪਾਈਆ ।
ਮਾਣ ਦੁਆ ਵੱਡਿਆਂ ਨਿੱਕਿਆਂ,
ਬਿਰਧ ਬਾਲਾਂ ਰੰਗ ਚੜ੍ਹਾਈਆ ।
ਜੋ ਤੇਰੇ ਦਰ ਦੁਆਰੇ ਵਿਕਿਆ,
ਕਰਤੇ ਕੀਮਤ ਲੈਣੀ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਨਿਹਕਲੰਕ ਨਰਾਇਣ ਨਰ,
ਸ੍ਰਿਸ਼ਟ ਸਬਾਈ ਦੱਸ ਮਿਥਿਆ,
ਸਚਖੰਡ ਦੁਆਰਾ ਇਕੋ ਇਕ ਦੇਣਾ ਸਮਝਾਈਆ । ੨੪ ਅੱਸੂ ਸ਼ ਸੰ ੨

✪ ੬੭ ✪



ਸਤਿ ਕਹੇ ਪ੍ਰਭ ਮੈਂ ਮੰਗਾਂ ਦਰ ਹਜ਼ੂਰ,
ਘਰ ਠਾਂਡੇ ਸੀਸ ਝੁਕਾਈਆ ।
ਜੋਤੀ ਜਲਵਾ ਦੇ ਨੂਰ,
ਅੰਧ ਅਗਿਆਨ ਰਹੇ ਨਾ ਰਾਈਆ ।
ਜਨਮ ਮਰਨ ਦਾ ਬਖ਼ਸ਼ ਕਸੂਰ,

੨੬



ਕਸਰ ਇਸ਼ਾਰੀਏ ਨਾਲ ਉਡਾਈਆ ।
ਮੰਜ਼ਲ ਰਹੇ ਨਾ ਤੇਰੀ ਦੂਰ,
ਘਰ ਸਵਾਮੀ ਦੇਣਾ ਸੁਹਾਈਆ ।
ਤੂੰ ਸਮਰਥ ਸਰਬ ਕਲਾ ਭਰਪੂਰ,
ਬੇਅੰਤ ਬੇਪਰਵਾਹੀਆ ।
ਕਲਜੁਗ ਕੂੜੀ ਕਿਰਿਆ ਤਪੇ ਜਗਤ ਤੰਦੂਰ,
ਅਗਨੀ ਅੱਗ ਨਾ ਕੋਇ ਬੁਝਾਈਆ ।
ਮਨ ਵਾਸਨਾ ਹੰਕਾਰ ਹੋਇਆ ਗਰੂਰ,
ਗੁਰਬਤ ਅੰਦਰੋਂ ਨਾ ਕੋਇ ਕਢਾਈਆ ।
ਕਰ ਕਿਰਪਾ ਸਭ ਦੇ ਅੰਦਰ ਬਖ਼ਸ਼ ਨੂਰ,
ਨਿਰੰਤਰ ਬ੍ਰਹਮ ਦੇ ਜਣਾਈਆ ।
ਆਸਾ ਮਨਸਾ ਸਚ ਦੁਵਾਰੇ ਪੂਰ,
ਨਿਰਾਸਾ ਨਜ਼ਰ ਕੋਇ ਨਾ ਆਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਤਿ ਦੁਆਰਾ ਇਕ ਵਖਾਈਆ । ੨੪ ਅੱਸੂ ਸ਼ ਸੰ ੨



੬੮

ਸੰਤ ਸੁਹੇਲੇ ਉਠ ਉਠ ਜਾਗ,
ਰੈਣ ਸੁਹੰਜਣੀ ਆਈ ।
ਗੁਰ ਪੂਰਾ ਧੋਵਣ ਆਇਆ ਦਾਗ਼,
ਮਸਤਕ ਲੇਖਾ ਮਿਟੇ ਛਾਹੀ ।
ਲੱਗੇ ਭਾਗ ਕਾਇਆ ਮੰਦਰ,
ਆਤਮ ਜੋਤੀ ਜਗੇ ਚਰਾਗ,
ਦੂਸਰ ਕਿਸੇ ਦਿਸੇ ਨਾਹੀਂ ।
ਆਪ ਆਪਣੇ ਹੱਥ ਪਕੜੇ ਵਾਗ,
ਹੰਸ ਬਣਾਏ ਫੜ ਫੜ ਕਾਗ,
ਚਾਰੋਂ ਕੁੰਟ ਰਿਹਾ ਉਡਾਈ ।
ਮਿਲਿਆ ਮੇਲ ਕੰਤ ਸੁਹਾਗ,
ਗੁਰ ਸਤਿਗੁਰ ਸਾਚਾ ਗਿਆ ਜਾਗ,
ਅੰਮ੍ਰਿਤ ਮੇਘ ਰਿਹਾ ਬਰਸਾਈ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਸਾਵਣ ਬਰਖਾ ਘਰ ਸਾਚੇ ਲਾਈ । ੨੫ ਪੋਹ ੨੦੧੨ ਬਿ



✪ ੬੯ ✪

ਸੰਤ ਜਨਾਂ ਹਰਿ ਰਸ ਮਾਣਿਆਂ ।
ਪ੍ਰਭ ਅਬਿਨਾਸ਼ੀ ਸਾਚਾ ਜਾਣਿਆਂ ।
ਪੂਰਨ ਬ੍ਰਹਮ ਆਪ ਪਛਾਣਿਆਂ ।
ਸਚ ਕਰਮ ਆਤਮ ਤੁਟਾ ਅਭਿਮਾਨਿਆਂ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚੀ ਦਰਗਾਹ ਦੇਵੇ ਸਾਚਾ ਮਾਣਿਆਂ । ੧ ਮਾਘ ੨੦੦੯ ਬਿਕ੍ਰਮੀ

✪ ੭੦ ✪

ਸੰਤ ਜਨਾਂ ਹਰਿ ਕਾਜ ਸੁਵਾਰੇ ।
ਆਪੇ ਆਵੇ ਚਲ ਦੁਵਾਰੇ ।
ਏਕਾ ਜੋਤ ਕਰੇ ਅਕਾਰੇ ।
ਜੋਤ ਸਰੂਪ ਨਿਹਕਲੰਕ
ਨਰਾਇਣ ਨਰ ਅਵਤਾਰੇ ।
ਆਏ ਘਰ ਖਾਲੀ ਭਰੇ ਭੰਡਾਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੰਤ ਜਨਾਂ ਦੁਤਰ ਤਾਰੇ । ੧ ਮਾਘ ੨੦੦੯ ਬਿ



✪ ੭੧ ✪

ਸੰਤ ਮਨੀ ਸਿੰਘ ਉਚ ਪੁਕਾਰੇ ।
ਕਲਗ਼ੀਧਰ ਆਇਆ ਅਵਤਾਰੇ ।
ਏਕਾ ਜੋਤ ਆਪ ਨਿਰੰਕਾਰੇ ।
ਮਾਤਲੋਕ ਪ੍ਰਗਟੇ ਨੈਣ ਮੁੰਧਾਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਜੋਤ ਕ੍ਰਿਸ਼ਨ ਮੁਰਾਰੇ । ੫ ਜੇਠ ੨੦੦੯ ਬਿ

✪ ੭੨ ✪

ਸੰਤ ਮਨੀ ਸਿੰਘ ਕਰਮ ਕਮਾਇਆ ।
ਸਾਚਾ ਸ਼ਬਦ ਪ੍ਰਭ ਸਾਚੇ ਉਪਜਾਇਆ ।
ਨੀਲ ਬਸਤਰ ਪ੍ਰਭ ਚੋਗਾ ਪਾਇਆ ।
ਇਮਾਮ ਮਹਿਦੀ ਜਗ ਨਾਉਂ ਧਰਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬਾਲ ਅਵਸਥਾ ਖੇਲ ਰਚਾਇਆ । ੧ ਮਾਘ ੨੦੦੮ਬਿ



✪ ✪



✪ ੭੩ ✪

ਸਤਿਗੁਰ ਸ਼ਬਦ ਕਹੇ ਮੈਂ ਕਰਾਵਾਂ ਚੇਤਾ,
ਚਿਤਵਿਤ ਠਗੌਰੀ ਰਹਿਣ ਨਾ ਪਾਈਆ ।
ਮਾਤ ਗਰਭ ਦਾ ਪਿਛਲਾ ਲੇਖਾ,
ਨੌਂ ਅਠਾਰਾਂ ਅਗਨੀ ਤਤ ਤਪਾਈਆ ।
ਕਰੀ ਬੇਨੰਤੀ ਪ੍ਰਭ ਹੋਏ ਸਚ ਨਰੇਸ਼ਾ,
ਅੰਤਰ ਧਿਆਨ ਲਗਾਈਆ ।
ਮੈਂ ਤੇਰੀ ਸੇਵਾ ਕਰਾਂ ਹਮੇਸ਼ਾ,
ਜੀਵਣ ਜੁਗਤ ਨਾ ਕੋਇ ਵਡਿਆਈਆ ।
ਸਾਚਾ ਚਵਰ ਕਰਾਂ ਨਾਲ ਕੇਸਾ,
ਧੂੜੀ ਟਿੱਕਾ ਮਸਤਕ ਲਾਈਆ ।
ਜਨ ਭਗਤਾਂ ਮਿਲਣ ਦਾ ਦੱਸ ਪੇਸ਼ਾ,
ਪੇਸ਼ੀਨਗੋਈ ਇਕ ਸੁਣਾਈਆ ।
ਮੈਂ ਪਰਮ ਪੁਰਖ ਪ੍ਰਭ ਤੇਰਾ ਬਣਾ ਬੇਟਾ,
ਦੂਜੀ ਵੇਰਾਂ ਮੈਨੂੰ ਜਨਮੇਂ ਕੋਈ ਨਾ ਮਾਈਆ ।



ਤੂੰ ਮੇਰਾ ਖੇਵਟ ਖੇਟਾ,
ਬੇੜਾ ਪਾਰ ਦੇਣਾ ਕਰਾਈਆ ।
ਏਥੇ ਓਥੇ ਮੰਗੇ ਕੋਈ ਨਾ ਲੇਖਾ,
ਫੜ ਫੜ ਦਏ ਨਾ ਕੋਇ ਸਜ਼ਾਈਆ ।
ਮੈਂ ਮੰਨਿਆ ਇਕੋ ਨੇਤਾ,
ਨਰ ਨਰਾਇਣ ਨੂਰ ਖ਼ੁਦਾਈਆ ।
ਜਿਸ ਦੇ ਹੁਕਮੇ ਅੰਦਰ ਬ੍ਰਹਮਾ ਵਿਸ਼ਨ ਮਹੇਸ਼ਾ,
ਮਹਿਖਾਸੁਰ ਵਰਗੇ ਬੈਠੇ ਮਾਣ ਗੁਵਾਈਆ ।
ਅੰਤਰ ਆਪਣਾ ਆਪ ਕਰ ਕੇ ਭੇਟਾ,
ਜਿਸ ਦੀ ਵਸਤ ਓਸੇ ਅੱਗੇ ਟਿਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਗੁਰਮੁਖ ਆਪਣੀ ਗੋਦ ਸੁਹਾਈਆ । ੨੪ ਜੇਠ ੨੦੨੧ ਬਿ

✪ ੭੪ ✪



ਸਤਿਗੁਰ ਕਹੇ ਪ੍ਰਭ ਤੇਰਾ ਹੋਵੇ ਇਕੋ ਗੀਤ,
ਗੀਤਾ ਗਿਆਨ ਲੋੜ ਰਹੇ ਨਾ ਰਾਈਆ ।
ਝੁਕਣਾ ਪਏ ਨਾ ਕਿਸੇ ਮਸੀਤ,
ਮਸਲਾ ਹਕ ਦੇਣਾ ਸੁਣਾਈਆ ।
ਤੇਰੇ ਚਰਨ ਲਗੇ ਪ੍ਰੀਤ,
ਪ੍ਰੀਤਮ ਹੋ ਕੇ ਦੇਣੀ ਵਡਿਆਈਆ ।



ਸਭ ਦੀ ਬਦਲ ਦੇ ਨੀਤ,
ਨੀਤੀਵਾਨ ਇਕ ਹੋ ਜਾਈਆ ।
ਝਗੜਾ ਮੁਕਾ ਦੇ ਹਸਤ ਕੀਟ,
ਕਟਾਕਸ਼ ਆਪਣਾ ਨਾਮ ਰਖਾਈਆ ।
ਦੀਨ ਦੁਨੀ ਹੋਵੇ ਭੈ ਭੀਤ,
ਭੈ ਭੌ ਚਾਰੋਂ ਕੁੰਟ ਨਜ਼ਰੀ ਆਈਆ ।
ਪਿਛਲੀ ਕੂੜ ਦੀ ਮੇਟ ਦੇ ਲੀਕ,
ਲਾਇਨ ਆਪਣੀ ਦੇ ਵਖਾਈਆ ।
ਗੁਰ ਅਵਤਾਰ ਪੈਗ਼ੰਬਰਾਂ ਬਦਲ ਦੇ ਤਵਾਰੀਖ,
ਤਾਰੀਖ ਆਪਣੀ ਇਕ ਸਮਝਾਈਆ ।
ਤੇਰੇ ਦਰ ਤੇ ਮੰਗਦਾ ਭੀਖ,
ਮਾਂਗਤ ਹੋ ਕੇ ਝੋਲੀ ਡਾਹੀਆ ।
ਮੇਰੀ ਆਸਾ ਮਨਸਾ ਪੂਰੀ ਕਰ ਉਮੀਦ,
ਆਮਦ ਵਿਚ ਅਮਲ ਦੇ ਦ੍ਰਿੜਾਈਆ ।
ਤੂੰ ਵਸਣਹਾਰਾ ਸਦਾ ਨਜ਼ਦੀਕ,
ਦੂਰ ਦੁਰਾਡਾ ਪੰਧ ਮੁਕਾਈਆ ।



ਤੇਰਾ ਨਾਮ ਕਲਮਾ ਹੋਵੇ ਇਕੋ ਲਾਸ਼ਰੀਕ,
ਸ਼ਿਰਕਤ ਜਗਤ ਦੇਣੀ ਮਿਟਾਈਆ ।
ਤੇਰੇ ਅੰਦਰ ਸਚ ਤੌਫ਼ੀਕ,
ਦਾਅਵੇਦਾਰ ਇਕ ਅਖਵਾਈਆ ।
ਸਾਚਾ ਦਰਸ ਦੇ ਦੀਦ,
ਨੇਤਰ ਲੋਚਣ ਅੱਖ ਖੁਲ੍ਹਾਈਆ ।
ਤੇਰੇ ਪਿਆਰ ਦੀ ਰਹੇ ਦੀਦ,
ਈਦਲ ਫ਼ਿਤਰ ਨਾ ਕੋਇ ਵਡਿਆਈਆ ।
ਜਨ ਭਗਤ ਸੁਹੇਲੇ ਬਣਾ ਅਜੀਜ,
ਪਿਆਰੇ ਪ੍ਰੀਤਮ ਮੇਲ ਮਿਲਾਈਆ ।
ਸਾਚੀ ਸਿਖਿਆ ਦੇ ਤਮੀਜ਼,
ਤਮਅ ਕੂੜ ਦੇਣੀ ਗੁਆਈਆ ।
ਏਕਾ ਛਤਰ ਝੁਲੇ ਤੇਰੇ ਸੀਸ,
ਸਾਹਿਬ ਸੁਲਤਾਨ ਤੇਰੀ ਸਰਨਾਈਆ ।
ਤੂੰ ਪਰਵਰਦਿਗਾਰ ਠਾਕਰ ਸੁਵਾਮੀ ਜਗਦੀਸ਼,
ਜਗਦੀਸ਼ਰ ਇਕ ਅਖਵਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਨਿਹਕਲੰਕ ਨਰਾਇਣ ਨਰ,



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਰਦਾ ਲਾਹ ਖੇਲ ਜਗਤ ਅਨਡੀਠ,
ਅਨਡੀਠ ਆਪਣਾ ਹੁਕਮ ਇਕ ਵਰਤਾਈਆ । ੫ ਜੇਠ ਸ਼ ਸੰ ੪

੭੫

ਸਤਿਗੁਰ ਸ਼ਬਦ ਸ਼ਬਦ ਗੁਰ ਪੂਰਨ,
ਪੂਰਬ ਲੇਖਾ ਰਿਹਾ ਚੁਕਾ ।
ਵਡ ਦਾਤਾ ਜੋਧਾ ਜੋਧ ਸੂਰਨ,
ਬੇਪਰਵਾਹ ਅਗੰਮ ਅਥਾਹ ।
ਜੋਤੀ ਜਾਤਾ ਨੂਰੀ ਨੂਰ ਨੂਰਨ,
ਨੂਰ ਨੁਰਾਨਾ ਨੂਰ ਅਲ੍ਹਾ ।
ਗੁਰਮੁਖਾਂ ਆਸਾ ਮਨਸਾ ਕਰੇ ਪੂਰਨ,
ਜਗਤ ਤ੍ਰਿਸ਼ਨਾ ਤ੍ਰਿਖਾ ਦੂਰ ਕਰਾ ।
ਸਚ ਪ੍ਰੀਤੀ ਬਖ਼ਸ਼ ਕੇ ਜਾਏ ਧੂੜਨ,
ਟਿੱਕੇ ਨਾਮ ਪ੍ਰੇਮ ਦੇ ਦਏ ਰਮਾ ।



ਇਕੋ ਰੰਗ ਚੜ੍ਹਾਏ ਗੂੜ੍ਹਨ,
ਜਗਤ ਜਹਾਨ ਉਤਰੇ ਕਦੇ ਨਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਦਿ ਜੁਗਾਦਿ ਸਦਾ ਹਾਜ਼ਰ ਹਜ਼ੂਰਨ,
ਵਿਛੋੜੇ ਵਿਚ ਵਿਛੜੇ ਕਦੇ ਨਾ । ੭ ਕੱਤਕ ਸ਼ ਸੰ ੭

੭੬

ਸਤਿਗੁਰ ਸ਼ਬਦ ਕਹੇ
ਮੈਂ ਨਾਮ ਦੇ ਦੇਂਦਾ ਰਿਹਾ ਡਗਰੂ,
ਲੋਕਮਾਤ ਹੱਥ ਫੜਾਈਆ ।
ਨੰਨ੍ਹੇ ਬੱਚੇ ਕਰ ਕੇ ਗਭਰੂ,
ਗੁਰ ਅਵਤਾਰ ਪੈਗੰਬਰ ਦਿਤੇ ਲੜਾਈਆ ।
ਸਾਚਾ ਰਹਿਣ ਨਾ ਕੋਇ ਦਿਤਾ ਅਦੂਲ,
ਇਨਸਾਫ਼ ਹਕ ਨਾ ਕੋਇ ਕਮਾਈਆ ।



ਏਸੇ ਤਰ੍ਹਾਂ ਹੁਣ ਵੀ ਕਲਜੁਗ ਬਦਲੂ,
ਅੱਗੇ ਹੋ ਨਾ ਕੋਇ ਅਟਕਾਈਆ ।
ਗੁਰਮੁਖ ਵਿਰਲਾ ਪ੍ਰਭ ਦਾ ਸੰਗ ਮੰਗ ਲਊ,



ਮੰਗਤਾ ਹੋ ਕੇ ਝੋਲੀ ਡਾਹੀਆ ।
ਸਚ ਦੁਆਰੇ ਇਕ ਅਨੰਦ ਲਊ,
ਸੁਖ ਸਾਗਰ ਵਿਚ ਸਮਾਈਆ ।
ਪੁਰਖ ਅਕਾਲਾ ਦੀਨ ਦਿਆਲਾ ਇਕੋ ਮੰਨ ਲਊ,
ਮਾਇਆ ਮਮਤਾ ਮੋਹ ਗਵਾਈਆ ।
ਸਚ ਖ਼ਜ਼ੀਨਾ ਅਗੰਮ ਧਨ ਲਊ,
ਨਾਮ ਨਿਧਾਨਾ ਨਜ਼ਰੀ ਆਈਆ ।
ਜੋਤੀ ਸਰੂਪ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਦ ਆਪਣਾ ਹੁਕਮ ਵਰਤਾਈਆ । ੨੦ ਜੇਠ ਸ਼ ਸੰ ੫

✪ ੭੭ ✪



ਸਤਿਗੁਰ ਸੋ ਜੋ ਵਿਛੜਿਆਂ ਜੋੜੇ,
ਵਿਛੋੜਾ ਦਏ ਕਟਾਈਆ ।
ਸਤਿਗੁਰ ਸੋ ਜੋ ਡੁਬਦਿਆਂ ਬੌਹੜੇ,
ਜਗਤ ਜਹਾਨ ਦਏ ਤਰਾਈਆ ।
ਸਤਿਗੁਰ ਸੋ ਜੋ ਸਿਖਾਂ ਦੇ ਪਿਛੇ ਦੌੜੇ,
ਜਗਤ ਵਿਕਾਰ ਨਾ ਵੰਡ ਵੰਡਾਈਆ ।
ਸਤਿਗੁਰ ਸੋ ਜੋ ਗੁਰਮੁਖਾਂ ਤੋਂ ਖਾ ਕੇ ਪੱਥਰ ਰੋੜੇ,
ਆਪਣੀ ਖ਼ੁਸ਼ੀ ਬਣਾਈਆ ।
ਸਤਿਗੁਰ ਸੋ ਜੋ ਮਨ ਚੰਚਲ ਤਾਂਈ ਮੋੜੇ,
ਮੁੜ ਮੁੜ ਆਪਣੇ ਚਰਨ ਲਗਾਈਆ ।
ਸਤਿਗੁਰ ਸੋ ਜੋ ਦਿਨ ਥੋੜੇ ਕਰੇ ਵਿਛੋੜੇ,
ਮਿਹਰ ਨਜ਼ਰ ਉਠਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਿਹਰ ਨਜ਼ਰ ਨਾਲ ਤਰਾਈਆ । ੧੨ ਫੱਗਣ ਸ਼ ਸੰ ੪

✪ ੭੮ ✪



ਸਤਿਗੁਰ ਕੀਤੀ ਬੁਧ ਬਿਬੇਕ ।
ਚਰਨ ਪ੍ਰੀਤੀ ਬਖ਼ਸ਼ੀ ਟੇਕ ।
ਭੇਵ ਚੁਕਾਇਆ ਏਕਮ ਏਕ ।
ਮਨ ਕਲਪਣਾ ਕੀਤੀ ਨੇਕ ।
ਤ੍ਰੈਗੁਣ ਮਾਇਆ ਨਾ ਲਗੇ ਸੇਕ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੁਆਮੀ ਕਰੇ ਖੇਲ ਅਨੇਕ । ✪



੭੯

ਸਤਿਗੁਰ ਸੱਜਣ ਪੂਰਾ ਮੀਤ,
ਚਰਨ ਕਵਲ ਬਖ਼ਸ਼ੇ ਪ੍ਰੀਤ ।
ਕਾਇਆ ਕਰੇ ਠਾਂਡੀ ਸੀਤ,
ਦੇਵੇ ਨਾਮ ਸਚ ਅਨਡੀਠ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖ ਸਾਚੇ ਸਦਾ ਮਨ ਚੀਤ ।

੮੦

ਸਤਿਗੁਰ ਤੇਰਾ ਸਾਚਾ ਦਰਸ,
ਜਨਮ ਮਰਨ ਦੀ ਮੇਟੇ ਹਰਸ ।
ਰਾਵੀ ਕੰਢੇ ਅੰਮ੍ਰਿਤ ਬਰਸ,
ਗੁਰ ਅਰਜਨ ਦੀ ਪੂਰੀ ਕਰੇ ਹਰਸ ।
ਭਗਤ ਭਗਵਾਨ ਦੀ ਲਗੀ ਸ਼ਰਤ,
ਜਿਨ੍ਹਾਂ ਪਿਛੇ ਆਇਉਂ ਪਰਤ ।
ਦੇ ਵਡਿਆਈ ਉਤੇ ਧਰਤ ।
ਘਰ ਸੁਹਾਵਣਾ ਉਤੇ ਅਰਸ਼ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗ਼ਰੀਬ ਨਿਮਾਣਿਆਂ ਮੰਨੀ ਅਰਜ਼ ।



੮੧

ਸਤਿਗੁਰ ਸਾਚਾ ਧੁਰ ਦਾ ਸੱਜਣ ।
ਚਰਨ ਧੂੜੀ ਕਰਾਏ ਮਜਨ ।
ਜਨ ਭਗਤਾਂ ਆਏ ਪੈਜ ਰੱਖਣ ।
ਧੁਰ ਦਾ ਨਾਮ ਅਗੰਮਾ ਦੱਸਣ ।
ਹਿਰਦੇ ਅੰਦਰ ਆਏ ਵਸਣ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਚ ਦੁਆਰ ਵਖਾਏ ਆਪਣਾ ਪਤਨ ।

੮੨

ਸਤਿਗੁਰ ਸ਼ਬਦ ਕਰੇ ਮਿਹਰਵਾਨੀ,
ਮੇਲ ਮਿਲਾਏ ਸ਼ਾਹ ਸੁਲਤਾਨੀ ।
ਮੰਜ਼ਲ ਬਖ਼ਸ਼ੇ ਸਚ ਰੁਹਾਨੀ,
ਜੋਤ ਜਗਾਏ ਘਰ ਨੂਰ ਨੁਰਾਨੀ ।
ਪੰਧ ਚੁਕਾਏ ਜ਼ਿਮੀਂ ਅਸਮਾਨੀ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਭਗਤ ਜਨਾਂ ਦਾ ਬਣਿਆ ਬਾਨੀ ।





੯੩

ਸਤਿਗੁਰ ਸਚ ਮਲਾਹ ਹੈ,
ਦੋ ਜਹਾਨਾਂ ਲਾਵੇ ਪਾਰ ।
ਇਕ ਇਕੱਲਾ ਬੇਪਰਵਾਹ ਹੈ,
ਹਰ ਘਟ ਖੇਲੇ ਖੇਲ ਅਪਾਰ ।
ਲੱਖ ਚੁਰਾਸੀ ਕਟੇ ਫਾਹ ਹੈ,
ਰੋਗ ਸੋਗ ਚਿੰਤ ਨਿਵਾਰ ।
ਆਪੇ ਪਿਤਾ ਆਪੇ ਮਾਂ ਹੈ,
ਦਿਵਸ ਰੈਣ ਪਾਵੇ ਸਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਿਸ ਜਨ ਦੇਵੇ ਨਾਮ ਅਧਾਰ ।

੯੪



ਸਤਿਗੁਰ ਪੂਰਾ ਕਰੇ ਤਰਸ,
ਸਿਰ ਸਿਰ ਆਪਣਾ ਹੱਥ ਟਿਕਾਇੰਦਾ ।
ਜਨਮ ਮਰਨ ਦੀ ਮੇਟੇ ਹਰਸ,
ਆਸਾ ਮਨਸਾ ਪੂਰ ਕਰਾਇੰਦਾ ।
ਦਿਵਸ ਰੈਣ ਦੇਵੇ ਦਰਸ,
ਜਾਗਰਤ ਜੋਤ ਡਗਮਗਾਇੰਦਾ ।
ਪ੍ਰੇਮ ਪ੍ਰੀਤੀ ਮੇਘ ਬਰਸ,
ਕੂੜ ਤ੍ਰਿਸ਼ਨਾ ਭੁਖ ਮਿਟਾਇੰਦਾ ।
ਹੋਏ ਸਹਾਈ ਉਤੇ ਫਰਸ਼,
ਅਰਸ਼ ਆਪਣਾ ਘਰ ਜਣਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੁਗ ਜਨਮ ਦੀ ਮੇਟੇ ਤੜਪ,
ਵਿਛੋੜਾ ਅਗਲਾ ਪੰਧ ਮਿਟਾਇੰਦਾ ।

੯੫



ਸਤਿਗੁਰ ਤੇਰੀ ਸਾਚੀ ਓਟ,
ਹਉਮੇ ਵਿਚੋਂ ਕਢ ਦੇ ਖੋਟ ।
ਸਚ ਨਾਮ ਦੀ ਲਾ ਦੇ ਚੋਟ,
ਲੇਖਾ ਮੁਕੇ ਜਨਮ ਕੋਟੀ ਕੋਟ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਲਣਿਉਂ ਡਿੱਗੇ ਉਠਾ ਲੈ ਬੋਟ ।



੮੬

ਸਤਿਜੁਗ ਨੂਰ ਭਗਤਨ ਰੰਗ,
ਹਰਿ ਭਗਵਨ ਆਪ ਚੜ੍ਹਾਇੰਦਾ ।
ਆਤਮ ਪਰਮਾਤਮ ਸੇਜ ਪਲੰਘ,
ਸੁਹੰਜਣੀ ਆਪ ਸੁਹਾਇੰਦਾ ।
ਅੰਦਰ ਬਾਹਰ ਇਕ ਅਨੰਦ,
ਗੁਪਤ ਜ਼ਾਹਰ ਆਪ ਜਣਾਇੰਦਾ ।
ਸਮਰਥ ਸੁਆਮੀ ਹੋ ਕੇ ਵਸੇ ਸੰਗ,
ਸਾਚਾ ਸੰਗ ਨਿਭਾਇੰਦਾ ।
ਜੋਤੀ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਕਲਜੁਗ ਤੇਰੀ ਅੰਤਮ ਵਰ,
ਸਤਿਜੁਗ ਸਾਚਾ ਧਰਨੀ ਧਰ,
ਧਰਤ ਧੌਲ ਗੋਦ ਸੁਹਾਇੰਦਾ । ੨ ਸਾਵਣ ੨੦੨੦ ਬਿ



੮੭

ਸਤਿਜੁਗ ਪ੍ਰਭ ਹੱਥ ਤੇਰੀ ਡੋਰ ।
ਚਾਰੇ ਤਰਫ ਕਰੇ ਸ਼ਬਦ ਘਨਘੋਰ ।
ਨਾ ਕੋਈ ਦਿਸੇ ਠੱਗ ਯਾਰ ਚੋਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਚੁਕਾਏ ਮੋਰ ਤੋਰ । ੧ ਮਾਘ ੨੦੧੦ ਬਿ

੮੮

ਸਤਿਗੁਰ ਪੂਰਾ ਰਖੇ ਪਤ,
ਪਤਿਪਰਮੇਸ਼ਵਰ ਆਪ ਅਖਵਾਇਆ ।
ਲੇਖੇ ਲਾਏ ਹੱਡ ਮਾਸ ਨਾੜੀ ਰੱਤ,
ਆਪ ਆਪਣੀ ਦਇਆ ਕਮਾਇਆ ।
ਨਾਮ ਬੀਜ ਬੀਜੇ ਸਾਚੇ ਵਤ,
ਕਾਇਆ ਮੰਦਰ ਫੋਲ ਫੁਲਾਇਆ ।
ਧੀਰਜ ਸੰਤੋਖ ਦੇਵੇ ਸਤਿ,
ਸਤਿ ਸਤਿਵਾਦ ਆਪ ਉਪਜਾਇਆ ।
ਏਕਾ ਉਪਜੇ ਹਰਿ ਪ੍ਰੀਤ,
ਪਾਰਬ੍ਰਹਮ ਵੇਖ ਵਖਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਸਿਰ ਆਪਣਾ ਹੱਥ ਟਿਕਾਇਆ ।





੮੯

ਸਦਾ ਸਹਾਈ ਆਪੇ ਹੋਏ ।
ਦੁਰਮਤ ਮੈਲ ਪਾਪਾਂ ਧੋਏ ।
ਗੁਰਸਿੱਖਾਂ ਭਾਗ ਜਗਾਏ ਸੋਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦਾ ਸਹਾਈ ਆਪੇ ਹੋਏ । ੧੯ ਚੇਤ ੨੦੧੦ ਬਿ

੯੦

ਸਦਾ ਸੰਗ ਪ੍ਰਭ ਸਦਾ ਸਹਾਈ ।
ਚਰਨ ਪ੍ਰੀਤ ਜਿਸ ਜਨ ਕਮਾਈ ।
ਭੈ ਭਿਆਨਕ ਪ੍ਰਭ ਹੋਏ ਸਹਾਈ ।
ਪ੍ਰਗਟ ਜੋਤ ਜੁਗੋ ਜੁਗ,
ਜਨ ਭਗਤਾਂ ਪੈਜ ਰਖਾਈ ।
ਮਹਾਰਾਜ ਸ਼ੇਰ ਸਿੰਘ ਨਿਹਕਲੰਕ,
ਤੇਰੀ ਕੀਮਤ ਕਹੀ ਨਾ ਜਾਈ । ੧੪ ਸਾਵਣ ੨੦੦੮ ਬਿ



੯੧

ਸਦੀ ਚੌਧਵੀਂ ਕਹੇ
ਮੈਂ ਕਰਾਂ ਇਕ ਅਰਜੋਈ,
ਅਰਜ਼ ਸਚ ਸੁਣਾਈਆ ।
ਮੇਰਾ ਸਾਹਿਬ ਮਿਲਾਵੇ ਕੋਈ,
ਕੋਨਾ ਕੋਨਾ ਫੋਲ ਫੁਲਾਈਆ ।
ਜਿਸ ਦੀ ਮੁਹੰਮਦ ਪਾਈ ਦਰੋਹੀ,
ਦਰੋਹੀ ਨਾਮ ਖ਼ੁਦਾਈਆ ।
ਉਸ ਦੇ ਦਰ ਮਿਲੇ ਜਗ ਢੋਈ,
ਸਿਰ ਆਪਣਾ ਹੱਥ ਰਖਾਈਆ ।
ਓਸੇ ਦੀ ਮੁਹੱਬਤ ਵਿਚ ਮੋਈ,
ਜ਼ਿੰਦਗੀ ਜੀਵਨ ਕੰਮ ਕਿਸੇ ਨਾ ਆਈਆ ।
ਬਿਨ ਨੇਤਰ ਨੈਣਾਂ ਰੋਈ,
ਹੰਝੂਆਂ ਹਾਰ ਬਣਾਈਆ ।
ਮੈਨੂੰ ਸਹਿਜ ਸੁਭਾਏ ਮੇਲ ਮਿਲਾਵੇ ਜੇ ਕੋਈ,
ਸੋ ਪੁਰਖ ਨਿਰੰਜਣ ਰੰਗ ਰੰਗਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਦ ਆਪਣਾ ਖੇਲ ਵਖਾਈਆ । ੨੫ ਮੱਘਰ ਸ਼ ਸੰ ੪





✪ ੯੨ ✪

ਸਰਬ ਸੁਖ ਗੁਰ ਚਰਨ ਪਿਆਰ ।
ਸਰਬ ਸੁਖ ਗੁਰ ਰਿਦੇ ਚਿਤਾਰ ।
ਸਰਬ ਗੁਰ ਸੰਗਤ ਪਿਆਰ ।
ਸਰਬ ਸੁਖ ਮਹਾਰਾਜ ਸ਼ੇਰ ਸਿੰਘ ਰਿਦੇ ਚਿਤਾਰ । ੪ ਜੇਠ ੨੦੦੭ ਬਿ

✪ ੯੩ ✪

ਸਰਬ ਕਲਾ ਪ੍ਰਭੁ ਭਰਪੂਰ ।
ਦੇਹੀ ਦੁਖੜੇ ਕੀਤੇ ਦੂਰ ।
ਆਤਮ ਸੁਖ ਉਤਰੇ ਭੁਖ,
ਪ੍ਰਭ ਸਾਚਾ ਦਿਸੇ ਹਜ਼ੂਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਬ ਜਨਾ ਦੀ ਆਸਾ ਪੂਰ ।

✪ ੯੪ ✪



ਸਰਬ ਜਨਾ ਪ੍ਰਭ ਆਸਾ ਪੂਰ ।
ਜੋ ਜਨ ਆਏ ਚਰਨ ਹਜ਼ੂਰ ।
ਸੋਹੰ ਸਾਚਾ ਦੇਵੇ ਨਾਮ ਸਰੂਰ ।
ਪ੍ਰਭ ਅਬਿਨਾਸ਼ੀ ਆਤਮ ਕਰੇ ਭਰਪੂਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਹਿਰਦੇ ਵਸੇ ਨਾ ਜਾਣੇ ਦੂਰ ।

✪ ੯੫ ✪

ਸਰਨ ਆਏ ਜਨ ਹੋਏ ਨਿਮਾਣਾ ।
ਸਾਚੀ ਦਰਗਾਹ ਮਿਲੇ ਟਿਕਾਣਾ ।
ਪ੍ਰਭ ਅਬਿਨਾਸ਼ੀ ਗੁਣ ਨਿਧਾਣਾ ।
ਗੁਰਸਿਖ ਅੰਤ ਏਕਾ ਜੋਤ ਸਮਾਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖ ਸਾਚੇ ਜੋਤੀ ਮੇਲ ਮਿਲਾਣਾ ।

✪ ੯੬ ✪

ਸ਼ਬਦ ਡੰਕ ਹਰਿ ਆਪ ਵਜਾਏ ।
ਮਨ ਕਾ ਮਣਕਾ ਆਪ ਫਿਰਾਏ ।



ਸ਼ਬਦ ਸਰੂਪੀ ਤਨਕ ਲਗਾਏ ।
ਦਾਣਾ ਕਣਕ ਜੋਤ ਟਿਕਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਰਾਓ ਰੰਕ ਏਕਾ ਥਾਂ ਬਹਾਏ । ✪ ੧੪ ਚੇਤ ੨੦੧੧ ਬਿ



✪ ੬੭ ✪

ਸ਼ਬਦ ਘੋੜੀ ਹਰਿ ਆਪ ਚੜ੍ਹਾਇਆ ।
ਸੋਹੰ ਸਿਹਰਾ ਸਿਰ ਬੰਧਾਇਆ ।
ਜੋਤ ਲਾੜੀ ਨਾਲ ਵਿਹਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬਹੱਤਰ ਨਾੜੀ ਜੋਤ ਜਗਾਇਆ । ੬ ਜੇਠ ੨੦੧੦ ਬਿ

✪ ੬੮ ✪

ਸ਼ਬਦ ਚੋਲਾ ਤਨ ਸ਼ਿੰਗਾਰੇ,
ਗੁਰਮੁਖਾਂ ਵਾਜਾਂ ਮਾਰਦਾ ।
ਪੁਰਖ ਅਬਿਨਾਸ਼ੀ ਪੈਜ ਸੁਆਰੇ,
ਇਕ ਕਰਾਏ ਸ਼ਬਦ ਜੈਕਾਰੇ,
ਪੁਰੀਆਂ ਲੋਆਂ ਪਾਵੇ ਸਾਰੇ,
ਵਖਾਵੇ ਘਰ ਸੱਚੀ ਸਰਕਾਰ ਦਾ ।
ਆਪੇ ਖੜਾ ਦਿਸੇ ਦਰ ਦਰਬਾਰੇ,
ਜੋਤ ਸਰੂਪ ਅਗੰਮ ਅਪਾਰੇ,



ਨੂਰੋ ਨੂਰ ਇਕ ਅਕਾਰੇ,
ਮਿਲਿਆ ਮੇਲ ਸਚ ਸੱਚੇ ਪਰਵਰਦਿਗਾਰ ਦਾ ।
ਪਾਰਬ੍ਰਹਮ ਪਾਵੇ ਸਾਰੇ,
ਹੱਡ ਮਾਸ ਨਾੜੀ ਚੰਮ ਉਧਰੇ ਪਾਰੇ,
ਸਾਚਾ ਮੇਲ ਸਾਚੇ ਮੀਤ ਮੁਰਾਰ ਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਗੁਰਮੁਖ ਸਾਚੇ ਸੰਤ ਜਨਾਂ,
ਅੰਦਰ ਬਾਹਰ ਗੁਪਤ ਜ਼ਾਹਰ
ਆਪਣੇ ਰੰਗ ਰੰਗਾਏ,
ਆਪੇ ਪੈਜ ਸਵਾਰਦਾ । ੧੯ ਫੱਗਣ ੨੦੧੨ ਬਿ

✪ ੬੯ ✪

ਸ਼ਬਦ ਵਪਾਰੀ ਜਨ ਕੋਇ ।
ਲੈ ਸ਼ਬਦ ਆਤਮ ਜਗਾਏ ਸੋਏ ।
ਦੁਬਦਾ ਮੈਲ ਸੋਹੰ ਸ਼ਬਦ ਸੰਗ ਧੋਏ ।
ਆਤਮ ਨਿਰਮਲ ਵਿਚ ਸਾਚੀ ਜੋਤ ਬਲੋਏ ।



ਜੋਤ ਸਰੂਪ ਜਗੇ ਦੇਹ ਦੀਪਕ,
ਸਾਚੀ ਪ੍ਰਭ ਦੀ ਸੋਝੀ ਹੋਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,



ਸਰਬ ਸੁਖ ਦਾਤਾ ਰਸਨ ਜਪ,
ਦਰਸ ਮਿਲਾਵਾ ਹੋਏ ।

੧੫ ਵਿਸਾਖ ੨੦੦੮ ਬਿ

੧੦੦

ਸ਼ਬਦ ਸੁਣਾਏ ਤੁਹਾਡਾ ਬਾਪੂ ।
ਤ੍ਰੈਗੁਣ ਮੇਟੇ ਤੀਨੋ ਤਾਪੂ ।
ਸੋਹੰ ਸ਼ਬਦ ਜਪਾਏ ਜਾਪ ।
ਤਨ ਮਨ ਹੋਇਆ ਪਾਕੀ ਪਾਕ ।
ਆਪਣੇ ਦਰਸ ਦਾ ਖੋਲ੍ਹੇ ਤਾਕ ।
ਪੂਰਾ ਕਰੇ ਅੱਜ ਦਾ ਵਾਕ ।
ਤੁਸੀਂ ਮੇਰੇ ਮੈਂ ਤੁਹਾਡੀ ਜ਼ਾਤ ।
ਲੇਖੇ ਲਾਈ ਸਭਨਾ ਰਾਤ ।
ਚਰਨ ਪ੍ਰੀਤੀ ਦੇ ਸੁਗਾਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦਾ ਸਹਾਈ ਸਿਰ ਰੱਖੇ ਹਾਥ ।



੧੦੧

ਸ਼ਬਦ ਮੇਰਾ ਇਹ ਨਿਰਾਲਾ ।
ਸੋਹੰ ਨਾਮ ਸਦਾ ਪ੍ਰਿਤਪਾਲਾ ।
ਨਾਮ ਮੇਰੇ ਦੀ ਇਹ ਵਡਿਆਈ ।
ਪਸੂ ਪ੍ਰੇਤੋਂ ਦੇਵ ਬਣਾਈ ।
ਕਿਰਤਮ ਨਾਮ ਜਪੇ ਜੋ ਮੇਰਾ ।
ਮਾਤਲੋਕ ਵਿਚ ਹੋਏ ਨਾ ਫੇਰਾ ।
ਸਦਾ ਅਤੀਤ ਸਦਾ ਹੈ ਜੀਤਾ ।
ਮਹਾਰਾਜ ਸ਼ੇਰ ਸਿੰਘ ਰੱਖਿਆ ਚੀਤਾ ।

੧੦੨

ਸ਼ਬਦ ਨਾਦ ਹਰਿ ਵਜਿਆ,
ਏਕਾ ਨਾਮ ਜੈਕਾਰ ।
ਸਤਿਗੁਰ ਪੂਰਾ ਮਾਤਲੋਕ ਹਰਿ ਗੱਜਿਆ,
ਨਿਹਕਲੰਕੀ ਜਾਮਾ ਧਾਰ ।
ਜੋ ਘੜਿਆ ਸੋ ਭਜਿਆ,
ਥਿਰ ਰਹੇ ਨਾ ਕੋਈ ਸੰਸਾਰ ।
ਜਨ ਭਗਤਾਂ ਰੱਖੇ ਲਜਿਆ,
ਆਪ ਆਪਣੀ ਕਿਰਪਾ ਧਾਰ ।
ਪ੍ਰਗਟ ਹੋਇਆ ਦੇਸ ਮਾਝਿਆ,





ਸੰਬਲ ਨਗਰੀ ਧਾਮ ਨਿਆਰ ।
ਆਪੇ ਜਾਣੇ ਆਪਣਾ ਕਾਜਿਆ,
ਲੇਖਾ ਲਿਖੇ ਨਾ ਕੋਈ ਅਪਾਰ ।
ਸ਼ਾਹੋ ਭੂਪ ਵਡ ਰਾਜਨ ਰਾਜਿਆ,
ਫੜੇ ਸ਼ਬਦ ਤੇਜ ਕਟਾਰ ।
ਗੁਰਮੁਖਾਂ ਮਾਰੇ ਵਾਜਿਆ,
ਮਨਮੁੱਖ ਸੁੱਤੇ ਪੈਰ ਪਸਾਰ ।
ਸੰਮਤ ਸੋਲਾਂ ਚਲਾਇਆ ਸਚ ਜਹਾਜਿਆ,
ਸਤਾਰਾਂ ਹਾੜੀ ਹਰਿ ਵਿਚਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਜਨ ਭਗਤਾਂ ਕਰਾਏ ਸਚ ਸ਼ਿੰਗਾਰ । ੧੭ ਹਾੜ ੨੦੧੬

✪ ੧੦੩ ✪



ਸਭ ਤੇ ਵਡਾ ਪ੍ਰਭ ਦਾ ਦਰ ।
ਰਾਓ ਰੰਕ ਅੰਤਕਾਲ ਇਕ ਜਾਏ ਕਰ ।
ਜੋਤ ਸਰੂਪੀ ਜੋਤ ਪ੍ਰਗਟਾਏ,
ਨਿਹਕਲੰਕ ਅਵਤਾਰ ਨਰ,
ਸਾਚਾ ਪ੍ਰਭ ਹੋਏ ਸਹਾਏ,
ਸਾਧ ਸੰਗਤ ਕਲ ਮੂਲ ਨਾ ਡਰ ।
ਗੁਰ ਪੂਰਾ ਲਾਜ ਰਖਾਏ ।
ਜੋ ਚਲ ਆਇਆ ਦਰ ।
ਮਹਾਰਾਜ ਸ਼ੇਰ ਸਿੰਘ ਅੰਤ ਜੋਤ ਮਿਲਾਏ,
ਗੁਰਸਿੱਖ ਨਾ ਜਾਏ ਮਰ । ੭ ਜੇਠ ੨੦੦੮ ਬਿ

✪ ੧੦੪ ✪

ਸਵਰਨ ਸਿੰਘ ਤਾਰਿਆ ਪ੍ਰਭ ਆਪ ਹਰੀ ।
ਵਾਂਗ ਦਰੋਪਤੀ ਸੁਰਜੀਤ ਸੰਗ ਤਰੀ ।
ਜੇਠ ਸੱਤ ਸੇਵਾ ਜਿਨ ਕਰੀ ।
ਵਿਚ ਚਰਨ ਹੋ ਕੇ ਖਰੀ ।
ਮਹਾਰਾਜ ਸ਼ੇਰ ਸਿੰਘ ਕਿਰਪਾ ਕਰੀ ।
ਸਵਰਨ ਜੋਤ ਧਰ ਅਗੇ ਖੜੀ ।
ਸਚਖੰਡ ਸਚ ਤਖ਼ਤ ਬਣਾਇਆ ।
ਜਿਥੇ ਸਤਿਗੁਰ ਸਵਰਨ ਬਹਾਇਆ ।
ਤਾਰੀ ਨਾਰ ਜਿਸ ਕੰਤ ਇਹ ਪਾਇਆ ।
ਸੇਵਾ ਕਰਦੀ ਗੁਰ ਭੇਟ ਚੜ੍ਹਾਇਆ ।



ਸੁੱਤਾ ਕੰਤ ਫਿਰ ਨਹੀਂ ਜਗਾਇਆ । ✪ ੧੩ ਭਾਦਰੋਂ ੨੦੦੬ ਬਿਕ੍ਰਮੀ



✪ ੧੦੫ ✪

ਸਰਬ ਥਾਏਂ ਪ੍ਰਭ ਇਕੋ ਰੰਗੋ ।
ਨਾਮ ਦਾਨ ਪ੍ਰਭ ਆਤਮ ਗਿਆਨ,
ਗੁਰ ਦਰ ਤੇ ਮੰਗੋ ।
ਵਿਚ ਜਹਾਨ ਜੀਵ ਟੁਟ ਜਾਣ,
ਜਿਉਂ ਕਾਚੀ ਵੰਗੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹੋਏ ਸੁਵਾਲੀ ਦਰਸ ਦਾਨ ਮੰਗੋ ।  ੯ ਚੇਤ ੨੦੦੮ ਬਿ

✪ ੧੦੬ ✪

ਸ਼ਰਨ ਪ੍ਰਭ ਕੀ ਕੋਈ ਵਿਰਲਾ ਲੋੜੇ ।
ਕਲਜੁਗ ਜੀਵ ਭਰਮ ਭੁਲਾਇਆ,
ਮਾਇਆ ਮਮਤਾ ਜਾਲ ਨਾ ਤੋੜੇ ।
ਕਰੋਧ ਹੰਕਾਰ ਭਰਮ ਭੁਲਾਇਆ,
ਸ਼ੋਹ ਦਰਿਆ ਜੀਵ ਹੈ ਰੋੜ੍ਹੇ ।
ਸਤਿਜੁਗ ਸਤਿ ਪੁਰਖ ਉਧਰੇ ਪਾਰ,
ਨਿਹਕਲੰਕ ਜਨ ਪ੍ਰੀਤ ਜੋ ਜੋਰੇ ।



ਮਹਾਰਾਜ ਸ਼ੇਰ ਸਿੰਘ ਲੈ ਅਵਤਾਰ,
ਝੂਠੀ ਮਾਟੀ ਵਿਚ ਤਜਾਈ ਗੋਰੇ ।
ਦੇਹ ਤਜਾਈ ਜੋਤ ਪ੍ਰਗਟਾਈ,
ਤੀਨ ਲੋਕ ਹੋਈ ਜੈਕਾਰੇ ।
ਸ਼ਬਦ ਧੁਨ ਵਜਾਈ ਅਨਹਦ ਰਾਗ ਸੁਣਾਈ,
ਮਿਲਿਆ ਪ੍ਰਭ ਅਪਰ ਅਪਾਰੇ ।
ਗੁਰ ਸੰਗਤ ਤਰਾਈ ਕਲਜੁਗ ਮਾਣ ਦਵਾਈ,
ਹਉਮੇ ਮਮਤਾ ਜੋ ਮਨ ਤੇ ਹੋਰੇ ।
ਮਹਾਰਾਜ ਸ਼ੇਰ ਸਿੰਘ ਸਦ ਮਿਹਰਵਾਨਾ,
ਟੁਟੀ ਗੰਢ ਚਰਨ ਸੰਗ ਜੋਰੇ ।  ੪ ਕੱਤਕ ੨੦੦੭ ਬਿ

✪੧੦੭ ✪

ਸੱਚਾ ਗੁਰ ਸਚ ਨਿਸਾਣੋ ।
ਘਰ ਬੈਠੇ ਪ੍ਰਭ ਰੰਗ ਮਾਣੋ ।
ਆਇਆ ਅਕਾਸ਼ੋਂ ਬਿਨਾ ਬਬਾਣੋਂ ।
ਸਾਧ ਸੰਗਤ ਵਿਟੋਂ ਕੁਰਬਾਨੋਂ ।



ਮਹਾਰਾਜ ਸ਼ੇਰ ਸਿੰਘ ਸੰਗ ਸਦਾ ਸੁਖ ਮਾਣੋ ।  ੧੬ ਮੱਘਰ ੨੦੦੬ ਬਿ

✪ ✪



੧੦੮

ਸਾਚਾ ਹੁਕਮ ਸ਼ਬਦ ਫ਼ਰਮਾਣ ।
ਦੇਵੇ ਹਰਿ ਨਰ ਸ੍ਰੀ ਭਗਵਾਨ ।
ਦਰ ਆਏ ਲੈਣ ਵਰ,
ਪ੍ਰਭ ਕਿਰਪਾ ਦੇਵੇ ਕਰ,
ਪੰਚਮ ਜੇਠ ਵੇਖ ਵਖਾਣ ।
ਚਰਨ ਲਾਗ ਜਾਏ ਤਰ,
ਕੁੱਖ ਹਰੀ ਦੇਵੇ ਕਰ,
ਜਨ ਚਰਨੀ ਡਿਗੇ ਆਣ ।
ਉਜਲ ਮੁਖ ਸਾਚਾ ਸੁਖ ਦੇਵੇ ਸਾਚਾ ਹਰਿ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੦੯



ਸਾਚਾ ਗੁਰ ਸਦਾ ਉਪਦੇਸੇ ।
ਜੋਤ ਸਰੂਪੀ ਪਹਿਰਿਆ ਵੇਸੇ ।
ਸ਼ਰਨ ਪਰਨ ਬ੍ਰਹਮਾ ਵਿਸ਼ਨ ਮਹੇਸ਼ੇ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪ ਸਰਬ ਪ੍ਰਵੇਸ਼ੇ । ੧ ਮਾਘ ੨੦੦੮ ਬਿ

੧੧੦

ਸਾਚਾ ਘਰ ਤੇਰਾ ਵਸੇ ਗੁਰਸਿੱਖ ।
ਵੇਲਾ ਹੱਥ ਨਾ ਆਏ,
ਵਡ ਵਡ ਬੈਠੇ ਮੁਨ ਰਿਖ ।
ਸਾਚਾ ਘਰ ਮੰਗਣ ਕੋਈ ਵਿਰਲਾ ਆਏ,
ਏਥੇ ਪਏ ਨਾਮ ਭਿਖ ।
ਗੁਰਮੁਖ ਘਾਲ ਪਾਏ ਥਾਏਂ,
ਮਿਟਾਏ ਆਤਮ ਤ੍ਰਿਖ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਸਾਚਾ ਸ਼ਬਦ ਗਿਆਨ ਦੁਵਾਏ,
ਗੁਰਸਿੱਖਾਂ ਲੈਣਾ ਸਿੱਖ । ੭ ਚੇਤ ੨੦੧੧ ਬਿ



੧੧੧

ਸਾਚਾ ਸ਼ਬਦ ਸੁਣੇ ਜੋ ਕਾਨਾ ।
ਬੇਮੁਖ ਆਤਮ ਜਾਏ ਮਾਨਾ ।
ਸੋਹੰ ਸਾਚਾ ਮਿਲੇ ਮਾਲ ਧੰਨ ਮਾਲਾ ।
ਦਿਵਸ ਰੈਣ ਨਾ ਲੱਗੇ ਸਾਨ੍ਹਾ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਰਾਗ ਸੁਣਾਵੇ ਕਾਨਾ । ੧ ਮਾਘ ੨੦੦੮ ਬਿ

✪ ੧੧੨ ✪

ਸਾਚਾ ਸ਼ਬਦ ਗੁਰਸਿਖ ਕਮਾਵੇ ।
ਮਨਮੁਖ ਮੂੜ ਨਾ ਰਿਦੇ ਵਸਾਵੇ ।
ਕਰ ਕਰ ਹਾਸੀ ਦਰ ਉਠ ਜਾਵੇ ।
ਭਰਮਤ ਭਰਮਤ ਬਹੁਤ ਦੁਖ ਪਾਵੇ ।
ਗੁਰਮੁਖ ਸਾਚਾ ਚਰਨ ਪ੍ਰੀਤ ਲਗਾਵੇ ।
ਰਸਨਾ ਜਪ ਸੋਹੰ ਨਾਉਂ,
ਜੋਤ ਸਰੂਪੀ ਮੇਲ ਮਿਲਾਵੇ ।
ਮਹਾਰਾਜ ਸ਼ੇਰ ਸਿੰਘ ਦੇਵੇ ਸਾਚਾ ਥਾਉਂ,
ਲੋਕਮਾਤ ਗੁਰਸਿੱਖ ਨਾ ਆਵੇ । ੫ ਜੇਠ ੨੦੦੮

✪ ੧੧੩ ✪



ਸਾਚਾ ਸ਼ਬਦ ਜੀਵ ਵਿਚਾਰੋ ।
ਆਪਣਾ ਕੀਆ ਮੂਲ ਨਾ ਹਾਰੋ ।
ਏਕਾ ਗੁਰ ਸਾਚਾ ਦਵਾਰੋ ।
ਕਲਜੁਗ ਬੇੜਾ ਆਪ ਕਰਾਵੇ ਪਾਰੋ ।
ਮਾਨਸ ਜਨਮ ਨਾ ਆਵੇ ਵਾਰ ਵਾਰੋ ।
ਨਿਹਕਲੰਕ ਕਰ ਦਰਸ,
ਜੀਵ ਹੋਏ ਮੋਖ ਦਵਾਰੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿੱਖ ਬਣ ਸਚ ਭਿਖਾਰੋ । ੧੭ ਭਾਦਰੋ ੨੦੦੯

✪ ੧੧੪ ✪

ਸਾਚਾ ਸ਼ਬਦ ਜਨ ਕਮਾਓ ।
ਰਸਨਾ ਜਪ ਜਪ ਆਤਮ ਰਸ ਪਾਓ ।
ਪ੍ਰਭ ਸਾਚਾ ਹੋ ਜਾਏ ਵਸ,
ਨਿਜ਼ਾਨੰਦ ਨਿਜ ਮਾਹਿ ਉਪਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬੇਮੁਖ ਹੋਏ ਭੁਲ ਨਾ ਜਾਓ । ੨੨ ਮਾਘ ੨੦੦੮



✪ ੧੧੫ ✪

ਸਾਚਾ ਸ਼ਬਦ ਜੋ ਜਨ ਮੰਨੇ ।
ਪ੍ਰਭ ਅਬਿਨਾਸ਼ੀ ਬੇੜਾ ਬੰਨ੍ਹੇ ।



ਜੋਤ ਜਗਾਏ ਦਰਸ ਦਿਖਾਏ,
ਮਾਣ ਰਖਾਏ ਜਿਉਂ ਮਾਲ ਚਰਾਏ ਧੰਨੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸ਼ਬਦ ਸੁਣਾਏ ਕੰਨੇ । ੧ ਸਾਵਣ ੨੦੦੯ ਬਿ

✪ ੧੧੬ ✪

ਸਾਚਾ ਸ਼ਬਦ ਨਿਸ਼ਾਨ,
ਜਗਤ ਪ੍ਰਭ ਝੁੱਲਣਾ ।
ਬੇਮੁਖਾਂ ਅੰਤਮ ਆਉਣੀ ਹਾਣ,
ਕੋਈ ਨਾ ਪਾਏ ਮੁੱਲਨਾ ।
ਗੁਰਮੁਖ ਸਾਚੇ ਕਰਨ ਪਛਾਣ,
ਕਲ ਪੂਰੇ ਤੋਲ ਤੁਲਨਾ ।
ਚੜ੍ਹੇ ਰਹਿਣ ਸ਼ਬਦ ਬਬਾਨ,
ਕਲਜੁਗ ਮਾਇਆ ਵੇਖ ਨਾ ਰੁਲਣਾ ।
ਏਕਾ ਮਿਲਿਆ ਨਾਮ ਖ਼ਜ਼ਾਨ,
ਪੁਰਖ ਅਬਿਨਾਸ਼ੀ ਕਦੇ ਨਾ ਭੁਲਣਾ ।



ਸਾਚਾ ਦੇਵੇ ਜੀਆ ਦਾਨ,
ਭਾਗ ਲਗਾਏ ਸਾਚੀ ਕੁੱਲਨਾ ।
ਚਰਨ ਧੂੜ ਕਰੇ ਇਸ਼ਨਾਨ,
ਚਰਨ ਪ੍ਰੀਤੀ ਘੋਲ ਘੁਲਣਾ ।
ਆਪੇ ਤੋੜੇ ਆਤਮ ਮਾਣ,
ਗੁਰਮੁਖ ਸਾਚੇ ਅੰਤਮ ਕਲ ਵਿਚ ਮਾਤ ਦੇ ਨਾ ਰੁਲਣਾ ।
ਚਰਨ ਪ੍ਰੀਤੀ ਜੋੜੇ ਹਰਿ ਭਗਵਾਨ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਅੰਮ੍ਰਿਤ ਸਾਚਾ ਸੀਰ ਪਿਆਏ,
ਹਉਮੇ ਵਿਚੋਂ ਪੀੜ ਕਢਾਏ,
ਬਜ਼ਰ ਕਪਾਟੀ ਚੀਰ ਵਖਾਏ,
ਗੁਰਮੁਖ ਆਤਮ ਮੂਲ ਨਾ ਡੁਲਣਾ । ੧੮ ਹਾੜ ੨੦੧੧ ਬਿ

✪ ੧੧੭ ✪



ਸਾਚਾ ਪ੍ਰਭ ਸਾਚਾ ਮੀਤ ।
ਗੁਰਸਿਖ ਸਾਚੇ ਰਸਨਾ ਚੀਤ ।
ਸਾਚਾ ਪ੍ਰਭ ਸਾਚੀ ਪ੍ਰਭ ਕੀ ਨੀਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਬਖ਼ਸ਼ੇ ਚਰਨ ਪ੍ਰੀਤ ।



੧੧੮

ਸਾਚਾ ਪ੍ਰਭ ਸਦਾ ਸਹਾਇਕ ।
ਦੇਵੇ ਦਰਸ ਸਰਬ ਸੁਖਦਾਇਕ ।
ਸਰਬ ਜੀਆਂ ਦਾ ਸਾਚਾ ਨਾਇਕ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖ ਤੇਰਾ ਸਦਾ ਸਹਾਇਕ ।

੧੧੯

ਸਾਚਾ ਪ੍ਰਭ ਸਦਾ ਸੰਗ ਸਾਥ ।
ਜੋਤ ਸਰੂਪੀ ਤ੍ਰੈਲੋਕੀ ਨਾਥ ।
ਪ੍ਰਭ ਸਾਚੇ ਦੀ ਸਾਚੀ ਗਾਥ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖ ਰੱਖੇ ਸਿਰ ਦੇ ਕਰ ਹਾਥ ।



੧੨੦

ਸਾਚਾ ਪ੍ਰਭ ਸਚ ਘਰ ਪਾਓ ।
ਆਤਮ ਸੰਸਾ ਸਰਬ ਮਿਟਾਓ ।
ਏਕਾ ਓਟ ਨਿਹਕਲੰਕ ਚਰਨ ਰਖਾਓ ।
ਮਦਿਰਾ ਮਾਸ ਮਨੋ ਤਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਰਿਧੇ ਵਸਾਓ

੧੨੧

ਸਾਚਾ ਪ੍ਰਭ ਆਪ ਕਰਤਾਰ ।
ਸਾਚਾ ਪ੍ਰਭ ਵਡ ਦਾਤਾਰ ।
ਸਾਚਾ ਪ੍ਰਭ ਸਦ ਨਿਰਾਹਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਨ ਭਗਤਾਂ ਤਾਰਨਹਾਰ । ੨੨ ਮਾਘ ੨੦੦੮ ਬਿ

੧੨੨



ਸਾਚਾ ਪ੍ਰਭ ਸਰਬ ਸੁਖ ਦੇਵਾ ।
ਸਾਚਾ ਪ੍ਰਭ ਸਾਚੀ ਪ੍ਰਭ ਕੀ ਸੇਵਾ ।
ਧਰੇ ਜੋਤ ਪ੍ਰਭ ਅਲਖ ਅਭੇਵਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਦੇਵੇ ਸਾਚਾ ਮੇਵਾ । ੨੨ ਮਾਘ ੨੦੦੮ ਬਿ



੧੨੩

ਸਾਚਾ ਪ੍ਰਭ ਸਦਾ ਰਸ ਭੀਨਾ ।
ਸਰਬ ਜੀਆਂ ਕਾ ਦਾਨਾ ਬੀਨਾ ।
ਸਾਚਾ ਨਾਮ ਗੁਰ ਦਰ ਪੀਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸ਼ਾਂਤ ਕਰਾਏ ਸੀਨਾ । ੬ ਜੇਠ ੨੦੦੯

੧੨੪

ਸਾਚਾ ਪ੍ਰਭ ਸਤਿ ਕਰ ਮੰਨਣਾ ।
ਬੇੜਾ ਅੰਤ ਪ੍ਰਭ ਸਾਚੇ ਬੰਨ੍ਹਣਾ ।
ਚਰਨ ਲਾਗ ਕਲਜੁਗ ਪਾਰ ਲੰਘਣਾ ।
ਸੋਹੰ ਚਾੜ੍ਹੇ ਪ੍ਰਭ ਸਾਚੀ ਰੰਗਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਨਾਮ ਸਾਚਾ ਦਾਨ,
ਸਾਚਾ ਦਰਸ ਪ੍ਰਭ ਦਰ ਮੰਗਣਾ । ੧੮ ਜੇਠ ੨੦੦੯ਬਿ



੧੨੫

ਸਾਚਾ ਪ੍ਰਭ ਰਸਨਾ ਗਾਓ ।
ਜਨਮ ਜਨਮ ਦੀ ਮੈਲ ਗਵਾਓ ।
ਮਾਨਸ ਜਨਮ ਸੁਫਲ ਕਰਾਓ ।
ਲੱਖ ਚੁਰਾਸੀ ਗੇੜ ਕਟਾਓ ।
ਪ੍ਰਭ ਅਬਿਨਾਸ਼ੀ ਸੇਵ ਕਮਾਓ ।
ਸਰਬ ਘਟ ਵਾਸੀ ਰਿਦੇ ਵਸਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਏਕ ਟੇਕ ਰਖਾਓ । ੬ ਵਿਸਾਖ ੨੦੦੯

੧੨੬

ਸਾਚਾ ਪ੍ਰਭ ਲਾਜਾਵੰਤ ।
ਰੱਖੇ ਲਾਜ ਆਪ ਭਗਵੰਤ ।
ਗੁਰਮੁਖ ਸਾਚੇ ਪ੍ਰਭ ਸਾਚਾ ਤੇਰਾ ਕੰਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਿਸ ਬਣਾਈ ਤੇਰੀ ਬਣਤ । ੨੧ ਮੱਘਰ ੨੦੦੮ ਬਿ



੧੨੭

ਸਾਚਾ ਜੋਗ ਗੁਰ ਕੀ ਸੇਵ ।
ਸੋਹੰ ਦੇਵੇ ਪ੍ਰਭ ਸਾਚਾ ਮੇਵ ।



ਮਿਲੇ ਵਡਿਆਈ ਵਿਚ ਦੇਵੀ ਦੇਵ ।
ਪ੍ਰਭ ਅਬਿਨਾਸ਼ੀ ਅਲਖ ਅਭੇਵ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬਿਰਥਾ ਨਾ ਜਾਏ ਕਲਜੁਗ ਤੇਰੀ ਸੇਵ ।

੧੨੮

ਸਾਚਾ ਜੋਗ ਚਰਨ ਧਿਆਨ ।
ਆਤਮ ਜੋਤ ਜਗੇ ਮਹਾਨ ।
ਕਿਰਪਾ ਕਰੇ ਆਪ ਭਗਵਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਸਾਚਾ ਦੇਵੇ ਦਾਨ । ੨੨ ਮਾਘ ੨੦੦੮ ਬਿ

੧੨੯

ਸਾਚਾ ਜੋਗ ਜਨ ਕਮਾਏ ।
ਸੋਹੰ ਨਾਮ ਰਸਨਾ ਗਾਏ ।
ਆਤਮ ਤ੍ਰਿਖਾ ਸਰਬ ਮਿਟਾਏ ।
ਪ੍ਰਭ ਅਬਿਨਾਸ਼ੀ ਕਲ ਮੇਂ ਪਾਏ ।
ਨਿਜ ਘਰ ਵਾਸੀ ਪ੍ਰਭ ਨਜ਼ਰੀ ਆਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪ੍ਰਗਟ ਜੋਤ ਦਰਸ ਦਿਖਾਏ । ੨੨ ਮਾਘ ੨੦੦੮ ਬਿ



੧੩੦

ਸਾਚਾ ਜੋਗ ਪ੍ਰਭ ਰਸਨ ਗਾਇਆ ।
ਸਾਚਾ ਭੋਗ ਪ੍ਰਭ ਨਾਮ ਧਿਆਇਆ ।
ਮਿਟਿਆ ਰੋਗ ਪ੍ਰਭ ਦਰਸ਼ਨ ਪਾਇਆ ।
ਚੁਕਾਇਆ ਸੋਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿਖ ਸਿਰ ਤੇਰੇ ਹੱਥ ਟਿਕਾਇਆ । ੨੨ ਮਾਘ ੨੦੦੮ ਬਿ

੧੩੧

ਸਾਚਾ ਤੀਰਥ ਚਰਨੀ ਨੁਹਾਵਣਾ ।
ਚਰਨ ਧੂੜ ਲੈ ਮਸਤਕ ਲਾਵਣਾ ।
ਸੋਹੰ ਸਾਚਾ ਰਸਨਾ ਗਾਵਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਘਰ ਜਾਏ ਨਾ ਮਨੋਂ ਭੁਲਾਵਣਾ । ੭ ਜੇਠ ੨੦੧੦ ਬਿ





✪ ੧੩੨ ✪

ਸਾਚਾ ਧਾਮ ਪ੍ਰਭ ਚਰਨ ਨਿਵਾਸ ।
ਆਵਣ ਜਾਵਣ ਮਿਟੀ ਤਰਾਸ ।
ਮਿਲਿਆ ਪਾਰਬ੍ਰਹਮ ਪਰਮੇਸ਼ਰ ਅਬਿਨਾਸ਼ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ,
ਜਗਤ ਭੰਡਾਰੀ ਸਰਬ ਗੁਣਤਾਸ । ੬ ਸਾਵਨ ੨੦੦੮ ਬਿ

✪ ੧੩੩ ✪

ਸਾਚਾ ਨਾਉਂ ਉਤਮ ਥਾਉਂ,
ਗੁਰ ਦਰ ਤੇ ਪਾਈਏ ।
ਵਡ ਵਡ ਭਾਗ,
ਸਾਚਾ ਪ੍ਰਭ ਵਿਚ ਬਹਾਈਏ ।
ਕਲਜੁਗ ਗੁਰਮੁਖ ਗਏ ਜਾਗ,
ਅਨਹਦ ਸ਼ਬਦ ਪ੍ਰਭ ਦਿਤਾ ਰਾਗ,
ਸਾਧ ਸੰਗਤ ਮਿਲ ਰਸਨਾ ਗਾਈਏ ।
ਤੀਨ ਲੋਕ ਪ੍ਰਭ ਆਏ ਤਿਆਗ,
ਨਿਰਧਨ ਹੋਏ ਪ੍ਰਭ ਵਿਚ ਸਮਾਈਏ ।



ਜਿਉਂ ਬਿਦਰ ਅਲੂਣਾ ਖਾਇਆ ਸਾਗ,
ਦਰਯੋਧਨ ਭੀਖਮ ਕਰਨ ਤਜਾਈਏ ।
ਕਲਜੁਗ ਪਰਗਟਿਆ ਪ੍ਰਭ ਸ੍ਵਾਂਗ,
ਜੋਤ ਸਰੂਪ ਉਪਰ ਖ਼ਾਕ ਬਹਿ ਜਾਈਏ ।
ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ,
ਕਰ ਦਰਸ ਘਰ ਨੌ ਨਿਧ ਪਾਈਏ । ੫ ਜੇਠ ੨੦੦੮ ਬਿ

✪ ੧੩੪ ✪

ਸਾਚਾ ਨਾਦ ਪ੍ਰਭ ਵਜਾਏ ।
ਆਤਮ ਸੁਨ ਖੇਲ੍ਹ ਵਖਾਏ ।
ਏਕਾ ਧੁਨ ਆਪ ਉਪਜਾਏ ।
ਗੁਰਮੁਖ ਚੁਣ ਪ੍ਰਭ ਚਰਨ ਲਗਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਨ ਪੜੇ ਦੀ ਲਾਜ ਰਖਾਏ । ੨੧ ਮਾਘ ੨੦੦੮ ਬਿ



✪ ੧੩੫ ✪

ਸਾਚਾ ਨਾਮ ਰਸਨਾ ਗਾਓ ।
ਆਪ ਆਪਣਾ ਦੀਪ ਜਗਾਓ ।
ਅਗਿਆਨ ਅੰਧੇਰ ਵਿਨਾਸ ਕਰਾਓ ।

੪੮



ਏਕਾ ਚਰਨ ਧਿਆਨ ਰਖਾਓ ।
ਉਪਜੇ ਬ੍ਰਹਮ ਗਿਆਨ,
ਨਾਮ ਨਿਧਾਨ ਪ੍ਰਭ ਦਰ ਪਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦਾ ਸਦਾ ਸਦ ਰਿਦੇ ਵਸਾਓ ।    ੫ ਜੇਠ ੨੦੦੯

✪ ੧੩੬ ✪

ਸਾਚਾ ਨਾਉਂ ਰਸਨਾ ਗਾਉਣਾ ।
ਪ੍ਰਭ ਪਕੜੇ ਬਾਹੋਂ,
ਚਿੰਤਾ ਸੋਗ ਸਰਬ ਮਿਟਾਉਣਾ ।
ਜੀਆਂ ਜੰਤਾਂ ਰੱਖੇ ਠੰਡੀ ਛਾਉਂ,
ਸਿਰ ਆਪਣਾ ਹੱਥ ਰਖਾਉਣਾ ।
ਆਪੇ ਬਣੇ ਪ੍ਰਭ ਪਿਤਾ ਮਾਉਂ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਿਸ ਚਰਨ ਓਟ ਇਕ ਰਖਾਉਣਾ ।    ੨੨ ਹਾੜ ੨੦੧੧ ਬਿ



✪ ੧੩੭ ✪

ਸਾਚਾ ਨਾਮ ਪ੍ਰਭ ਦੇਵੇ ਦਾਨ ।
ਰਸਨਾ ਜਪੇ ਜਪ ਜੀਵੇ,
ਆਤਮ ਉਪਜੇ ਬ੍ਰਹਮ ਗਿਆਨ ।
ਆਤਮ ਜਾਏ ਸਤਿ ਕਰ ਮੰਨ,
ਦੇਵੇ ਦਰਸ ਵਿਸ਼ਨੂੰ ਭਗਵਾਨ ।
ਜੋ ਜਨ ਸੁਣੇ ਲਾਏ ਕਰ ਕੰਨ,
ਆਤਮ ਧਰ ਧਿਆਨ ।
ਸਾਚਾ ਨਾਮ ਪ੍ਰਭ ਦੇਵੇ ਨਾ ਲੱਗੇ ਸੰਨ੍ਹ,
ਜਨ ਹੋਵੇ ਗੁਣੀ ਨਿਧਾਨ ।
ਮਹਾਰਾਜ ਸ਼ੇਰ ਸਿੰਘ ਕਲਜੁਗ ਪ੍ਰਗਟ,
ਸੋਹੰ ਸ਼ਬਦ ਪਾਏ ਆਣ ।    ੧੨ ਸਾਵਣ ੨੦੦੮

✪ ੧੩੮ ✪



ਸਾਚਾ ਨਾਮ ਰਿਦੇ ਵਸਾਓ ।
ਰਿਦ ਸਿਧ ਨਵ ਨਿਧ ਸਚ ਘਰ ਮੇਂ ਪਾਓ ।
ਪ੍ਰਭ ਮਿਲਣ ਦੀ ਸਾਚੀ ਬਿਧ,
ਸੁਆਸ ਸੁਆਸ ਹਰਿ ਗੁਣ ਗਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਲਜੁਗ ਜੀਵ ਭੁਲ ਨਾ ਜਾਓ । ✪    ੧੮ ਜੇਠ ੨੦੦੯



### ੧੩੯

ਸਾਚਾ ਬਚਨ ਸਤਿ ਕਰ ਪਾਲ ।
ਚਰਨ ਪ੍ਰੀਤੀ ਨਿਭੇ ਨਾਲ ।
ਪ੍ਰਭ ਅਬਿਨਾਸ਼ੀ ਹੋਏ ਦਿਆਲ ।
ਪ੍ਰਭ ਆਪਣਾ ਬਿਰਦ ਲਏ ਸੰਭਾਲ ।
ਪੂਰਨ ਹੋਏ ਤੇਰੀ ਘਾਲ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਿਰਪਾ ਕਰੇ ਜੋਤ ਧਰ,
ਆਪੇ ਤੋੜੇ ਆਤਮ ਜੰਜਾਲ । ੧੪ ਭਾਦਰੋਂ ੨੦੦੯ ਬਿ

### ੧੪੦

ਸਾਚਾ ਮੰਤਰ ਪ੍ਰਭ ਕਾ ਏਕ,
ਏਕੰਕਾਰ ਦਏ ਵਡਿਆਈਆ ।
ਆਤਮ ਪਰਮਾਤਮ ਕਰਨਾ ਹੇਤ,
ਬ੍ਰਹਮ ਪਾਰਬ੍ਰਹਮ ਸਮਾਈਆ ।
ਚਰਨ ਪ੍ਰੀਤੀ ਜਾਣਾ ਵਿਕ,
ਕਰਤਾ ਕੀਮਤ ਲਏ ਚੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਦ ਦੇਵੇ ਮਾਣ ਵਡਿਆਈਆ । ੭ ਸਾਵਨ ੨੦੨੧ ਬਿ



### ੧੪੧

ਸਾਚਾ ਰੋਗ ਕਿਵੇਂ ਗਵਾਈ ਦਾ ।
ਪਹਿਲੋਂ ਚਰਨ ਪਿਆਰ ਪਾਈਦਾ ।
ਫਿਰ ਕਰਨਾ ਦਰਸ ਸਾਚੇ ਮਾਹੀ ਦਾ ।
ਫਿਰ ਮਸਤਕ ਜੋਤੀ ਨੂਰ ਜਗਾਈ ਦਾ ।
ਵੇਖੇ ਰੰਗ ਹਰਿ ਰਘੁਰਾਈ ਦਾ ।
ਬਹੱਤਰ ਨਾੜਾਂ ਹਰਿ ਵਸਾਈ ਦਾ ।
ਜੰਗਲ ਜੂਹ ਵਿਚ ਪਹਾੜਾਂ,
ਆਪਣੇ ਸੰਗ ਰਖਾਈ ਦਾ ।
ਤਨ ਸਾੜੇ ਜੇਠ ਤੱਤੀ ਅਗਨੀ ਹਾੜਾ,
ਅੰਮ੍ਰਿਤ ਠੰਡੀ ਧਾਰ ਵਹਾਈਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਰਸਨਾ ਨਾਲ ਜੋ ਧਿਆਈ ਦਾ । ੭ ਜੇਠ ੨੦੧੧ ਬਿ





✪ ੧੪੨ ✪

ਸਾਚਾ ਰੋਗ ਗੁਰ ਦਰ ਗਵਾਈਏ ।
ਪੂਰੇ ਗੁਰ ਦਾ ਦਰਸ਼ਨ ਪਾਈਏ ।
ਗੁਰ ਸੰਗਤ ਸੇਵ ਕਮਾਈਏ ।
ਭੈਣ ਭਾਈ ਸਰਬ ਬਣ ਜਾਈਏ ।
ਨੇਤਰ ਖੋਲ੍ਹ ਨਾ ਕਿਸੇ ਤਕਾਈਏ ।
ਕਾਮ ਕਰੋਧ ਦੂਰ ਕਰਾਈਏ ।
ਹਿਰਦਾ ਸੋਧ ਗੁਰ ਚਰਨ ਆਈਏ ।
ਅਗਾਧ ਬੋਧ ਸ਼ਬਦ ਕੰਨ ਪਾਈਏ ।
ਵਡ ਦਾਤਾ ਜੋਧਨ ਜੋਧ,
ਏਕਾ ਸਰਨ ਰਖਾਈਏ ।
ਸਾਚਾ ਸ਼ਬਦ ਦੇਵੇ ਧਰਵਾਸ,
ਲੱਖ ਚੁਰਾਸੀ ਗੇੜ ਕਟਾਈਏ ।
ਨਿਜ ਘਰ ਆਤਮ ਰਖੇ ਵਾਸ,
ਆਤਮ ਜੋਤੀ ਆਪ ਜਗਾਈਏ ।



ਲਾਏ ਕੌਲ ਵਿਚ ਪ੍ਰਭਾਸ,
ਕਾਇਆ ਚੰਦਨ ਰੱਖ ਬਣਾਈਏ ।
ਅੰਤਮ ਵੇਲੇ ਹੋਣਾ ਨਾਸ,
ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਈਏ ।
ਅੱਠੇ ਪਹਿਰ ਰਹੀਏ ਦਾਸ,
ਜਿਸ ਦਾ ਦਿਤਾ ਪੀਏ ਖਾਈਏ ।
ਰਸਨਾ ਜਪੀਏ ਸੁਆਸ ਸੁਆਸ,
ਮਾਨਸ ਜਨਮ ਕਰਾਈਏ ਰਾਸ,
ਸਿਰ ਸਾਚਾ ਛਤਰ ਝੁਲਾਈਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਜ ਘਰ ਆਤਮ ਰੱਖੇ ਵਾਸ,
ਅੰਦਰ ਬੈਠਾ ਦਰਸ਼ਨ ਪਾਈਏ । ੭ ਜੇਠ ੨੦੧੧ ਬਿ

✪ ੧੪੩ ✪

ਸਾਚਾ ਵਣਜ ਕਰ,
ਗੁਰਸਿਖ ਵਣਜਾਰਿਆ ।
ਸਾਚਾ ਲਾਹਾ ਖੱਟ, ਪ੍ਰਭ ਆਪ ਦਵਾ ਰਿਹਾ ।
ਏਕਾ ਵਸੇ ਝੂਠੇ ਮਟ,
ਅੰਤਮ ਭੰਨੇ ਭੰਨਣਹਾਰਿਆ ।



ਪ੍ਰਭ ਵਸੇ ਘਟ ਘਟ,
ਜੋਤ ਜਗੇ ਲਟ ਲਟ,



ਆਤਮ ਜੋਤੀ ਆਪ ਜਗਾ ਰਿਹਾ ।
ਸਾਚਾ ਸ਼ਬਦ ਵਿਹਾਜੋ ਪਟ,
ਤਨ ਗਹਿਣਾ ਆਪ ਪਹਿਨਾ ਰਿਹਾ ।
ਦਿਵਸ ਰੈਣ ਰਸਨਾ ਰਟ,
ਦੁਖ ਰੋਗ ਪਾਪ ਕਟ,
ਅੰਮ੍ਰਿਤ ਕਾਂਗ ਇਕ ਚੜ੍ਹਾ ਰਿਹਾ ।
ਪੀ ਅੰਮ੍ਰਿਤ ਗਟ ਗਟ,
ਦੂਈ ਦਵੈਤ ਫਟ ਸ਼ਬਦ ਪੱਟੀ ਲਾ ਝਟ,
ਪ੍ਰਭ ਸਾਰੇ ਰੋਗ ਗਵਾ ਰਿਹਾ ।
ਚਰਨ ਧੂੜ ਪ੍ਰਭ ਦਰ ਚਟ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਿਛਲਾ ਘਾਟਾ ਪੂਰ ਕਰਾ ਰਿਹਾ ।          ੧ ਮਾਘ ੨੦੧੦ ਬਿ

✪ ੧੪੪ ✪



ਸਾਚੀ ਸੁਣ ਪੁਕਾਰ,
ਗੁਰਸਿਖ ਪੁਕਾਰਦੇ ।
ਕਰ ਕਿਰਪਾ ਆਪ ਦਾਤਾਰ,
ਦੁਖ ਕਾਇਆ ਸਰਬ ਨਿਵਾਰਦੇ ।
ਸਾਚਾ ਬਖ਼ਸ਼ ਚਰਨ ਪਿਆਰ,
ਅੰਮ੍ਰਿਤ ਸਾਚੀ ਧਾਰ ਦੇ ।
ਨਾ ਕੋਈ ਸਕੇ ਮਾਰ,
ਸਾਚੀ ਸ਼ਬਦ ਹੱਥ ਕਟਾਰ ਦੇ ।
ਮਾਨਸ ਜਨਮ ਨਾ ਆਵੇ ਹਾਰ,
ਸੋਹੰ ਸਾਚਾ ਗਲ ਵਿਚ ਹਾਰ ਦੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਕਿਰਪਾ ਦਰ ਆਇਆਂ ਤਾਰਦੇ ।          ੧੪ ਮੱਘਰ ੨੦੧੦ਬਿ

✪ ੧੪੫ ✪

ਸਾਚੀ ਸੇਵ ਜਿਸ ਜਿਨ ਕਮਾਈ ।
ਦੇਵੇ ਦਰਸ ਆਪ ਰਘੁਰਾਈ ।
ਜਮਦੂਤ ਕੋਈ ਨੇੜ ਨਾ ਆਈ ।
ਵਿਚ ਬਬਾਨ ਪ੍ਰਭ ਲਏ ਬਿਠਾਈ ।
ਸਚਖੰਡ ਪ੍ਰਭ ਦੇਵੇ ਪੁਚਾਈ ।
ਜੋਤ ਸਰੂਪ ਪ੍ਰਭ ਜੋਤ ਜਗਾਈ ।
ਏਕਾ ਜੋਤ ਹੋਏ ਰੁਸ਼ਨਾਈ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖਾਂ ਸਾਚੇ ਮੇਲ ਮਿਲਾਈ । ✪          ੧੫ ਚੇਤ ੨੦੦੯ ਬਿ



✪ ੧੪੬ ✪

ਸਾਚੀ ਸਿਖਿਆ ਸਿਖ ਵਿਚਾਰ,
ਦਿਵਸ ਰੈਣ ਹਰਿ ਰਸਨ ਉਚਾਰ ।
ਸੋਹੰ ਸਾਚੀ ਸ਼ਬਦ ਧਾਰ,
ਆਤਮ ਲੇਖਾ ਨਾ ਰਹੇ ਵਿਚ ਸੰਸਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਰਨ ਜਨਮ ਦੋਏ ਦਏ ਸਵਾਰ ।

✪ ੧੪੭ ✪

ਸਾਚੀ ਜੋਤ ਆਪ ਜਗਾਏ ।
ਸੋਹੰ ਸਾਚਾ ਜੋ ਜਨ ਗਾਏ ।
ਹਿਰਦੇ ਵਾਚਾ ਹਰਿ ਦਰਸ ਦਿਖਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਸਿੱਖਾਂ ਉਪਰ ਤਰਸ ਕਮਾਏ । ੧੯ ਚੇਤ ੨੦੧੦ ਬਿ



✪ ੧੪੮ ✪

ਸਾਚੀ ਜੋਤ ਕਰੇ ਆਕਾਰ ।
ਸਾਚਾ ਸ਼ਬਦ ਦੇਵੇ ਆਧਾਰ ।
ਸਾਚੇ ਸੰਤ ਪ੍ਰਭ ਪਾਵੇ ਸਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੰਤ ਜਨਾਂ ਨੂੰ ਜਾਵੇ ਤਾਰ । ੧ ਮਾਘ ੨੦੦੮ ਬਿ

✪ ੧੪੯ ✪

ਸਾਚੀ ਦੇਵੇ ਨਾਮ ਦਵਾਈ ।
ਗੁਰਮੁਖ ਸਾਚੇ ਰਸਨਾ ਖਾਈਂ ।
ਕਾਇਆ ਰੋਗ ਸਰਬ ਮਿਟਾਈਂ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅੱਠੇ ਪਹਿਰ ਰਸਨ ਧਿਆਈਂ । ੭ ਜੇਠ ੨੦੧੧ ਬਿ

✪ ੧੫੦ ✪

ਸਾਚੀ ਦਾਤ ਪ੍ਰਭ ਪਾਓ ।
ਆਪ ਆਪਣਾ ਮਾਣ ਗੁਆਓ ।
ਸਾਚਾ ਪ੍ਰਭ ਸਦ ਰਸਨਾ ਗਾਓ ।
ਕੋਟ ਅਪਰਾਧ ਸਰਬ ਮਿਟਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਵਰ ਘਰ ਦਰ ਸਾਚਾ ਪਾਓ । ✪ ੨੧ ਮਾਘ ੨੦੦੮ ਬਿ





✪ ੧੫੧ ✪

ਸਾਚੀ ਪ੍ਰੀਤ ਪ੍ਰਭ ਚਰਨ ਲਗਾਓ ।
ਮਦਿਰਾ ਮਾਸ ਮਨੋਂ ਤਜਾਓ ।
ਸੋਹੰ ਸਾਚਾ ਸ਼ਬਦ ਰਸਨਾ ਗਾਓ ।
ਆਤਮ ਭੁਖ ਸਰਬ ਮਿਟਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਜ ਘਰ ਵਾਸੀ ਨਿਜ ਆਤਮ ਪਾਓ । ੧ ਮਾਘ ੨੦੦੮

✪ ੧੫੨ ✪

ਸਾਚੀ ਪਰਖ ਕਰੋ ਗੁਰ ਪੂਰੇ ।
ਏਕਾ ਮੰਗੋ ਸ਼ਬਦ ਹਜ਼ੂਰੇ ।
ਆਸਾ ਮਨਸਾ ਹਰਿ ਸਾਚਾ ਪੂਰੇ ।
ਆਤਮ ਉਪਜੇ ਸਾਚੀ ਤੂਰੇ ।
ਦੇਵੇ ਦਰਸ ਪ੍ਰਭ ਸਦਾ ਹਜ਼ੂਰੇ ।
ਜੋਤੀ ਜੋਤ ਸਰੂਪ ਹਰਿ,
ਦਰ ਆਤਮ ਵਸੇ ਨਾ ਜਾਣੋ ਦੂਰੇ ।



✪ ੧੫੩ ✪

ਪ੍ਰਭ ਦਰ ਮੰਗੋ ਸਾਚੀ ਮੰਗ ।
ਨਾਮ ਰੰਗਣ ਵਿਚ ਜਾਏ ਰੰਗ ।
ਝੂਠੀ ਇਛਿਆ ਹੋਵੇ ਭੰਗ ।
ਝੂਠਾ ਦਿਸੇ ਜਗਤ ਕੁਸੰਗ ।
ਜੋਤੀ ਜੋਤ ਸਰੂਪ ਹਰਿ,
ਆਪੇ ਰਹੇ ਆਪਣੇ ਰੰਗ । ੧੩ ਜੇਠ ੨੦੧੦ ਬਿ

✪ ੧੫੪ ✪

ਸਾਚੇ ਸਿਖ ਦਇਆ ਕਮਾਏ ।
ਨਾਮ ਭਿਖ ਝੋਲੀ ਪਾਏ ।
ਲੇਖ ਲਿਖ ਮਾਤ ਵਡਿਆਏ ।
ਆਤਮ ਭੁਖ ਦੇ ਦਰਸ ਮਿਟਾਏ ।
ਮਿਟੇ ਤ੍ਰਿਖ ਪ੍ਰਭ ਚਰਨੀ ਆਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪ੍ਰਗਟ ਜੋਤ ਦਰਸ ਦਿਖਏ । ੧੮ ਜੇਠ ੨੦੦੯ ਬਿ



✪ ✪



੧੫੫

ਸਾਚੇ ਸੰਤ ਪੱਲਾ ਫਿਰਾਇਆ ।
ਨਿਹਕਲੰਕ ਕਲ ਵਿਚ ਆਇਆ ।
ਘਨਕਪੁਰੀ ਵਿਚ ਜਾਮਾ ਪਾਇਆ ।
ਮਹਾਰਾਜ ਸ਼ੇਰ ਸਿੰਘ ਨਾਉਂ ਧਰਾਇਆ ।
ਆਪਣਾ ਆਪ ਪ੍ਰਭ ਛੁਪਾਇਆ ।
ਕਲਜੁਗ ਜੀਵਾਂ ਭਰਮ ਭੁਲਾਇਆ ।
ਬੇਮੁਖ ਜੀਵਾਂ ਮਦਿਰਾ ਮਾਸ ਅਹਾਰ ਬਣਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣਾ ਭੇਵ ਛੁਪਾਇਆ

੧੫੬

ਸਾਚੇ ਪ੍ਰਭ ਸ਼ਬਦ ਲਿਖਾਇਆ ।
ਜੀਵਾਂ ਜੰਤਾਂ ਭੇਵ ਨਾ ਪਾਇਆ ।
ਹਸ ਹਸ ਕਲ ਵਕਤ ਗੁਵਾਇਆ ।
ਦੱਸ ਦੱਸ ਦੱਸ ਪ੍ਰਭ ਆਪ ਭੁਲਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਪੁੰਸਕ ਰੂਪ ਆਪ ਲਿਖਾਇਆ । ੫ ਜੇਠ ੨੦੦੯ ਬਿ



੧੫੭

ਸਾਚੇ ਪ੍ਰਭ ਤੇਰੀ ਸਤਿ ਵਡਿਆਈ ।
ਜਨ ਭਗਤਾਂ ਹੋਏ ਆਪ ਸਹਾਈ ।
ਆਤਮ ਸੁਖ ਦੇਵੇ ਸੁਖਦਾਈ ।
ਤ੍ਰਿਸ਼ਨਾ ਭੁਖ ਸਰਬ ਮਿਟਾਈ ।
ਮਾਤ ਗਰਭ ਉਲਟਾ ਰੁਖ
ਗੁਰਮੁਖ ਫੇਰ ਨਾ ਆਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਲੱਖ ਚੁਰਾਸੀ ਗੇੜ ਕਟਾਈ । ੬ ਵਿਸਾਖ ੨੦੦੯ ਬਿ

੧੫੮

ਸਾਚੇ ਲੰਗਰ ਭੋਜਨ ਖਾਓ ।
ਤਨ ਦੇ ਸੰਗਲ ਸਰਬ ਕਟਾਓ ।
ਪਰਮਾਨੰਦਨ ਵਿਚ ਸਮਾਓ ।
ਨਿਜ਼ਾਨੰਦ ਸਦ ਦਰਸ ਪਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹਸ ਹਸ ਹਸ ਰਾਹ ਦੱਸ ਦੱਸ,
ਗੁਰਸਿੱਖਾਂ ਰਾਹੇ ਪਾਓ । ੨ ਮਾਘ ੨੦੧੦ ਬਿ





✪ ੧੫੯ ✪

ਸਾਧ ਸੰਗਤ ਦਰ ਪਰਵਾਨ ।
ਦੇਵੇ ਵਡਿਆਈ ਵਿਸ਼ਨੂੰ ਭਗਵਾਨ ।
ਸਤਿਜੁਗ ਸਾਚਾ ਰਿਹਾ ਨਿਸ਼ਾਨ ।
ਸ੍ਰਿਸ਼ਟ ਸਬਾਈ ਚਰਨੀ ਲੱਗੇ ਆਣ ।
ਰਾਓ ਰੰਕ ਇਕ ਸਮਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਬ ਜਨਾਂ ਦਾ ਜਾਣੀ ਜਾਣ । ੧ ਮਾਘ ੨੨੦੮ ਬਿ

✪ ੧੬੦ ✪

ਸਿਧ ਵਕਤ ਸਿਖਾਂ ਦਾ ਆਇਆ ।
ਜਿਨ੍ਹਾਂ ਵਿਚ ਸਤਿਗੁਰ ਬਹਾਇਆ ।
ਐਸੇ ਸਿਖ ਜੋ ਮੇਰੇ ਹੋਏ ।
ਕਲਜੁਗ ਵਿਚ ਲਏ ਨਾਲ ਪ੍ਰੋਏ ।
ਉਨੰਜਾ ਕਰੋੜ ਵਿਚੋਂ ਭਾਈ ।
ਏਨੇ ਸਿਖਾਂ ਨੂੰ ਦਿਤੀ ਵਡਿਆਈ ।



ਬੈਕੁੰਠ ਧਾਮ ਵਿਚ ਜੈ ਜੈ ਜੈਕਾਰ ਕਰਾਈ ।
ਐਸੀ ਲਿਖਤ ਆਪ ਕਰਾ ਕੇ ।
ਬਾਬੇ ਮਨੀ ਸਿੰਘ ਤੋਂ ਮਾਣ ਦੁਆ ਕੇ ।
ਬਹੋਲ ਸਿੰਘ ਉਨ੍ਹਾਂ ਦੇ ਨਾਮ ਲਿਖਾ ਕੇ ।
ਮਾਣਾ ਸਿੰਘ ਨੂੰ ਮਿਲੀ ਵਡਿਆਈ ।
ਲਾਇਲਪੁਰ ਵਿਚ ਜਿਨ ਜੋਤ ਜਗਾਈ ।
ਸਿਖ ਪਾਲ ਓਥੇ ਭਾਈ ।
ਜਿਸ ਨੂੰ ਕਥਾ ਸਾਡੀ ਸੁਣਾਈ ।
ਸੁਣ ਕੇ ਬਚਨ ਹੋਇਆ ਅਨੰਦਾ,
ਸਤਿਜੁਗ ਦਾ ਚੜ੍ਹਿਆ ਚੰਦ ।
ਗਿਆ ਅੰਧੇਰ ਹੋਇਆ ਪ੍ਰਕਾਸ਼ ।
ਮੇਰੇ ਸਿਖ ਦਾ ਨਹੀਂ ਵਿਨਾਸ । ੧੩ ਭਾਦਰੋਂ ੨੦੦੬ ਬਿ

✪ ੧੬੧ ✪



ਸਿਮਰੋ ਸਿਮਰ ਸਿਮਰ ਪ੍ਰਭ ਰਸਨਾ ।
ਸਿਮਰਤ ਨਾਮ ਹਿਰਦੇ ਪ੍ਰਭ ਵਸਣਾ ।
ਦੇਹ ਪ੍ਰਭ ਵਸਦਾ,
ਮਾਰਗ ਸਚ ਬਿਨ ਕਿਸੇ ਨਾ ਦੱਸਣਾ ।
ਮਹਾਰਾਜ ਸ਼ੇਰ ਸਿੰਘ ਆਏ ਘਰ,
ਜੋਤ ਸਰੂਪ ਸਰਬ ਥਾਂ ਵਸਣਾ । ੯ ਚੇਤ ੨੦੦੮ ਬਿ



✪ ੧੬੨ ✪

ਸ਼ਿਵ ਸ਼ੰਕਰ ਦਰ ਦਏ ਦੁਹਾਈ ।
ਕਲਜੁਗ ਵੇਲਾ ਅੰਤਮ ਆਇਆ,
ਦਰ ਘਰ ਸਾਚਾ ਕੋਈ ਦਿਸੇ ਨਾਹੀਂ ।
ਨਿਹਕਲੰਕ ਹਰਿ ਦਰ ਸੁਹਾਇਆ,
ਮੇਲ ਮਿਲਾਇਆ ਫੜ ਕੇ ਬਾਹੀਂ ।
ਅੰਤਮ ਵੇਲਾ ਨੇੜੇ ਆਇਆ,
ਸਦਾ ਰੱਖੇ ਠੰਡੀ ਛਾਈਂ ।
ਹੇਰਾ ਫੇਰਾ ਕਰਦਾ ਆਇਆ,
ਜੀਵ ਜੰਤ ਕੋਈ ਜਾਣੇ ਨਾਹੀਂ ।
ਤੇਰਾ ਮੇਰਾ ਨਾਉਂ ਧਰਦਾ ਆਇਆ,
ਜੋਤੀ ਨੂਰ ਸਭਨੀ ਥਾਈਂ ।
ਗੁਰਮੁਖਾਂ ਹਰਿ ਵਰਦਾ ਆਇਆ,
ਸੇਜ ਬਹਾਏ ਚਾਈਂ ਚਾਈਂ ।
ਆਤਮ ਭੰਡਾਰੇ ਭਰਦਾ ਆਇਆ,
ਤੋਟ ਕੋਈ ਰੱਖੇ ਨਾਹੀਂ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ,
ਅੰਤਮ ਅੰਤ ਕਲ ਦੂਸਰ ਕੋਈ ਦੀਸੇ ਨਾਹੀਂ । ੧੬ ਮੱਘਰ ੨੦੧੧ ਬਿ



✪ ੧੬੩ ✪

ਸੀਤਲ ਕਾਇਆ ਹੋਈ,
ਕਰ ਸਤਿਗੁਰ ਦਰਸ ।
ਜਗਤ ਮਾਇਆ ਗਈ,
ਮਿਟੀ ਆਤਮ ਹਰਸ ।
ਸਾਚੇ ਪ੍ਰਭ ਕਿਰਪਾ ਭਈ,
ਅੰਮ੍ਰਿਤ ਬਰਖਾ ਗਈ ਬਰਸ ।
ਮਹਾਰਾਜ ਸ਼ੇਰ ਸਿੰਘ ਜਨ ਆਏ ਸਰਨਾਈ,
ਜੋਤ ਜਗਾਏ ਵਿਚ ਅਰਸ਼ । ੬ ਸਾਵਨ ੨੦੦੮ ਬਿ

✪ ੧੬੪ ✪



ਸੁਖਣਾ ਸੁਖ ਹਰਿ ਜੀ ਆਵੇ ।
ਸਾਧ ਸੰਗਤ ਸੰਗ ਰਲਾਵੇ ।
ਰੰਗਤ ਨਾਮ ਆਪ ਚੜ੍ਹਾਵੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋ ਜਨ ਰਸਨਾ ਹਰਿ ਧਿਆਵੇ । ੧੭ ਮੱਘਰ ੨੦੧੦ ਬਿ



✪ ੧੬੫ ✪

ਸੁਣ ਪੁਕਾਰ ਪ੍ਰਭ ਗਿਰਧਾਰ ।
ਕਿਰਪਾ ਕਰ ਅਪਰ ਅਪਾਰ ।
ਏਕਾ ਬਖ਼ਸ਼ ਚਰਨ ਪਿਆਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਨਸ ਜਨਮ ਕਲ ਸੁਧਾਰ । ੧੪ ਭਾਦਰੋਂ ੨੦੦੯ ਬਿ

✪ ੧੬੬ ✪

ਸੁਰਤ ਨਿਮਾਣੀ ਹੋਈ ਬੌਰਾਣੀ,
ਰੋ ਰੋ ਧਾਹਾਂ ਮਾਰਦੀ ।
ਕਲਜੁਗ ਤੇਰੀ ਅੰਤਮ ਵਾਰੀ,
ਕਵਣ ਕਰੇ ਪਾਰ ਉਤਾਰੀ,
ਜੂਠੀ ਝੂਠੀ ਦਿਸੇ ਯਾਰੀ,
ਅੰਤਮ ਪਾਸਾ ਹਾਰਦੀ ।
ਨੌਂ ਦਵਾਰੇ ਹਾਹਾਕਾਰੀ,
ਗੁਰ ਮੰਤਰ ਮਿਲੇ ਨਾ ਸ਼ਬਦ ਅਧਾਰੀ,
ਦਿਵਸ ਰੈਣ ਮੰਦਰ ਅੰਦਰ ਬਹਿ ਬਹਿ,
ਆਪਾ ਆਪ ਵਿਚਾਰਦੀ ।
ਗੁਰ ਪੂਰਾ ਮਿਲਿਆ ਅੰਤ ਭੰਡਾਰੀ,
ਸਾਚੇ ਸੰਤਾਂ ਰਿਹਾ ਤਾਰੀ,
ਆਈ ਦਵਾਰੀ ਸੋਲਾਂ ਤਨ ਸ਼ਿੰਗਾਰ ਦੀ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸ਼ਬਦ ਦੇਵੇ ਸਾਚਾ ਵਰ,
ਗੁਰਮੁਖ ਤੇਰੀ ਆਤਮ ਸੁਰਤੀ,
ਏਕਾ ਗੁਣ ਗੁਰਚਰਨ ਵਿਚਾਰਦੀ । ੨੬ ਪੋਹ ੨੦੧੨ ਬਿ



✪ ੧੬੭ ✪

ਸੋ ਕਿਉਂ ਡਰੇ,
ਜਿਸ ਪ੍ਰਭ ਹੋਏ ਸਹਾਈ ।
ਜਨ ਕਿਉਂ ਮਰੇ,
ਜਿਸ ਪ੍ਰਭ ਸਾਚਾ ਦਰਸ ਦਿਖਾਈ ।
ਕਲਜੁਗ ਤਰੇ,
ਜਿਨ ਹਿਰਦੇ ਪ੍ਰਭ ਰਿਹਾ ਸਮਾਈ ।
ਤਿਨ ਕੇ ਕਾਜ ਸਰੇ,
ਜੋ ਆਏ ਚਲ ਪ੍ਰਭ ਸਰਨਾਈ ।





ਅੰਤਕਾਲ ਦੁਖ ਡਾਹਢਾ ਭਰੇ,
ਜੋ ਜਾਏ ਮੁਖ ਭੁਆਈ ।
ਆਵੇ ਜਾਵੇ ਜਨਮੇਂ ਮਰੇ,
ਗਰਭਵਾਸ ਪ੍ਰਭ ਵਾਸ ਕਰਾਈ ।
ਦਰ ਆਏ ਖੋਟੇ ਹੋਏ ਖਰੇ,
ਸਾਧ ਸੰਗਤ ਪ੍ਰਭ ਲੈ ਮਿਲਾਈ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ,
ਭੇਵ ਨਾ ਆਵੇ ਰਾਈ ।            ੭ ਜੇਠ ੨੦੦੮ ਬਿ

## ੧੬੮

ਸੋ ਪੁਰਖ ਪ੍ਰਭ ਆਪੇ ਆਪ,
ਆਪ ਆਪਣਾ ਖੇਲ ਖਿਲਾਇੰਦਾ ।
ਸੋ ਪੁਰਖ ਪ੍ਰਭ ਮਾਈ ਬਾਪ,
ਦੂਸਰ ਅਵਰ ਨਾ ਕੋਇ ਵਡਿਆਇੰਦਾ ।
ਸੋ ਪੁਰਖ ਉਤਮ ਜ਼ਾਤ,
ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ ।



ਸੋ ਪੁਰਖ ਵਡ ਪਰਤਾਪ,
ਵਡ ਪਰਤਾਪੀ ਆਪਣਾ ਨਾਉਂ ਧਰਾਇੰਦਾ ।
ਸੋ ਪੁਰਖ ਖੇਲੇ ਖੇਲ ਤਮਾਸ਼,
ਖੇਲਣਹਾਰਾ ਖੇਲ ਰਚਾਇੰਦਾ ।
ਸੋ ਪੁਰਖ ਦੇਵਣਹਾਰਾ ਦਾਤ,
ਦਾਤਾ ਦਾਨੀ ਆਪਣਾ ਨਾਉਂ ਧਰਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸੋ ਸਾਹਿਬ ਆਪਣੀ ਕਲ ਆਪ ਜਣਾਇੰਦਾ । ੧੨ ਭਾਦਰੋਂ ੨੦੧੮ ਬਿ

## ੧੬੯

ਸੋ ਸਾਹਿਬ ਸੱਚਾ ਕੁਲਵੰਤਾ,
ਇਕ ਇਕੱਲਾ ਵਡ ਵਡਿਆਈਆ ।
ਆਪ ਬਣਾਏ ਆਪਣੀ ਬਣਤਾ,
ਘੜਨ ਭੰਨਣਹਾਰ ਆਪ ਅਖਵਾਈਆ ।
ਆਪ ਸੁਹਾਏ ਸਾਚਾ ਧਾਮ ਸੁਹੰਤਾ,
ਸਚਖੰਡ ਸਚੇ ਵਸੇ ਸੱਚਾ ਮਾਹੀਆ ।



ਆਪੇ ਨਾਰ ਆਪੇ ਕੰਤਾ,
ਕੰਤ ਕੰਤੂਹਲ ਆਪਣੀ ਰੰਗਲੀ ਸੇਜ ਹੰਢਾਈਆ ।
ਸੋ ਸਾਹਿਬ ਸਦਾ ਬੇਅੰਤਾ,



ਬੇਅੰਤ ਆਪਣੀ ਧਾਰ ਆਪ ਚਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸੋ ਏਕੰਕਾਰ ਇਕ ਅਖਵਾਈਆ । ੧੨ ਭਾਦਰੋਂ ੨੦੧੮ ਬਿ

### ੧੭੦

ਸੋ ਦਿਆਲ ਸੋ ਕਿਰਪਾਲ,
ਸੋ ਆਪਣੀ ਕਲ ਵਰਤਾਇੰਦਾ ।
ਸੋ ਵਸਤ ਸੋ ਧੰਨ ਮਾਲ,
ਸੋ ਵਣਜਾਰਾ ਹੱਟ ਚਲਾਇੰਦਾ ।
ਸੋ ਮੰਦਰ ਸੋ ਧਰਮਸਾਲ,
ਸਚਖੰਡ ਸਾਚਾ ਸੋਭਾ ਪਾਇੰਦਾ ।
ਸੋ ਨੂਰ ਸੋ ਜੋਤ ਜੁਮਾਲ,
ਨੂਰ ਨੁਰਾਨਾ ਡਗਮਗਾਇੰਦਾ ।
ਸੋ ਵਸੇ ਸੱਚੀ ਧਰਮਸਾਲ,
ਛੱਪਰ ਛੰਨ ਨਾ ਕੋਇ ਛੁਹਾਇੰਦਾ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਆਪਣੀ ਕਲ ਆਪ ਰਖਾਇੰਦਾ । ੧੨ ਭਾਦਰੋਂ ੨੦੧੮ ਬਿ

### ੧੭੧

ਸੋਹਣਾ ਦਿਸੇ ਤੇਰਾ ਬਾਣਾ ।
ਜੋ ਜਨ ਬਣ ਜਾਏ ਸੁਘੜ ਸਿਆਣਾ ।
ਸੋਹੰ ਸ਼ਬਦ ਮਨ ਵਸਾਣਾ ।
ਮਦਿ ਮਾਸ ਨੂੰ ਹੱਥ ਨਾ ਲਾਣਾ ।
ਚਰਨੀ ਲਗੇ ਹੋਏ ਨਿਮਾਣਾ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਦਰਸ ਦਿਖਾਣਾ । ੧੩ ਵਿਸਾਖ ੨੦੦੮ ਬਿ

### ੧੭੨

ਸੋਹੰ ਸ਼ਬਦ ਅਜਪਾ ਜਾਪ ।
ਹਉਮੇ ਮਾਰੇ ਵਿਚੋਂ ਤਾਪ ।
ਕੋਟਨ ਕੋਟ ਉਤਾਰੇ ਪਾਪ ।
ਲੋਕਮਾਤ ਵਡ ਪਰਤਾਪ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦਰਸ ਦਿਖਾਏ ਆਪੇ ਆਪ । ੩੦ ਹਾੜ ੨੦੧੨ ਬਿ



੧੭੩

ਸੋਹੰ ਸ਼ਬਦ ਸਰਬ ਗੁਣ ਭਰਿਆ ।
ਪੂਰੇ ਸਤਿਗੁਰ ਰਸਨਾ ਉਚਰਿਆ ।
ਜੋ ਜਨ ਸਿਮਰੇ ਪਾਰ ਉਤਰਿਆ ।
ਮਹਾਰਜ ਸ਼ੇਰ ਸਿੰਘ ਨਜ਼ਰੀ ਪਰਿਆ ।

੩੦ ਫੱਗਣ ੨੦੦੬

੧੭੪

ਸੋਹੰ ਸ਼ਬਦ ਸੁਣ ਕਲਜੁਗ ਜੀਵ ਅੰਧੇ ।
ਕਲਜੁਗ ਝੂਠੀ ਮਾਇਆ,
ਝੂਠੇ ਜਗ ਧੰਦੇ ।
ਚਰਨ ਲਾਗ ਮਿਲੇ ਵਡਿਆਈ,
ਕਰ ਦਰਸ ਪ੍ਰਗਟੇ ਪ੍ਰਭ ਮੁਕੰਦੇ ।
ਅੰਤ ਕਾਲ ਹੋਏ ਸਹਾਈ,
ਜਮ ਕਾਲ ਪ੍ਰਭ ਤੋੜੇ ਫੰਦੇ ।
ਮਹਾਰਾਜ ਸ਼ੇਰ ਸਿੰਘ ਦਰਸ ਦਿਖਾਈ,
ਜੋ ਜਨ ਆਏ ਸਰਨ ਲਗੰਦੇ ।

੫ ਵਿਸਾਖ ੨੦੦੮



੧੭੫

ਸੋਹੰ ਸ਼ਬਦ ਜਗਤ ਪ੍ਰਵੇਸ਼ ।
ਸਾਚੇ ਸਾਹਿਬ ਕੋ ਸਦਾ ਆਦੇਸ ।
ਕਲਜੁਗ ਅਚਰਜ ਕੀਆ ਭੇਖ ।
ਮਹਾਰਾਜ ਸ਼ੇਰ ਸਿੰਘ ਤੇਰਾ ਉਚਾ ਦਰ,
ਦਰ ਖੜੇ ਲੱਖ ਮਹੇਸ ।

੬ ਸਾਵਣ ੨੦੦੮ ਬਿ

੧੭੬

ਸੋਹੰ ਸ਼ਬਦ ਜਗਤ ਪ੍ਰਕਾਸ਼ੇ ।
ਕਲਜੁਗ ਅੰਧੇਰ ਸਰਬ ਵਿਨਾਸੇ ।
ਏਕਾ ਜੋਤ ਜਗੇ ਅਬਿਨਾਸ਼ੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸ੍ਰਿਸ਼ਟ ਸਬਾਈ ਗਾਏ ਸਵਾਸ ਸਵਾਸੇ ।

੫ ਜੇਠ ੨੦੦੯



੧੭੭

ਸੋਹੰ ਸ਼ਬਦ ਦਾ ਮਨ ਧਰ ਧਿਆਨ ।
ਪੂਰਨ ਉਪਜੇ ਸਿਖਨ ਕੇ ਗਿਆਨ ।
ਗੋਝ ਗਿਆਨ ਪ੍ਰਭ ਲਏ ਪਛਾਣ ।
ਦੁਆਰ ਦਸਵੇਂ ਦੇ ਪੜਦੇ ਲਹਿ ਜਾਣ ।



ਨਿਜਾਨੰਦ ਨਿਜ ਮਾਹਿ ਪਾਣ ।
ਜੋਤ ਸਰੂਪ ਦਾ ਦਰਸ਼ਨ ਪਾਣ ।
ਵਿਚ ਸੰਸਾਰ ਇਹ ਉਤਮ ਜਾਣ ।
ਮਹਾਰਾਜ ਸ਼ੇਰ ਸਿੰਘ ਬਖਸ਼ਿਆ ਦਾਨ । ੩੦ ਫੱਗਣ ੨੦੦੬ ਬਿ

੧੭੮

ਸੋਹੰ ਸ਼ਬਦ ਰਸਨਾ ਗਾਓ ।
ਸਤਿਜੁਗ ਸਾਚੇ ਜਨਮ ਪਾਓ ।
ਪ੍ਰਭ ਅਬਿਨਾਸ਼ੀ ਚਰਨ ਸੇਵ ਕਮਾਓ ।
ਆਪਣਾ ਲੇਖਾ ਫੇਰ ਲਿਖਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਲਾਗ ਅਮਰਾਪਦ ਪਾਓ । ੧ ਮਾਘ ੨੦੧੦ ਬਿ

੧੭੯



ਸੋਹੰ ਸ਼ਬਦ ਰਸਨਾ ਰਸ ਗੀਤ ।
ਮਿਲੇ ਮੇਲ ਪ੍ਰਭ ਸਾਚੇ ਮੀਤ ।
ਹਰਿ ਹਿਰਦੇ ਜਾਏ ਵਸ,
ਕਾਇਆ ਕਰੇ ਠੰਡੀ ਸੀਤ ।
ਪੰਚ ਪੰਚਾਇਣ ਜਾਇਣ ਨੱਸ,
ਇਕ ਦਿਸਾਏ ਸਾਚੀ ਰੀਤ ।
ਸ਼ਬਦ ਬਾਣ ਲਾਏ ਕਸ,
ਗੁਰਮੁਖ ਸਾਚੇ ਏਕਾ ਅੰਦਰ ਸਾਚਾ ਮੰਦਰ,
ਨਾ ਕੋਈ ਵਖਾਣੇ ਦੇਹੁਰਾ ਮਸੀਤ ।
ਆਤਮ ਤੋੜੇ ਵੱਜਾ ਜੰਦਰ,
ਨਰ ਹਰਿ ਸਾਚਾ ਰਾਖੇ ਚੀਤ ।
ਦਰ ਦਰ ਭੌਂਦੇ ਫਿਰਦੇ ਬੰਦਰ,
ਕੋਈ ਨਾ ਪਰਖੇ ਕਿਸੇ ਨੀਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸ਼ਬਦ ਝੋਲੀ ਪਾਏ,
ਦਰਸ ਦਿਖਾਏ ਦਇਆ ਕਮਾਏ,
ਸਦਾ ਗਾਉਣਾ ਸੁਹਾਗੀ ਗੀਤ । ੨੮ ਕੱਤਕ ੨੦੧੧ ਬਿ



੧੮੦

ਸੋਹੰ ਸ਼ਬਦ ਵਡ ਵਡਿਆਈ ।
ਓਅੰ ਪ੍ਰਭ ਆਪ,
ਸੋਹੰ ਸ਼ਬਦ ਸਤਿਜੁਗ ਸਤਿ ਚਲਾਈ ।



ਸੋਹੰ ਰਸਨਾ ਜਪ ਜੀਵ,
ਆਤਮ ਦਰਸ ਪ੍ਰਭ ਦਏ ਦਿਖਾਈ ।
ਸੋਹੰ ਮਾਰੇ ਸ਼ਬਦ ਅਗਿਆਨ,
ਅੰਧੇਰ ਸਰਬ ਮਿਟ ਜਾਈ ।
ਕੋਟ ਨਿਵਾਰੇ ਆਤਮ ਪਾਪ,
ਸੁਨ ਸਮਾਧ ਪ੍ਰਭ ਖੋਲ੍ਹ ਵਖਾਈ ।
ਸਾਚੀ ਜੋਤ ਧਰੇ ਵਿਚ ਆਪ,
ਜੋਤ ਸਰੂਪ ਪ੍ਰਭ ਦਿਸ ਆਈ ।
ਸਾਚਾ ਸ਼ਬਦ ਸੋਹੰ ਆਤਮ ਪ੍ਰਕਾਸ਼ ਕਰ,
ਕਲਜੁਗ ਮਿਲੇ ਜੀਵ ਵਡਿਆਈ ।
ਸਾਚੀ ਸੰਗਤ ਸੰਗ ਨਿਵਾਸ ਕਰ,
ਨਿਹਕਲੰਕ ਕਲਜੁਗ ਜੋਤ ਪ੍ਰਗਟਾਈ ।
ਚਾਰ ਵਰਨ ਪ੍ਰਭ ਚਰਨ ਦਾਸ ਕਰ,
ਜੋਤ ਸਰੂਪੀ ਖੇਲ ਰਚਾਈ ।
ਮਹਾਰਾਜ ਸ਼ੇਰ ਸਿੰਘ ਸਰਬ ਦੁਖ ਨਾਸ ਕਰ,
ਗੁਰਸਿਖਾਂ ਆਤਮ ਧੀਰ ਧਰਾਈ । ੧੭ ਹਾੜ ੨੦੦੮ ਬਿ



੧੮੧

ਸੋਹੰ ਸ਼ਬਦ ਪ੍ਰਭ ਆਪ ਲਿਖਵਾਇਆ ।
ਸਤਿਜੁਗ ਵਿਚ ਪ੍ਰਚਲਤ ਕਰਵਾਇਆ ।
ਬਾਕੀ ਸਭ ਦਾ ਕਾਲ ਕਰਵਾਇਆ ।
ਗੁਰ ਸੰਗਤ ਨੂੰ ਦੇਵੇ ਦਾਨ ।
ਸੋਹੰ ਸ਼ਬਦ ਹੈ ਮੇਰਾ ਨਾਮ ।
ਰਿਦੇ ਧਿਆਓ ਸਰਬ ਸੁਖ ਪਾਓ ।
ਵਿਚ ਚੁਰਾਸੀ ਫੇਰ ਨਾ ਅਓ ।
ਨਾਮ ਮੇਰੇ ਦੀ ਇਹ ਵਡਿਆਈ,
ਜਿਸ ਸਿਮਰਤ ਤਿਸ ਤ੍ਰਿਖਾ ਲਹਿ ਜਾਈ । ੧੬ ਮੱਘਰ ੨੦੧੬ ਬਿ

੧੮੨

ਸੋਹੰ ਸ਼ਬਦ ਉਤਮ ਗਿਆਨ ।
ਬੂਝੇ ਸੋ ਜੋ ਪੁਰਖ ਸੁਜਾਨ ।
ਪਾਵੇ ਸੋ ਜਿਸ ਗੁਰ ਚਰਨ ਧਿਆਨ ।
ਗਾਵੇ ਸੋ ਜਿਸ ਪ੍ਰਭ ਦੇਵੇ ਦਾਨ ।
ਧਾਰੇ ਸੋ ਜਿਸ ਪ੍ਰਭ ਦਏ ਦਇਆਵਾਨ,
ਦਰਸਾਰੇ ਸੋ ਜਿਸ ਪ੍ਰਭ ਹੋਏ ਮਿਹਰਵਾਨ ।
ਪਾਵੇ ਸੋ ਜਿਸ ਮਹਾਰਾਜ ਸ਼ੇਰ ਸਿੰਘ ਦਰਸ ਦਿਖਾਨ ।





✪ ੧੮੩ ✪

ਸੋਹੰ ਸ਼ਬਦ ਨਾਮ ਅਨਮੋਲਾ ।
ਪੁਰਖ ਅਬਿਨਾਸ਼ੀ ਅੰਤਮ ਕਲ,
ਆਪੇ ਬਣਿਆ ਮਾਤ ਤੋਲਾ ।
ਨਾ ਕੋਈ ਕਰੇ ਵਲ ਛਲ,
ਚਾਰ ਵਰਨ ਸੁਣਾਏ ਏਕਾ ਢੋਲਾ ।
ਪ੍ਰਭ ਕਾ ਭਾਣਾ ਨਾ ਜਾਏ ਟਲ,
ਸਚ ਦੁਵਾਰਾ ਏਕਾ ਖੋਲ੍ਹਾ ।
ਨਾ ਜਨਮੇ ਨਾ ਜਾਏ ਮਰ,
ਨਾ ਕੋਈ ਪਰਦਾ ਨਾ ਕੋਈ ਉਹਲਾ ।
ਹਰਿਜਨ ਹਰਿ ਸਰਨਾਈ ਜਾਏ ਪੜ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਾਇਆ ਮੰਦਰ ਅੰਦਰ ਸਾਚੇ ਚੋਲਾ ।



✪ ੧੮੪ ✪

ਸੋਹੰ ਸ਼ਬਦ ਪ੍ਰਭ ਦੇਵੇ ਦਾਤ ।
ਸੋਹੰ ਪ੍ਰਭ ਸਾਚੀ ਕਰਾਮਾਤ ।
ਸੋਹੰ ਸ਼ਬਦ ਕਰੇ ਪ੍ਰਕਾਸ਼ ।
ਜੀਉਂ ਦੀਪਕ ਅੰਧੇਰੀ ਰਾਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਨ ਭਗਤਾਂ ਦੇਵੇ ਸਾਚੀ ਦਾਤ ।

✪ ੧੮੫ ✪

ਸੋਹੰ ਸਾਚਾ ਸ਼ਬਦ ਚਲਾਇਆ ।
ਸੋਹੰ ਸਾਚੀ ਧੁਨ ਉਪਜਾਇਆ ।
ਸੋਹੰ ਆਤਮ ਸੁੰਨ ਖੁਲ੍ਹਾਇਆ ।
ਸੋਹੰ ਰਸਨਾ ਜਪ ਜਪ ਜੀਵ,
ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ ।

✪ ੧੮੬ ✪



ਸੋਹੰ ਸਾਚਾ ਸ਼ਬਦ ਚਲਾਇਆ ।
ਸਾਚੇ ਪ੍ਰਭ ਰਸਨ ਅਲਾਇਆ ।
ਸਤਿਜੁਗ ਤੇਰੀ ਝੋਲੀ ਪਾਇਆ ।
ਜਗਤ ਭੰਡਾਰੀ ਸਰਬ ਵਰਤਾਇਆ ।
ਸਤਿਜੁਗ ਜੀਵਾਂ ਵਿਚ ਵਸਾਇਆ ।
ਆਤਮ ਵਿਕਾਰ ਨਸ਼ਟ ਕਰਾਇਆ ।



ਹੰਕਾਰ ਨਿਵਾਰੀ ਪ੍ਰਭ ਅਖਵਾਇਆ ।
ਸਾਂਤਕ ਰੂਪ ਹੋਏ ਵਿਚ ਸਮਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਕਲ ਜਾਮਾ ਪਾਇਆ ।

✪ ੧੮੭ ✪

ਸੋਹੰ ਸਾਚਾ ਸ਼ਬਦ ਚਲਾਇਆ,
ਸੋਹੰ ਸਾਚੀ ਧੁਨ ਉਪਜਾਇਆ ।
ਸੋਹੰ ਆਤਮ ਸੁੰਨ ਖੁਲ੍ਹਾਇਆ ।
ਸੋਹੰ ਰਸਨਾ ਜਪ ਜਪ ਜੀਵ,
ਮਹਾਰਾਜ ਸ਼ੇਰ ਸਿੰਘ ਹੋਏ ਸਹਾਇਆ ।

✪ ੧੮੮ ✪

ਸੋਹੰ ਨਾਮ ਸਦਾ ਖ਼ੁਮਾਰੀ ।
ਗੁਰਮੁਖ ਆਤਮ ਹੋਏ ਉਜਿਆਰੀ ।
ਅੰਮ੍ਰਿਤ ਵਰਖੇ ਪ੍ਰਭ ਸਾਚਾ ਕਿਰਪਾ ਧਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦੇਵੇ ਦਰਸ ਸਚਖੰਡ ਦੁਵਾਰੀ ।



✪ ੧੮੯ ✪

ਸੋਹੰ ਨਾਮ ਤੇਰੀ ਵਡਿਆਈ ।
ਈਸ਼ ਜੀਵ ਇਕ ਹੋ ਜਾਈ ।
ਸੋਹੰ ਸੋ ਪ੍ਰਭ ਨਿਰੰਜਣ ਰਘੁਰਾਈ ।
ਆਪਣਾ ਖੇਲ ਆਪ ਵਰਤਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪਣਾ ਭੇਵ ਦੇਵੇ ਆਪ ਖੁਲ੍ਹਾਈ ।

✪ ੧੯੦ ✪

ਸੋਹੰ ਸਾਚਾ ਰਸਨਾ ਜਾਪ ।
ਆਪ ਉਤਾਰੇ ਕੋਟਨ ਪਾਪ ।
ਵਿਚੋਂ ਮਾਰੇ ਤੀਨੋਂ ਤਾਪ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹੋਏ ਸਹਾਈ ਆਪੇ ਆਪ । ੧੪ ਭਾਦਰੋਂ ੨੦੦੯ ਬਿ



✪ ✪



**੧੯੧**

ਸੋਹੰ ਚੋਗ ਮਾਣਕ ਮੋਤੀ ।
ਗੁਰਮੁਖ ਜਗਾਏ ਏਕਾ ਜੋਤੀ ।
ਸ੍ਰਿਸ਼ਟ ਸਬਾਈ ਰਹੀ ਸੋਤੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਧ ਸੰਗਤ ਤੇਰੀ ਦੁਰਮਤ ਧੋਤੀ । ੧ ਮਾਘ ੨੦੦੯ ਬਿ

**੧੯੨**

ਸੋਹੰ ਚਲੇ ਸਵਾਸ ਸਵਾਸਾ ।
ਜੋਤ ਸਰੂਪ ਕਰ ਪ੍ਰਕਾਸ਼ਾ ।
ਦੇਵੇ ਦਰਸ ਪ੍ਰਭ ਅਬਿਨਾਸ਼ਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਨਸ ਜਨਮ ਕਰਾਏ ਰਾਸਾ । ੧੫ ਚੇਤ ੨੦੦੯ ਬਿ



**੧੯੩**

ਸੋਹੰ ਜਪਾਵੇ ਸਾਚਾ ਜਾਪ ।
ਚਰਨ ਲਾਏ ਕੋਟ ਲਾਹੇ ਪਾਪ ।
ਸਾਧ ਸੰਗਤ ਪ੍ਰਭ ਮਾਈ ਬਾਪ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਨ ਭਗਤਾਂ ਸਹਾਈ ਹੋਵੇ ਆਪ । ੧੭ ਹਾੜ ੨੦੦੮

**੧੯੪**

ਸੋਹੰ ਤੇਰੀ ਜੈ ਜੈਕਾਰ ।
ਵਰਤੇ ਵਰਤਾਵੇ ਵਿਚ ਸੰਸਾਰ ।
ਜੀਵ ਜਪੇ ਜਪਾਵੇ,
ਦਵਾਵੇ ਮੋਖ ਦਵਾਰ,
ਜਨ ਰਸਨਾ ਗਾਵੇ ਪ੍ਰਭ ਪਾਰ ਲੰਘਾਵੇ,
ਜਨਮ ਨਾ ਪਾਵੇ ਦੂਜੀ ਵਾਰ ।
ਬਣਤ ਬਣਾਵੇ ਗਣਤ ਗਿਣਾਵੇ,
ਪ੍ਰਭ ਅਬਿਨਾਸ਼ੀ ਗੁਰਮੁਖ ਸੰਤ ਤਰਾਵੇ,
ਏਕਾ ਦੇਵੇ ਚਰਨ ਪਿਆਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਾਰ ਕੁੰਟ ਕਰਾਏ ਜੈ ਜੈ ਜੈਕਾਰ । ੧੭ ਚੇਤ ੨੦੦੯





੧੬੫

ਸੋਹੰ ਤੇਰੀ ਜੈ ਜੈ ਜੈਕਾਰ ।
ਚਾਰ ਕੁੰਟ ਵਰਤੇ ਵਿਚ ਸੰਸਾਰ ।
ਚਾਰ ਵਰਨ ਏਕਾ ਦਿਸੇ,
ਨਿਹਕਲੰਕ ਤੇਰਾ ਦਰਬਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਤ ਜੋਤ ਕਰੇ ਆਕਾਰ । ੮ ਚੇਤ ੨੦੦੯ ਬਿ

੧੬੬

ਸੋਹੰ ਦਾਤ ਗੁਰ ਦਰ ਤੇ ਪਾਈ ।
ਆਤਮ ਰਾਸ ਗੁਰਚਰਨ ਸੰਗ ਬਣ ਆਈ ।
ਸਾਧ ਸੰਗਤ ਗੁਰਚਰਨ ਨਿਵਾਸ,
ਅੰਤਕਾਲ ਜਮ ਡੰਡ ਨਾ ਖਾਈ ।
ਜਨ ਸੋਹਣ ਤੇਰੇ ਪਾਸ,
ਸਾਚਾ ਨਾਉਂ ਤੇਰਾ ਜਸ ਗਾਈ ।
ਭਗਤ ਵਛਲ ਕਰੇ ਵਿਚ ਵਾਸ,
ਕਲਜੁਗ ਦੇਵੇ ਭਗਤ ਵਡਿਆਈ ।
ਮਹਾਰਾਜ ਸ਼ੇਰ ਸਿੰਘ ਸਦ ਬਲ ਜਾਸ,
ਜੋਤ ਸਰੂਪ ਕਲ ਹੋਏ ਸਹਾਈ । ੫ ਵਿਸਾਖ ੨੦੦੮



੧੬੭

ਸੋਹੰ ਨਾਮ ਆਪੇ ਦੀਆ ।
ਆਤਮ ਜੋਤ ਜਗਾਇਆ ਦੀਆ ।
ਸਤਿਜੁਗ ਰਖਾਈ ਸਾਚੀ ਨੀਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਬੀਜ ਸਾਚਾ ਬੀਆ । ੧ ਮਾਘ ੨੦੦੯ ਬਿ

੧੬੮

ਸੋਹੇ ਬੰਕ ਦੁਵਾਰ ਚਰਨ ਛੁਹਾਇਆ ।
ਚਰਨ ਕਵਲ ਪ੍ਰਭ ਸਾਚੀ ਧਾਰ,
ਰਾਓ ਰੰਕਾਂ ਭੇਵ ਮਿਟਾਇਆ ।
ਮਿਟੇ ਭੇਵ ਵਿਚ ਸੰਸਾਰ,
ਏਕਾ ਰੰਗ ਰਿਹਾ ਵਖਾਇਆ ।
ਏਕਾ ਰੰਗ ਏਕੰਕਾਰ,
ਸਚ ਮਹੱਲ ਰਿਹਾ ਵਸਾਇਆ ।
ਸਚ ਮਹੱਲਾ ਜੋਤ ਨਿਰੰਕਾਰ,





ਸ਼ਬਦ ਪੱਲਾ ਰਿਹਾ ਫੜਾਇਆ ।
ਸ਼ਬਦ ਪੱਲਾ ਮੀਤ ਮੁਰਾਰ,
ਔਖੀ ਘਾਟੀ ਰਿਹਾ ਚੜ੍ਹਾਇਆ ।
ਔਖੀ ਘਾਟੀ ਡੂੰਘੀ ਗਾਰ,
ਬਜ਼ਰ ਕਪਾਟੀ ਪਰਦਾ ਲਾਹਿਆ ।
ਜੋਤੀ ਜੋਤ ਸਰੂਪ ਹਰਿ,
ਹਰਿਜਨ ਵੇਖੇ ਸਚ ਘਰ,
ਸਾਚੀ ਹਾਟੀ ਸਾਚਾ ਵਣਜ ਕਰਾਇਆ ।

੧੯੯

ਸੇਵਾ ਸੰਗਤ ਨਾ ਜਾਵੇ ਖ਼ਾਲੀ ।
ਅੰਮ੍ਰਿਤ ਸਿੰਚੇ ਆਤਮ,
ਸਭ ਸ੍ਰਿਸ਼ਟ ਕਾ ਵਾਲੀ ।
ਟੁੱਟੇ ਫੁੱਲ ਪ੍ਰਭ ਦੇਵੇ ਲਾ,
ਜੀਵ ਟੁੱਟੇ ਜੋ ਡਾਲੀ ।



ਮਹਾਰਾਜ ਸ਼ੇਰ ਸਿੰਘ ਸੱਚਾ ਪਾਤਸ਼ਾਹ,
ਦੋ ਜਹਾਨਾਂ ਵਾਲੀ । ੬ ਜੇਠ ੨੦੦੮ ਬਿ

੨੦੦

ਸਿਮਰੋ ਸਿਮਰ ਸਿਮਰ ਸੁਖ ਪਾਵੋ,
ਹਰਿ ਨਾਮ ਵੱਡੀ ਵਡਿਆਈਆ ।
ਮਨ ਕਾ ਭਰਮ ਸਰਬ ਗਵਾਵੋ,
ਮਨ ਮਨਸਾ ਰਹੇ ਨਾ ਰਾਈਆ ।
ਗੁਰ ਚਰਨ ਸਦਾ ਧਿਆਵੋ,
ਮਿਲੇ ਮਾਣ ਵਡਿਆਈਆ ।
ਆਤਮ ਅੰਤਰ ਆਪਣਾ ਪਰਦਾ ਲਾਹਵੋ,
ਦੂਈ ਦਵੈਤ ਰਹਿਣ ਨਾ ਪਾਈਆ ।
ਹੰਸ ਬਣੇ ਜੀਓ ਕਾਉਂ,
ਕਾਗ ਹੰਸ ਰੂਪ ਵਖਾਈਆ ।
ਏਕਾ ਵੇਖੋ ਪਿਤਾ ਮਾਉਂ,
ਪਾਰਬ੍ਰਹਮ ਬੇਪਰਵਾਹੀਆ ।
ਸਦਾ ਸੁਹੇਲਾ ਸਿਰ ਰੱਖੇ ਠੰਡੀ ਛਾਉਂ,
ਸਿਰ ਆਪਣਾ ਹੱਥ ਟਿਕਾਈਆ ।



ਵੇਲੇ ਅੰਤ ਪਕੜੇ ਬਾਂਹੋਂ,
ਰਾਏ ਧਰਮ ਨਾ ਦਏ ਸਜ਼ਾਈਆ ।
ਜੋਤੀ ਜੋਤ ਸਰੂਪ ਹਰਿ,



ਆਪ ਆਪਣੀ ਕਿਰਪਾ ਕਰ,
ਏਕਾ ਸਿਮਰਨ ਦਏ ਸਮਝਾਈਆ । ੧੬ ਜੇਠ ੨੦੧੮ ਬਿ

✪ ੨੦੧ ✪

ਸਿਮਰੋ ਸਿਮਰ ਸਿਮਰ ਸੁਖ ਪਾਓ ।
ਤਿੰਨ ਕਲੇਸ਼ ਮਨ ਮਾਹੇ ਮਿਟਾਓ ।
ਹਉਮੇ ਸੰਸਾ ਰੋਗ ਚੁਕਾਓ ।
ਘਰ ਪ੍ਰੀਤਮ ਏਕਾ ਪਾਓ ।
ਦੂਜੇ ਦਰ ਨਾ ਮੰਗਣ ਜਾਓ ।
ਨਿਰਵੈਰ ਪੁਰਖ ਨਿਰਾਕਾਰ
ਆਦਿ ਜੁਗਾਦਿ ਜੂਨੀ ਰਹਿਤ
ਦਰਦ ਦੁਖ ਭੰਜਨ
ਸੀਸ ਜਗਦੀਸ ਇਕ ਝੁਕਾਓ ।
ਰਾਮ ਨਾਮ ਜਿਹਵਾ ਰਸਨਾ ਰਸ
ਪੁਰਖ ਅਬਿਨਾਸ਼ੀ ਦੇਵੇ ਹਸ ਹਸ,
ਹਰਿ ਕਾ ਮੰਦਰ ਇਕ ਧਿਆਓ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਿਸ ਜਨ ਦੇਵੇ ਆਪਣਾ ਦਰ,
ਦਰ ਘਰ ਸਾਚਾ ਇਕ ਜਣਾਓ । ੧੬ ਜੇਠ ੨੦੧੮ ਬਿ

✪ ੨੦੨ ✪

ਹਰਿ ਸੰਤ ਹਰਿ ਰੰਗ ਵੇਖ ।
ਹਰਿ ਸੰਤ ਪ੍ਰਭ ਅਬਿਨਾਸ਼ੀ ਧਾਰੇ ਭੇਖ ।
ਹਰਿ ਸੰਤ ਮਿਲ ਸਾਚੇ ਕੰਤ,
ਚਲ ਆਓ ਮਾਝੇ ਦੇਸ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸਾਚੇ ਵਿਚ ਪ੍ਰਵੇਸ਼ । ੧ ਮਾਘ ੨੦੧੦ ਬਿ

✪ ੨੦੩ ✪

ਹਰਿ ਸਤਿਗੁਰ ਸਾਚਾ ਮੀਤੜਾ,
ਪਾਰਬ੍ਰਹਮ ਕਰਤਾਰ ।



ਗੁਰ ਗੁਰ ਚਲਾਏ ਆਪਣੀ ਰੀਤੜਾ,
ਪ੍ਰਗਟ ਹੋਏ ਵਿਚ ਸੰਸਾਰ ।
ਗੁਰਮੁਖਾਂ ਲੱਗੇ ਭਾਣਾ ਮੀਠੜਾ,
ਇਕ ਵਸਾਏ ਠੰਡਾ ਦਰਬਾਰ ।



ਗੁਰਸਿਖ ਕਰਾਏ ਪਤਿਤ ਪੁਨੀਤੜਾ,
ਪਤਿਤ ਪਾਵਣ ਕਿਰਪਾ ਧਾਰ ।
ਮਨਮੁਖ ਕਾਇਆ ਕੌੜਾ ਹੋਇਆ ਰੀਠੜਾ,
ਚਾਰੋਂ ਕੁੰਟ ਹੋਏ ਖ਼ੁਆਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਖੇਲੇ ਖੇਲ ਅਗੰਮ ਅਪਾਰ । ੨੩ ਜੇਠ ੨੦੧੬ ਬਿ

✪ ੨੦੪ ✪

ਹਰਿ ਸੰਗਤ ਤੇਰੇ ਦਰਸ਼ਨ ਨੂੰ,
ਘਰ ਚਲ ਪਰਮੇਸ਼ਰ ਆਇਆ ।
ਹਰਿ ਸੰਗਤ ਤੇਰਾ ਓਹ ਦੁਵਾਰਾ,
ਜਿਸ ਘਰ ਵਸੇ ਸਦਾ ਨਿਰੰਕਾਰਾ,
ਨਿਰਗੁਣ ਆਪਣੀ ਦਇਆ ਕਮਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . . . .



ਹਰਿ ਸੰਗਤ ਤੇਰਾ ਉਹ ਮੁਨਾਰਾ,
ਇਕੋ ਵੇਖੇ ਵੇਖਣਹਾਰਾ,
ਦੂਜਾ ਨਜ਼ਰ ਕਿਸੇ ਨਾ ਆਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . . . .
ਹਰਿ ਸੰਗਤ ਤੇਰਾ ਅਗੰਮ ਪਿਆਰਾ,
ਅੰਦਰ ਬਾਹਰ ਗੁਪਤ ਜ਼ਾਹਰਾ,
ਨਾਤਾ ਸਤਿਜੁਗ ਚਰਨ ਜੁੜਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . .
ਹਰਿ ਸੰਗਤ ਤੇਰਾ ਘਰ ਬਾਰਾ,
ਪ੍ਰਭ ਨੂੰ ਮਿਲਿਆ ਧਾਮ ਥਾਰਾ,
ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . .
ਹਰਿ ਸੰਗਤ ਤੇਰਾ ਸੋਹਣਾ ਆਸਣ,
ਜਿਥੇ ਸੋਹੇ ਪੁਰਖ ਅਬਿਨਾਸ਼ਣ,
ਸਨਮੁਖ ਹੋ ਕੇ ਦਰਸ ਵਖਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . . . .



ਹਰਿ ਸੰਗਤ ਤੇਰੀ ਸੋਹਣੀ ਸੇਜਾ,
ਜੋਤੀ ਜਲਵਾ ਨੂਰੀ ਤੇਜਾ,
ਸ਼ਬਦੀ ਰਾਗ ਸੁਣਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ . . . . .
ਜੋਤੀ ਜੋਤ ਸਰੂਪ ਹਰਿ,



ਆਪ ਆਪਣੀ ਕਿਰਪਾ ਕਰ,
ਕਿਰਪਾ ਨਿਧਾਨ ਆਪਣੀ ਖੇਲ ਰਚਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ......
ਗੁਰਮੁਖੋ ਮੈਨੂੰ ਦਰੋ ਦਿਖਾਓ,
ਜੁਗ ਜੁਗ ਦੀ ਪਿਆਸ ਬੁਝਾਓ,
ਪ੍ਰੇਮ ਪ੍ਰੀਤੀ ਰੰਗ ਚੜ੍ਹਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ.......
ਗੁਰਮੁਖੋ ਮੈਨੂੰ ਦਿਉ ਦੀਦਾਰ,
ਆਪਣੇ ਨਾਲ ਸਾਂਝਾ ਕਰੋ ਪਿਆਰ,
ਵਖਰਾ ਰਹਿਣ ਮੈਨੂੰ ਕਦੇ ਨਾ ਭਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ........
ਗੁਰਮੁਖੋ ਮੇਰੇ ਨਾਲ ਮਿਲਾਓ ਨੈਣ,
ਮੈਂ ਤੁਹਾਡੇ ਅੰਦਰ ਆਇਆ ਬਹਿਣ,
ਲੱਖ ਚੁਰਾਸੀ ਜਗਤ ਤਜਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ........



ਮੇਰੇ ਨਾਲ ਮਿਲਾਓ ਅੱਖ,
ਮੈਂ ਆਪਣਾ ਭੇਤ ਦੇਵਾਂ ਦੱਸ,
ਅੰਦਰੋਂ ਪਰਦਾ ਦਵੈਤ ਚੁਕਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ........
ਮੇਰੇ ਨਾਲ ਮਿਲਾਓ ਨੇਤਰ,
ਤੁਹਾਡਾ ਲਹਿਣਾ ਚੁਕਾਵਾਂ ਛੇਕੜ,
ਅੱਗੇ ਲੇਖਾ ਮੰਗਣ ਕੋਇ ਨਾ ਆਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ........
ਜਨ ਭਗਤੋ ਮੇਰੇ ਨਾਲ ਮਿਲਾਉ ਹੱਥ,
ਮੈਂ ਓਹੀ ਪੁਰਖ ਸਮਰਥ,
ਜੋ ਜੁਗ ਜੁਗ ਵੇਸ ਵਟਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ.......
ਸਚਖੰਡ ਦਵਾਰਿਉਂ ਆਇਆ ਨੱਸ,
ਤੁਹਾਡੇ ਅੰਦਰ ਜਾਵਾਂ ਵਸ,
ਵਸਲ ਇਕੋ ਯਾਰ ਕਰਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ........



ਮੇਰਾ ਨਾਤਾ ਹੋਵੇ ਪੱਕ,
ਵੇਖੋ ਪਿਆਰ ਕਰਦਿਆਂ ਨਾ ਜਾਵਾਂ ਥਕ,
ਥਕਾਵਟ ਪਿਛਲੀ ਦਿਆਂ ਗਵਾਈਆ ।
ਜੇ ਪਿਛੇ ਗੋਬਿੰਦ ਗਿਆ ਛੱਡ,
ਹੁਣ ਕਦੇ ਨਾ ਹੋਵਾਂ ਅੱਡ,



੭੧

ਵੱਖਰੀ ਧਾਰ ਨਾ ਕੋਇ ਰਖਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ · · · ·
ਜੇ ਬੱਧਕ ਲਿਆ ਸਦ,
ਮੈਂ ਪਾਰ ਕਰ ਕੇ ਆਇਆ ਹੱਦ,
ਮਹਿਦੂਦ ਹੋ ਕੇ ਤੁਹਾਡੇ ਅੰਦਰ ਡੇਰਾ ਲਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ · · · ·
ਮੈਂ ਖ਼ੁਸ਼ੀਆਂ ਨਾਲ ਗਾਵਾਂ ਤੁਹਾਡਾ ਜਸ,
ਤੁਸਾਂ ਅੱਗੋਂ ਮਿਲਣਾ ਹਸ,
ਮੈਂ ਆਪਣੀ ਹਸਤੀ ਤੁਹਾਡੀ ਮਸਤੀ ਵਿਚ ਰਖਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ · · · ·
ਮਾਰਗ ਇਕੋ ਦੇਵਾਂ ਦੱਸ,
ਜਪ ਤਪ ਕੋਈ ਕਰਨਾ ਪਏ ਨਾ ਹਠ,
ਬਿਨ ਪੜ੍ਹਿਆਂ ਪਾਰ ਲੰਘਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ · · · ·
ਏਥੇ ਓਥੇ ਲਵਾਂ ਰੱਖ,
ਝੋਲੀ ਪਾ ਕੇ ਹਕੀਕਤ ਹਕ,
ਹਾਕਮ ਧੁਰ ਦੇ ਦੇਵਾਂ ਬਣਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਪ੍ਰੀਤ ਪ੍ਰੀਤੀ ਅੰਦਰ ਤੁਹਾਡੇ ਅੱਗੇ ਜਾਏ ਢਠ,
ਆਪਣਾ ਬਲ ਨਾ ਕੋਇ ਰਖਾਈਆ ।
ਹਰਿ ਸੰਗਤ ਤੇਰੇ ਦਰਸ਼ਨ ਨੂੰ · · · · ੧੩ ਮੱਘਰ ੨੦੨੧ ਬਿ

✪ ੨੦੫ ✪

ਹਰਿ ਸੰਗਤ ਹਰਿ ਸਮਾਇਆ,
ਹਰਿ ਹਰਿ ਰੂਪ ਅਪਾਰ ।
ਹਰ ਘਟ ਡੇਰਾ ਆਪੇ ਲਾਇਆ,
ਗੁਰਮੁਖ ਵਿਰਲਾ ਪਾਵੇ ਸਾਰ ।
ਕਲਜੁਗ ਅੰਤਮ ਅੰਧੇਰਾ ਛਾਇਆ,
ਭਰਮੇ ਭੁਲਾ ਸਰਬ ਸੰਸਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,



ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹਰਿਜਨ ਦੇਵੇ ਨਾਮ ਦਾਨ,
ਅਗਿਆਨ ਅੰਧੇਰ ਗੁਆਇਆ । ੧੭ ਹਾੜ ੨੦੧੯ ਬਿ



੨੦੬

ਹਰਿ ਸੰਗਤ ਉਠ ਨੇਤਰ ਖੋਲ੍ਹ,
ਆਲਸ ਨਿੰਦਰਾ ਜਗਤ ਗਵਾਈਆ ।
ਸਤਿਗੁਰ ਸੱਜਣ ਆਇਆ ਕੋਲ,
ਰੋਗ ਸੋਗ ਦਏ ਮਿਟਾਈਆ ।
ਸਤਿਗੁਰ ਪੂਰੇ ਅੱਗੇ ਆਪਣੇ ਦੁਖੜੇ ਫੋਲ,
ਦੁਖ ਸੁਖ ਵਿਚ ਸਮਾਈਆ ।
ਆਪਣੀ ਜ਼ਿੰਦਗੀ ਆਪੇ ਘੋਲ,
ਘੋਲੀ ਘੋਲ ਘੁੰਮਾਈਆ ।
ਆਪਣੀ ਰਸਨਾ ਆਪੇ ਬੋਲ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਵਡੀ ਵਡਿਆਈਆ ।
ਨਿਹਕਲੰਕ ਵਜਾਇਆ ਢੋਲ,
ਤ੍ਰੈਲੋਕੀ ਰਿਹਾ ਉਠਾਈਆ ।
ਲੱਖ ਚੁਰਾਸੀ ਤੇਰਾ ਕਢੇ ਪੋਲ,
ਪਰਦਾ ਉਹਲਾ ਰਹੇ ਨਾ ਰਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਹਰਿ ਸੰਗਤ ਰਿਹਾ ਜਗਾਈਆ । ੧੭ ਹਾੜ ੨੦੧੬ ਬਿ



੨੦੭

ਹਰਿ ਸਾਚਾ ਨਹੀਂ ਭੁਲਾਵਣਾ ।
ਦਿਵਸ ਰੈਣ ਰਸਨਾ ਗਾਵਣਾ ।
ਆਪਣਾ ਮੂਲ ਨਹੀਂ ਗਵਾਵਣਾ ।
ਮਦਿਰਾ ਮਾਸ ਰਸਨ ਨਾ ਲਾਵਣਾ ।
ਕਾਇਆ ਕੋਟ ਸੁਫਲ ਕਰਾਵਣਾ ।
ਪ੍ਰਭ ਸਾਚਾ ਰਿਦੇ ਵਸਾਵਣਾ ।
ਸੋਹੰ ਸਾਚਾ ਗਾਵਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਤਮ ਭਰਪੂਰ ਸ਼ਬਦ ਕਰਾਵਣਾ । ੭ ਜੇਠ ੨੦੧੦



੨੦੮

ਹਰਿ ਕੀ ਜੋਤ ਹਰਿ ਮੰਦਰ ਆਈ ।
ਵਿਚ ਸਿਖ ਪ੍ਰਭ ਜੋਤ ਪ੍ਰਗਟਾਈ ।
ਪੈਜ ਇਸ ਦੀ ਆਪ ਰਖਾਈ ।
ਨਬਜ਼ ਇਸ ਦੀ ਚਲਣੋਂ ਬੰਦ ਕਰਾਈ ।



ਪ੍ਰਗਟ ਕੀਤੀ ਆਪ ਵਡਿਆਈ ।
ਧੰਨ ਸਿੱਖ ਧੰਨ ਇਸ ਦੀ ਮਾਈ ।
ਧੰਨ ਪਿਤਾ ਜਿਸ ਦਾਤ ਇਹ ਪਾਈ ।
ਘਨਕਪੁਰੀ ਵਿਚ ਸੇਵ ਕਮਾਈ ।
ਜੋਤ ਪ੍ਰਭ ਦੀ ਪੂਰਨ ਵਿਚ ਆਈ ।
ਪ੍ਰਗਟ ਭਇਆ ਪ੍ਰਭ ਰਘੁਰਾਈ । ੮ ਫੱਗਣ ੨੦੦੬

੨੦੯

ਹਰਿ ਕਿਰਪਾ ਹਰਿ ਜਾਣਿਆ,
ਪਾਰਬ੍ਰਹਮ ਗੁਰ ਕਰਤਾਰ ।
ਹਰਿ ਕਿਰਪਾ ਹਰਿ ਪਛਾਣਿਆ,
ਨਿਰਗੁਣ ਜੋਤ ਸ਼ਬਦ ਅਧਾਰ ।
ਹਰਿ ਕਿਰਪਾ ਹਰਿ ਸੰਗਤ ਮਾਣਿਆ,
ਮੇਲ ਮਿਲਾਵਾ ਸਿਰਜਣਹਾਰ ।
ਹਰਿ ਕਿਰਪਾ ਖੇਲ ਦੋ ਜਹਾਨਿਆ,
ਖੇਲ ਖਿਲਾਏ ਗਿਰਵਰ ਗਿਰਧਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਜੋਤੀ ਨੂਰ ਕਰੇ ਪ੍ਰਵਾਨਿਆ । ੨੮ ਹਾੜ ੨੦੧੬ ਬਿ



੨੧੦

ਹਰਿਜਨ ਗਲ ਪਾਏ ਗਲਵਕੜੀ,
ਆਪਣਾ ਮਾਣ ਰਖਾਈਆ ।
ਪਰਮ ਪੁਰਖ ਪ੍ਰਭ ਟੇਕ ਤੇਰੀ ਇਕੋ ਪਕੜੀ,
ਦੂਜਾ ਦਰ ਨਜ਼ਰ ਕੋਇ ਨਾ ਆਈਆ ।
ਮੈਂ ਨਾਮ ਨਹੀਂ ਪੜ੍ਹਨਾ ਅੱਖਰੀ,
ਨਿਰਅੱਖਰ ਦੇ ਸਮਝਾਈਆ ।
ਜੁਗ ਜੁਗ ਚਾਲ ਭਗਤਾਂ ਵੱਖਰੀ,
ਜਗਤ ਜੀਵਾਂ ਸਾਰ ਕਿਸੇ ਨਾ ਆਈਆ ।
ਮੈਂ ਸੁੱਤਾ ਤੇਰੀ ਸੇਜ ਸਥਰੀ,
ਸੋਹਣਾ ਆਸਣ ਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਭੇਵ ਅਭੇਦਾ ਦੇ ਖੁਲ੍ਹਾਈਆ । ੨੩ ਹਾੜ ੨੦੨੧ ਬਿ





✪ ੨੧੧ ✪

ਹਰਿਜਨ ਸਚਾ ਜਾਗਿਆ,
ਜਿਸ ਆਤਮ ਬ੍ਰਹਮ ਵਿਚਾਰ ।
ਮਾਣਸ ਜਨਮ ਵਡ ਵਡ ਭਾਗਿਆ,
ਪਾਇਆ ਪਰਮ ਪੁਰਖ ਕਰਤਾਰ ।
ਘਰ ਦੀਪਕ ਜੋਤ ਜਗੇ ਚਿਰਾਗਿਆ,
ਮੇਟ ਮਿਟਾਏ ਅੰਧ ਅੰਧਿਆਰ ।
ਦੁਰਮਤ ਮੈਲ ਧੋਵੇ ਦਾਗਿਆ,
ਕੂੜੀ ਕਿਰਿਆ ਦਏ ਨਵਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਹਰਿਜਨ ਸਾਚੇ ਲਏ ਉਭਾਰ । ੧੫ ਭਾਦਰੋਂ ੨੦੧੮ ਬਿ



✪ ੨੧੨ ✪

ਹਰਿ ਜੋਤੀ ਨੂਰ ਅਪਾਰ,
ਗੋਬਿੰਦ ਵਿਚ ਸਮਾਇਆ ।
ਗੋਬਿੰਦ ਸ਼ਬਦ ਅਧਾਰ,
ਲੋਕਮਾਤ ਵੇਖ ਵਖਾਇਆ ।
ਜਗਤ ਜਗਦੀਸ਼ ਕਰ ਪਿਆਰ,
ਸਿੰਘ ਮਨਜੀਤਾ ਸੇਵਾ ਲਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪੂਰਨ ਜੋਤੀ ਜੋਤ ਜਗਾਇਆ ।

✪ ੨੧੩ ✪

ਹੋਇਆ ਵਿਆਹ ਰਚਿਆ ਕਾਜ ।
ਸਾਚਾ ਸ਼ਬਦ ਲੈ ਜਾਣਾ ਦਾਜ ।
ਮਿਲੇ ਧੁਰ ਦਰਗਾਹੀ ਸਾਚਾ ਰਾਜ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪੇ ਰੱਖੇ ਗੁਰਸਿੱਖਾਂ ਲਾਜ । ੧੪ ਮੱਘਰ ੨੦੧੦ ਬਿ

✪ ੨੧੪ ✪



ਹਿਰਦੇ ਵਸਿਆ ਪ੍ਰਭ ਅਬਿਨਾਸ਼ੀ ।
ਆਤਮ ਦੁਬਦਾ ਸਾਰੀ ਨਾਸੀ ।
ਦੇਵੇ ਦਰਸ ਘਨਕ ਪੁਰ ਵਾਸੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਭਗਤਾਂ ਕਰੇ ਬੰਦ ਖੁਲਾਸੀ ।



✪ ੨੧੫ ✪

ਕਰ ਪ੍ਰੀਤੀ ਗੁਰਚਰਨ ਜੀਵ,
ਜੇ ਸਚ ਮਨ ਮੰਨੇ ।
ਦਰਸ ਕਰ ਜਾਏ ਦੁਤਰ ਤਰ,
ਮਿਲਿਆ ਭਗਵਾਨ ਜਿਉਂ ਭਗਤ ਧੰਨੇ ।
ਸੋਹੰ ਨਾਮ ਰਸਨਾ ਜਪ ਨਾ ਕਲਜੁਗ ਡਰ,
ਲਗਾਵੇ ਭੋਗ ਜਿਉਂ ਨਾਮੇਂ ਦੁੱਧ ਛੰਨੇ ।
ਮਹਾਰਾਜ ਸ਼ੇਰ ਸਿੰਘ ਭਰਮ ਨਿਵਾਰੇ,
ਸਾਚਾ ਬੇੜਾ ਕਲ ਲਾਵੇ ਬੰਨ੍ਹੇ । ੨੬ ਚੇਤ ੨੦੦੮

✪ ੨੧੬ ✪

ਕਿਰਪਾ ਕਰ ਕਿਰਪਾ ਕਰ ਕਿਰਪਾ ਕਰ,
ਆਤਮ ਬੁਧ ਸਾਚੀ ਧਰ ।
ਭਰਮ ਭੌ ਸਰਬ ਹਰ ।
ਜਨਮ ਕਰਮ ਸੁਫਲ ਕਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋ ਜਨ ਭੁਲ ਬਖ਼ਸ਼ਾਏ ਤੇਰੇ ਦਰ । ੨੪ ਸਾਵਨ ੨੦੦੯



✪ ੨੧੭ ✪

ਕਿਰਪਾ ਕਰ ਪਾਰ ਲੰਘਾਏ ।
ਵੇਲੇ ਅੰਤ ਆਪ ਛੁਡਾਏ ।
ਸਾਚਾ ਕੰਤ ਇਕ ਰਘੁਰਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣੇ ਰੰਗ ਰੰਗਾਏ । ੧੯ ਚੇਤ ੨੦੧੦ ਬਿ

✪ ੨੧੮ ✪

ਕਲਜੁਗ ਉਤਮ ਨਿਹਕਲੰਕ ਦਰਬਾਰਾ ।
ਸੋਹੰ ਸਾਚੀ ਧੁਨ ਧੁਨਕਾਰਾ ।
ਗੁਰਸਿਖ ਰਸਨਾ ਹੋਵੇ ਜੈ ਜੈਕਾਰਾ ।
ਪ੍ਰਭ ਸਾਚੇ ਭਗਤਾਂ ਹਿਰਦੇ ਵਸਣਾ,
ਦੇਵੇ ਦਰਸ ਆਪ ਗਿਰਧਾਰਾ ।
ਮਹਾਰਾਜ ਸ਼ੇਰ ਸਿੰਘ ਸਾਚਾ ਰਾਹ ਦੱਸਣਾ,
ਲੰਘੇ ਪਾਰ ਕੋਈ ਗੁਰਸਿਖ ਪਿਆਰਾ । ੫ ਜੇਠ ੨੦੦੮



✪ ✪



✪ ੨੧੯ ✪

ਕਲਜੁਗ ਜੀਵ ਉਠ ਜਾਗ,
ਸੁਤਿਆਂ ਰੈਣ ਵਿਹਾਈਆ ।
ਮਾਇਆ ਮਮਤਾ ਲੱਗਾ ਦਾਗ਼,
ਦੂਸਰ ਨਾ ਕੋਇ ਧੁਵਾਈਆ ।
ਦੀਪਕ ਜੋਤੀ ਬੁਝਿਆ ਜਿਰਾਗ,
ਸਚ ਬਾਤੀ ਨਾ ਕੋਇ ਲਗਾਈਆ ।
ਹਉਮੇ ਹੰਗਤਾ ਤ੍ਰਿਸ਼ਨਾ ਲੱਗੀ ਆਗ,
ਨਾ ਕੋਈ ਸਕੇ ਬੁਝਾਈਆ ।
ਕੋਈ ਨਾ ਪਕੜੇ ਦੋ ਜਹਾਨਾਂ ਵਾਗ,
ਨਾ ਦੇਵੇ ਸਚ ਸਰਨਾਈਆ ।
ਚਰਨ ਕਵਲ ਪ੍ਰਭ ਏਕਾ ਲਾਗ,
ਵਡ ਵਡੀ ਵਡਿਆਈਆ ।
ਸਾਚਾ ਮਜਨ ਧੂੜੀ ਮਾਘ,
ਧੂੜੀ ਰਿਹਾ ਕਰਾਈਆ ।
ਹੰਸ ਬਣਾਏ ਫੜ ਫੜ ਕਾਗ,
ਦੁਰਮਤ ਮੈਲ ਧੁਆਈਆ ।



ਇਕ ਸੁਣਾਏ ਸ਼ਬਦ ਅਨੁਰਾਗ,
ਅਨਹਦ ਧੁਨ ਉਪਜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਸਾਚਾ ਧਾਮ ਇਕ ਵਖਾਈਆ । ੧੬ ਚੇਤ ੨੦੧੪ ਬਿ

✪ ੨੨੦ ✪

ਕਲਜੁਗ ਜੀਵ ਨਾ ਹੋਏ ਧਿਆਨ ।
ਪ੍ਰਗਟੇ ਜੋਤ ਵਿਸ਼ਨੂੰ ਭਗਵਾਨ ।
ਦਰਸ ਦੇ ਪ੍ਰਭ ਦੇਵੇ ਸੋਹੰ ਦਾਨ ।
ਆਤਮ ਚਾੜ੍ਹ ਮਜੀਠੀ ਰੰਗ,
ਪ੍ਰਭ ਬਖ਼ਸ਼ੇ ਸ਼ਕਤ ਮਹਾਨ ।
ਮਹਾਰਾਜ ਸ਼ੇਰ ਸਿੰਘ ਸਾਚਾ ਦਰ,
ਰਾਓ ਰੰਕ ਇਕ ਸਮਾਨ । ੭ ਜੇਠ ੨੦੦੮ ਬਿ



✪ ੨੨੧ ✪

ਕਲਜੁਗ ਜੋਤ ਈਸ਼ਰ ਪ੍ਰਗਟਾਈ ।
ਸਾਧ ਸੰਗਤ ਪ੍ਰਭ ਭਏ ਸਹਾਈ ।
ਜੁਗੋ ਜੁਗ ਪ੍ਰਭ ਪੈਜ ਰਖਾਈ ।



ਮਿਲ ਗੁਰ ਸੰਗਤ ਪੂਰਨ ਮਤ ਪਾਈ ।
ਮਹਾਰਾਜ ਸ਼ੇਰ ਸਿੰਘ ਦੁਖ ਦੇਹ ਮਿਟਾਈ ।     ੨੬ ਚੇਤ ੨੦੦੮ ਬਿ

✪ ੨੨੨ ✪

ਕਲਜੁਗ ਪ੍ਰਗਟਿਆ ਨਰ ਅਵਤਾਰ ।
ਰੰਕ ਸ਼ੂਦਰ ਸੰਗ ਕੀਆ ਪਿਆਰ ।
ਤਖ਼ਤੋਂ ਲਾਹੇ ਵਡੇ ਸਿਕਦਾਰ ।
ਸੋਹੰ ਸ਼ਬਦ ਚਲਾਇਆ ਅਪਾਰ ।
ਸਰਬ ਸ੍ਰਿਸ਼ਟ ਨੂੰ ਆਈ ਹਾਰ ।
ਭਗਤ ਜਨਾਂ ਕਰ ਜੈ ਜੈਕਾਰ ।
ਜਿਥੇ ਵਸੇ ਆਪ ਨਿਰੰਕਾਰ ।
ਨਿਰਵੈਰ ਨਿਰਾਧਾਰ ਪੈਜ ਰਖਾਈ
ਦੇ ਸ਼ਬਦ ਆਧਾਰ ।
ਜਨ ਭਗਤ ਤਰਾਏ,
ਨਿਹਕਲੰਕ ਪ੍ਰਭ ਲੈ ਅਵਤਾਰ ।
ਕਲਜੁਗ ਅੰਤ ਖਪਾਏ,



ਕਲਜੁਗ ਜੀਵ ਨਾ ਪਾਈ ਸਾਰ ।
ਸਤਿਜੁਗ ਸਾਚਾ ਪ੍ਰਭ ਦਏ ਲਗਾਈ,
ਗੁਰਸਿਖ ਉਤਰੇ ਭਵਜਲ ਪਾਰ ।
ਸਾਧ ਸੰਗਤ ਮਨ ਪਏ ਵਧਾਈ,
ਦਰਸ਼ਨ ਪਾਇਆ ਗੁਰ ਦਰਬਾਰ ।
ਕਲਜੁਗ ਭੁੱਲੇ ਸਭ ਲੋਕਾਈ,
ਭਰਮ ਭੁਲੇਖੇ ਡੁੱਬਾ ਸੰਸਾਰ ।
ਮਹਾਰਾਜ ਸ਼ੇਰ ਸਿੰਘ ਤੇਰੇ ਨਾਮ ਦੁਹਾਈ,
ਚਰਨ ਆਏ ਕਲ ਕਰਦੇ ਪਾਰ ।     ੫ ਵਿਸਾਖ ੨੦੦੮

✪ ੨੨੩ ✪

ਕਲਜੁਗ ਪਾਪੀ ਜਗਤ ਵਛਾਇਆ ਜਾਲ ।
ਬਣ ਬੈਠਾ ਫੰਦਕ ਫਾਂਦਕੀ,
ਬੇਮੁਖਾਂ ਲਏ ਬਠਾਲ ।
ਗੁਰਸਿੱਖਾਂ ਸੋਹੰ ਨਾਮ ਅਰਾਧਕੀ,
ਕਲ ਵਿੰਗਾ ਨਾ ਹੋਵੇ ਵਾਲ ।



ਮਹਾਰਾਜ ਸ਼ੇਰ ਸਿੰਘ ਸ਼ਬਦ ਸੋਹੰ ਰੰਗਣ,
ਆਤਮ ਚਾੜ੍ਹੇ ਕਰ ਗੁਲਾਲ ।     ੨੬ ਚੇਤ ੨੦੦੮ ਬਿ

✪ ✪



੨੨੪

ਕਲਜੁਗ ਭਾਣਾ ਭਰਮ ਭੁਲਾਇੰਦਾ ।
ਬੇਮੁਖਾਂ ਕਲ ਝੂਠੇ ਧੰਦੇ ਲਾਇੰਦਾ ।
ਸਾਚਾ ਨਾਮ ਨਾ ਦੇ ਆਧਾਰ,
ਮਧ ਮਾਸ ਅਹਾਰ ਬਣਾਇੰਦਾ ।
ਸਾਚਾ ਪ੍ਰਭ ਨਾ ਕਿਰਪਾ ਕਰੇ,
ਅੰਤ ਨਰਕ ਨਿਵਾਸ ਦੁਵਾਇੰਦਾ ।
ਗੁਰਸਿਖ ਆਤਮ ਜੋਤ ਧਰੇ,
ਸਾਚਾ ਦੀਪਕ ਵਿਚ ਦੇਹ ਜਗਾਇੰਦਾ ।
ਤਿਨ ਕੇ ਪੂਰਨ ਕਾਜ ਸਰੇ,
ਜੋ ਆਏ ਚਰਨ ਸੀਸ ਝੁਕਾਇੰਦਾ ।
ਗੁਰਸਿਖ ਕਲਜੁਗ ਕਰਮ ਨਾ ਡਰੇ,
ਗੁਰ ਸਾਚਾ ਸਿਰ ਹੱਥ ਟਿਕਾਇੰਦਾ ।
ਅੰਤਕਾਲ ਪ੍ਰਭ ਆਵੇ ਘਰੇ,
ਦੇ ਦਰਸ ਪਾਰ ਲੰਘਾਇੰਦਾ ।
ਬੇਮੁਖਾਂ ਡੰਨ ਡਾਢਾ ਭਰੇ,



ਧਰਮ ਰਾਏ ਡੰਨ ਲਗਾਇੰਦਾ ।
ਗੁਰਸਿਖ ਪੂਰਾ ਵਾਸ ਸਚਖੰਡ ਕਰੇ,
ਜਿਥੇ ਪ੍ਰਭ ਬੈਠ ਜੋਤ ਜਗਾਇੰਦਾ ।
ਮਹਾਰਾਜ ਸ਼ੇਰ ਸਿੰਘ ਚਰਨ ਟੇਕ ਜੋ ਧਰੇ,
ਮਾਤਲੋਕ ਫੇਰ ਨਾ ਆਇੰਦਾ । ੧੩ ਵਿਸਾਖ ੨੦੦੮ ਬਿ

੨੨੫

ਕਲਜੁਗ ਵਕਤ ਸੁਹਾ ਗਿਆ,
ਪ੍ਰਭ ਦਰਸ਼ਨ ਪਾਣ ਦਾ ।
ਪ੍ਰਗਟ ਜੋਤ ਪ੍ਰਭ ਦਰਸ ਦਿਖਾ ਗਿਆ,
ਮੇਲ ਮਿਲਾਇਆ ਭਗਤ ਭਗਵਾਨ ਦਾ ।
ਬੇੜਾ ਭਵਜਲ ਪਾਰ ਕਰਾ ਗਿਆ,
ਫਲ ਮਿਲਿਆ ਦਰਸ਼ਨ ਪਾਣ ਦਾ ।
ਕਲਜੁਗ ਆਣ ਤਰਾ ਗਿਆ,
ਫਲ ਦੇਵੇ ਸਾਧ ਸੰਗਤ ਸੇਵ ਕਮਾਣ ਦਾ ।
ਪ੍ਰਭ ਵਿਛੜੇ ਮੇਲ ਮਿਲਾ ਗਿਆ,
ਮਿਲਿਆ ਮੇਲ ਧੁਰ ਲਿਖਾਣ ਦਾ ।



ਪ੍ਰਭ ਜੋਤ ਸਰੂਪੀ ਭੇਖ ਵਟਾ ਗਿਆ,
ਫਲ ਮਿਲਿਆ ਰਸਨਾ ਗਾਣ ਦਾ ।
ਹਉਮੇ ਮੋਹ ਚੁਕਾ ਗਿਆ,
ਮਹਾਰਾਜ ਸ਼ੇਰ ਸਿੰਘ ਪੁਰਖ ਸੁਜਾਨ ਦਾ । ੧੩ ਵਿਸਾਖ ੨੦੦੮ ਬਿ



੨੨੬

ਕਾਇਆ ਅਕਾਰੀ ਜੋਤ ਪਸਾਰੀ ।
ਕਲਜੁਗ ਜੀਵ ਨਾ ਮਨੋਂ ਵਸਾਰੀ ।
ਸਾਚਾ ਬਣ ਚਰਨ ਪੁਜਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਦਰ ਸਚ ਦਰਬਾਰੀ ।

੨੨੭

ਕਾਇਆ ਮੰਦਰ ਭਗਤ ਦੁਵਾਰ ।
ਭਗਤ ਦੁਵਾਰ ਅੰਮ੍ਰਿਤ ਭੰਡਾਰ ।
ਅੰਮ੍ਰਿਤ ਭੰਡਾਰੀ ਦਸਮ ਦੁਵਾਰ ।
ਦਸਮ ਦਵਾਰੀ ਜੋਤ ਨਿਰੰਕਾਰ ।
ਜੋਤ ਨਿਰੰਕਾਰੀ ਸ਼ਬਦ ਧਾਰ ।
ਸ਼ਬਦ ਧਾਰੀ ਪਵਣ ਅਸਵਾਰ ।
ਜੋਤੀ ਜੋਤ ਸਰੂਪ ਹਰਿ,
ਗੁਰਮੁਖਾਂ ਖੋਲ੍ਹ ਬੰਦ ਕਿਵਾੜ । ੧ ਅੱਸ਼ ੨੦੧੨ ਬਿ



੨੨੮

ਕਰ ਦਰਸ ਮਨ ਭਾਏ ਅਨੰਦਾ ।
ਆਤਮ ਉਪਜੇ ਪਰਮਾਨੰਦਾ ।
ਗੁਰਮੁਖ ਸਾਚੇ ਪ੍ਰਭ ਸਾਚ ਸਦਾ ਬਖ਼ਸ਼ੰਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦੇਵੇ ਦਰਸ ਗੁਣੀ ਗਹਿੰਦਾ ।

੨੨੯

ਖੁਲ੍ਹਿਆ ਹੱਟ ਸੱਚੀ ਸਰਕਾਰ ਦਾ ।
ਜ਼ਾਤ ਪਾਤ ਆਦਿ ਅੰਤ ਨਾ ਕੋਈ ਵਿਚਾਰਦਾ ।
ਕਰ ਕਿਰਪਾ ਪਾਵੇ ਸਾਰ,
ਕਲਜੁਗ ਜੀਵਾਂ ਪਾਰ ਉਤਾਰਦਾ ।
ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼,
ਸਚਾ ਖੇਲ ਪਰਵਰਦਿਗਾਰ ਦਾ ।
ਬੇਮੁਖ ਜੀਵ ਰਹੇ ਵੇਖੀ ਵੇਖ,
ਗੁਰਮੁਖਾਂ ਲਿਖਦਾ ਜਾਏ ਲੇਖ,
ਮਾਨਸ ਜਨਮ ਸੁਵਾਰਦਾ,
ਬੇਮੁਖਾਂ ਸਿਰ ਇਕੋ ਸ਼ਬਦ ਖੰਡਾ ਮਾਰਦਾ ।
ਜੋਤੀ ਜੋਤ ਸਰੂਪ ਹਰਿ,





ਆਪ ਆਪਣੀ ਕਿਰਪਾ ਕਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦੇਵੇ ਸ਼ਬਦ ਸੱਚਾ ਦਾਨ,
ਜੋ ਜਨ ਆਏ ਚਰਨ ਨਿਮਸਕਾਰਦਾ ।     ੧੩ ਚੇਤ ੨੦੧੧ ਬਿ

✪ ੨੩੦ ✪

ਗੀਤ ਗੋਬਿੰਦ ਗੁਣ ਗਾ,
ਨਰਾਇਣ ਨਿਰਵੈਰਿਆ ।
ਅੱਠੇ ਪਹਿਰ ਰਹੇ ਤਨ ਚਾ,
ਮਿਲੇ ਮੇਲ ਨਾ ਲਾਏ ਦੇਰਿਆ ।
ਨਿਤ ਉਠ ਉਠ ਵੇਖੇ ਰਾਹ,
ਕਵਣ ਸੁ ਵੇਲਾ ਮੇਰਾ ਸ਼ਾਮ ਸੁੰਦਰ ਮੋਹਨ ਮਾਧਵ
ਘਰ ਆਵੇ ਪਾਵੇ ਫੇਰਿਆ ।
ਸਾਚਾ ਕੁੰਡਲ ਸੀਸ ਰਖਾਏ,
ਭਗਤ ਸੁਹੇਲਾ ਆਪ ਅਖਵਾਏ,
ਆਪੇ ਤਾਰੇ ਕਰ ਕਰ ਮਿਹਰਿਆ ।



ਜੋਤੀ ਜੋਤ ਸਰੂਪ ਹਰਿ,
ਸ੍ਰਿਸ਼ਟ ਸਬਾਈ ਜਗਤ ਭੁਲਾਏ ਕਰ ਕਰ ਹੇਰਾ ਫੇਰਿਆ ।   ੨੬ ਪੋਹ ੨੦੧੨ ਬਿ

✪ ੨੩੧ ✪

ਗੁਰ ਅਵਤਾਰ ਪੈਗੰਬਰ ਕਹਿਣ
ਸਾਡੇ ਮਾਲਕ ਧੁਰ ਖ਼ੁਦਾ,
ਤੇਰੀ ਇਕ ਸਰਨਾਈਆ ।
ਸਾਡੀ ਕਬੂਲ ਕਰ ਦੁਆ,
ਰਹਿਮਤ ਵਿਚ ਸਰਨਾਈਆ ।
ਦਰ ਠਾਂਡੇ ਗਏ ਆ,
ਪੁਜੇ ਚਾਈਂ ਚਾਈਆ ।
ਪਿਛਲਾ ਲੇਖਾ ਦੇ ਮੁਕਾ,
ਮੁਕੰਮਲ ਆਪਣਾ ਹੁਕਮ ਵਰਤਾਈਆ ।
ਅੱਗੇ ਤੇਰਾ ਇਕੋ ਜਪੀਏ ਨਾਂ,
ਦੂਜੀ ਅਵਰ ਨਾ ਕੋਇ ਪੜ੍ਹਾਈਆ ।
ਨਾ ਕੋਈ ਸੂਰ ਖਾਏ ਨਾ ਗਾਂ,
ਚੌਪਾਇਆ ਉਤੇ ਮਜ਼੍ਹਬ ਨਾ ਵੰਡ ਵੰਡਾਈਆ ।
ਤੂੰ ਸਭ ਦਾ ਪਿਤਾ ਮਾਂ,
ਸ੍ਰਿਸ਼ਟੀ ਬਣਾ ਦੇ ਭੈਣ ਭਾਈਆ ।
ਜੋਤੀ ਜੋਤ ਸਰੂਪ ਹਰਿ,





ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਦਰ ਤੇਰੇ ਆਸ ਰਖਾਈਆ । ੧ ਚੇਤ ਸ਼ ਸੰ ੫

✪ ੨੩੨ ✪

ਗੁਰ ਅਵਤਾਰ ਪੈਗ਼ੰਬਰ ਕਹਿਣ,
ਸਾਡੀ ਕੂੰਜ ਵਾਲੀ ਪੁਕਾਰ ।
ਪੁਨਹ ਪੁਨਹ ਸੀਸ ਨਿਵਾਈਆ ।
ਜੇ ਪ੍ਰਭ ਆਇਉਂ
ਸਰਗੁਣ ਤੋਂ ਨਿਰਗੁਣ ਹੋ ਕੇ ਆਪਣੀ ਧਾਰ,
ਨਿਰਵੈਰ ਫੇਰਾ ਪਾਈਆ ।
ਇਕ ਬਣਾ ਸੱਚੀ ਸਰਕਾਰ,
ਸ਼ਹਿਨਸ਼ਾਹ ਇਕੋ ਇਕ ਅਖਵਾਈਆ ।
ਇਕੇ ਕਦਮ ਝੁਕੇ ਸੰਸਾਰ,
ਦੂਜਾ ਦਰ ਨਾ ਕੋਇ ਵਡਿਆਈਆ ।
ਇਕੋ ਨਾਮ ਹੋਵੇ ਜੈਕਾਰ,
ਸਤਿਕਾਰ ਇਕੋ ਇਕ ਅਖਵਾਈਆ ।



ਤੇਰੇ ਦਰ ਖੜੇ ਗੁਰੂ ਅਵਤਾਰ,
ਪੈਗ਼ੰਬਰ ਸੀਸ ਨਿਵਾਈਆ ।
ਕਿਰਪਾ ਕਰ ਆਪ ਕਰਤਾਰ,
ਕੁਦਰਤ ਕਾਦਰ ਤੇਰੀ ਝੋਲੀ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰਾ ਦੋ ਜਹਾਨਾਂ ਨਜ਼ਰੀ ਆਏ ਇਕ ਦਰਬਾਰ,
ਦਰ ਬਦਰ ਫਿਰਨ ਦੀ ਲੋੜ ਰਹੇ ਨਾ ਰਾਈਆ । ੨੨ ਮੱਘਰ ਸ਼ ਸ ੬

✪ ੨੩੩ ✪

ਗੁਰ ਅਵਤਾਰ ਪੈਗ਼ੰਬਰ ਕਹਿਣ
ਹਉਂ ਦਰ ਤੇਰੇ ਦੇ ਮੰਗਤੇ,
ਮਾਂਗਤ ਹੋ ਕੇ ਝੋਲੀ ਡਾਹੀਆ ।



ਗੜ੍ਹ ਤੋੜ ਦੇ ਹਉਮੇ ਹੰਗਤੇ,
ਹੰ ਬ੍ਰਹਮ ਦੇ ਸਮਝਾਈਆ ।
ਬੋਧ ਅਗਾਧੇ ਧੁਰ ਦੇ ਪੰਡਤੇ,
ਪਰਦਾ ਉਹਲਾ ਦੇਣਾ ਉਠਾਈਆ ।



ਚਾਰ ਵਰਨ ਬਣਾ ਇਕ ਸੰਗਤੇ,
ਸੰਜਮ ਇਕੋ ਦੇਣਾ ਸਮਝਾਈਆ ।
ਝਗੜੇ ਮੁਕ ਜਾਣ ਕਾਇਆ ਮਾਟੀ ਚੰਮ ਦੇ,
ਤਤਵ ਤਤ ਦੇਣਾ ਦ੍ਰਿੜਾਈਆ ।
ਪਰਦੇ ਲਾਹ ਦੇ ਨਿਜ ਨੇਤਰ ਅੱਖ ਦੇ,
ਲੋਇਣ ਇਕੋ ਕਰ ਰੁਸ਼ਨਾਈਆ ।
ਝਗੜੇ ਮੁਕ ਜਾਣ
ਦਹਿ ਦਿਸ਼ਾ ਧਾਵਨ ਵਾਲੇ ਮਨ ਦੇ,
ਨੌਂ ਦਵਾਰ ਨਾ ਹੋਏ ਹਲਕਾਈਆ ।
ਰਸ ਮੁਕ ਜਾਣ ਸੁਨਣ ਵਾਲੇ ਕੰਨ ਦੇ,
ਅੰਤਰ ਅਨਹਦ ਨਾਦੀ ਸ਼ਬਦ ਕਰ ਰੁਸ਼ਨਾਈਆ ।
ਪ੍ਰਕਾਸ਼ ਦੇ ਦੇ ਆਪਣੇ ਨੂਰੀ ਚੰਨ ਦੇ,
ਸੂਰਿਆ ਚੰਦ ਨਾ ਕੋਇ ਵਡਿਆਈਆ ।
ਕੂੜ ਕੁੜਿਆਰਾ ਪਰਮ ਪੁਰਖ ਪਰਮਾਤਮ ਅੰਤਮ ਡੰਨ ਦੇ,
ਗੁਰ ਅਵਤਾਰ ਪੈਗ਼ੰਬਰ
ਭਰੇ ਨਾ ਕੋਇ ਗਵਾਹੀਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹੁਕਮ ਸੰਦੇਸ਼ੇ ਦੇ ਅਗੰਮੀ ਅਗੰਮ ਦੇ,
ਅਲੱਖ ਅਗੋਚਰ ਆਪਣਾ ਹੁਕਮ ਵਰਤਾਈਆ ।

✪ ੨੩੪ ✪

ਗੁਰ ਅਵਤਾਰ ਪੀਰ ਕਹਿਣ
ਤੇਰਾ ਵਕਤ ਸੁਹੰਜਣਾ,
ਸੋਭਾਵੰਤ ਰਮਨੀਕ ।
ਪੁਰਖ ਅਬਿਨਾਸ਼ੀ ਆਦਿ ਨਿਰੰਜਣਾ,
ਤੇਰੇ ਹੱਥ ਤੌਫੀਕ ।
ਕਲਜੁਗ ਕੂੜਾ ਮਾਤ ਵੰਞਣਾ,
ਦੂਜਾ ਰਹੇ ਨਾ ਕੋਇ ਸ਼ਰੀਕ ।



ਸਤਿਜੁਗ ਸਾਚਾ ਧਰਨੀ ਲਗਣਾ,
ਕਿਰਪਾ ਕਰ ਤ੍ਰੈਗੁਣ ਅਤੀਤ ।
ਤੇਰਾ ਦੀਪਕ ਜੋਤ ਜਗਣਾ,
ਖੇਲ ਦੱਸ ਅਨਡੀਠ ।



ਸਭ ਨੂੰ ਧੂੜੀ ਕਰਾ ਮਜਨਾ,
ਅੰਤਰ ਰਹੇ ਨਾ ਕੌੜਾ ਰੀਠ ।
ਪੁਰਖ ਅਕਾਲ ਧੁਰ ਦੇ ਸੱਜਣਾ,
ਚਾੜ੍ਹ ਰੰਗ ਮਜੀਠ ।
ਝਗੜਾ ਰਹੇ ਨਾ ਮਾਟੀ ਬਦਨਾ,
ਬਦੀ ਦੀ ਅੰਤਰ ਰਹੇ ਨਾ ਨੀਤ ।
ਮਮਤਾ ਵਿਚ ਪਏ ਨਾ ਤਪਣਾ,
ਕਾਇਆ ਕਰ ਦੇ ਠਾਂਡੀ ਸੀਤ ।
ਗੁਰ ਅਵਤਾਰ ਪੈਗ਼ੰਬਰ ਕਹਿਣ
ਤੇਰਾ ਇਕੋ ਨਾਉਂ ਸਭ ਨੇ ਜਪਣਾ,
ਧੁਰ ਦਾ ਕਲਮਾ ਹਕ ਹਦੀਸ ।
ਜਨ ਭਗਤ ਸੁਹੇਲਾ ਸਾਥ ਰੱਖਣਾ,
ਝਗੜਾ ਰਹੇ ਨਾ ਊਚ ਨੀਚ ।
ਜਿਸ ਦਾ ਖੇੜਾ ਸਦਾ ਵਸਣਾ,
ਸੋ ਤੇਰੇ ਚਰਨਾਂ ਹੋਵੇ ਵਸਨੀਕ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰਾ ਖੇਲ ਸਦਾ ਸਦ
ਆਪਣਾ ਨਾਮ ਕਰੀਂ ਬਖ਼ਸ਼ੀਸ਼ । ੧੦ ਜੇਠ ਸ਼ ਸੰ ੬

੨੩੫

ਗੁਰ ਅਵਤਾਰ ਪੈਗੰਬਰ ਕਹਿਣ
ਦਰ ਠਾਂਡੇ ਤੇਰੇ ਝੁਕਦੇ,
ਬਿਨ ਕਦਮਾਂ ਸੀਸ ਨਿਵਾਈਆ ।
ਵਣਜਾਰੇ ਕਰ ਲਾ ਇਕੋ ਤੁਕ ਦੇ,
ਤੁਖ਼ਮ ਤਾਸੀਰ ਦੀਨ ਦੁਨੀ ਦੇ ਬਦਲਾਈਆ ।
ਸਾਡੇ ਅੰਤਮ ਪੈਂਡੇ ਮੁਕਦੇ,
ਮੁਕੰਮਲ ਤੇਰੇ ਚਰਨਾ ਸੇਵ ਕਮਾਈਆ ।
ਡੰਕੇ ਵਜਾ ਦੇ ਗੋਬਿੰਦ ਸੁਤ ਦੇ,
ਸੋਈ ਸੁਰਤੀ ਸਰਬ ਉਠਾਈਆ ।



ਖੇਲ ਵਖਾ ਦੇ ਆਪਣੇ ਪੁੱਤ ਦੇ,
ਗੁਰਮੁਖ ਪੋਤਰੇ ਨਾਲ ਮਿਲਾਈਆ ।
ਕਲਜੁਗ ਜੀਵ ਜੰਤ ਤੇਰੇ ਵਿਛੋੜੇ ਵਿਚ ਦੁਖ ਦੇ,
ਦੁਖੀਆਂ ਦਰਦ ਦੇ ਗਵਾਈਆ ।



ਬਿਨ ਤੇਰੀ ਕਿਰਪਾ ਤੇਰੇ ਦਰ ਮੂਲ ਨਾ ਪੁਜਦੇ,
ਪੂਜਾ ਪਾਠ ਕੰਮ ਕਿਸੇ ਨਾ ਆਈਆ ।
ਖੇਲ ਵਖਾ ਪੰਜ ਤਤ ਕਾਇਆ ਬੁਤ ਦੇ,
ਬੁਤਖਾਨਿਆਂ ਕਰ ਸਫਾਈਆ ।
ਫਲ ਵੇਖੀਏ ਤੇਰੀ ਰੁਤ ਦੇ,
ਰੁਤੜੀ ਆਪਣੀ ਇਕ ਮਹਿਕਾਈਆ ।
ਇਸ਼ਾਰੇ ਤਕੀਏ ਅਬਿਨਾਸ਼ੀ ਅਚੁਤ ਦੇ,
ਚੇਤਨ ਸੁਰਤੀ ਦੇ ਉਠਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰ ਅਵਤਾਰ ਪੈਗ਼ੰਬਰ ਦਰਗਾਹ ਸਾਚੀ
ਸਚਖੰਡ ਦਵਾਰੇ ਤੇਰੇ ਅੱਗੇ ਝੁਕਦੇ,
ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।        ੧੦ ਚੇਤ ਸ਼ ਸੰ ੫



## ✪ ੨੩੬ ✪

ਗੁਰ ਅਵਤਾਰ ਪੈਗ਼ੰਬਰ ਮੰਗਾਂ ਰਹੇ ਮੰਗ,
ਦਰ ਠਾਂਡੇ ਸੀਸ ਨਿਵਾਈਆ ।
ਕਿਰਪਾ ਕਰ ਸੂਰੇ ਸਰਬੰਗ,
ਸਾਹਿਬ ਸੁਲਤਾਨ ਤੇਰੇ ਹੱਥ ਵਡਿਆਈਆ ।
ਦੀਨ ਦੁਨੀ ਦੀ ਬਖ਼ਸ਼ ਇਕ ਅਨੰਦ,
ਅਨੰਦ ਅਨੰਦ ਵਿਚੋਂ ਪ੍ਰਗਟਾਈਆ ।
ਕਰਵਟ ਬਦਲ ਆਪਣੀ ਕੰਡ,
ਕੰਢਾ ਕਲਜੁਗ ਅੰਤ ਵੇਖ ਵਖਾਈਆ ।
ਖ਼ਾਲਕ ਖ਼ਲਕ ਸਭ ਦੀ ਆਤਮ ਹੋਈ ਰੰਡ,
ਸ਼ਾਹੋ ਭੂਪ ਸ਼ੌਹਰ ਕੰਤ ਨਾ ਕੋਇ ਹੰਢਾਈਆ ।
ਜਿਉਂ ਭਾਵੇ ਤਿਉਂ ਤੁਟੀ ਗੰਢ,
ਗੰਢਣਹਾਰ ਗੋਪਾਲ ਸੁਵਾਮੀ ਦਰ ਤੇਰੇ
ਅਲੱਖ ਜਗਾਈਆ ।



ਕੂੜ ਕਲਪਨਾ ਮਾਇਆ ਮਮਤਾ ਮੇਟ ਗੰਦ,
ਨਾਮ ਸੁਗੰਧ ਕਾਇਆ ਮਾਟੀ ਵਿਚ ਰਖਾਈਆ ।
ਨਿਰਗੁਣ ਨੂਰ ਜੋਤ ਚਾੜ੍ਹ ਚੰਦ,
ਜਗਤ ਅੰਧੇਰਾ ਰਹੇ ਨਾ ਰਾਈਆ ।
ਆਤਮ ਪਰਮਾਤਮ ਤੇਰਾ ਢੋਲਾ ਹੋਵੇ ਛੰਦ,



ਸੰਸਾ ਰੋਗ ਦੇਣਾ ਗੁਵਾਈਆ ।
ਭਾਂਡਾ ਭਰਮ ਭੌ ਢਾਹ ਦੇ ਕੰਧ,
ਹਉਮੇ ਹੰਗਤਾ ਗੜ੍ਹ ਤੁੜਾਈਆ ।
ਆਤਮ ਸੇਜ ਸੁਹਾ ਪਲੰਘ,
ਸਚ ਸਿੰਘਾਸਣ ਡੇਰਾ ਲਾਈਆ ।
ਅਗੰਮੀ ਸ਼ਬਦ ਸੁਣਾ ਮਰਦੰਗ,
ਨਾਦ ਧੁਨ ਇਕ ਉਪਜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਹਰਿ ਕਰਤੇ ਦੇਵਣਹਾਰ ਇਕ ਅਖਵਾਈਆ । ੨੫ ਮਾਘ ਸ਼ ਸੰ ੪

✪ ੨੩੭ ✪



ਗੁਰ ਸੰਗਤ ਸੇਵਾ ਜਿਸ ਕਮਾਈ,
ਲੋਕਮਾਤ ਹਰਿ ਦਏ ਵਡਿਆਈ ।
ਲਹਿਣਾ ਦੇਣਾ ਆਪ ਚੁਕਾਈ ।
ਆਤਮ ਸਾਚਾ ਸੋਹੰ ਗਹਿਣਾ ਤਨ ਪਹਿਨਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪਣੇ ਹੱਥ ਰੱਖੀ ਵਡਿਆਈ । ੧੩ ਜੇਠ ੨੦੧੦ ਬਿ

✪ ੨੩੮ ✪

ਗੁਰ ਸੰਗਤ ਖ਼ੁਸ਼ੀ ਮਨਾਉਂਦੀ ਜਾਣਾ ।
ਪੁਰਖ ਅਬਿਨਾਸ਼ੀ ਰਸਨਾ ਨਾਲ ਧਿਆਉਂਦੀ ਜਾਣਾ ।
ਆਵਣ ਜਾਵਣ ਜੰਮਣ ਮਰਨ ਚੁਕੇ ਡਰ,
ਸਾਚੀ ਤਰਨੀ ਜਾਣਾ ਤਰ,
ਗੁਰ ਪੂਰੇ ਚਰਨ ਨੇਂਹ ਲਾਉਂਦੀ ਜਾਣਾ ।
ਕਰਿਆ ਕਰਮ ਧਰਨੀ ਧਰ,
ਜਨ ਭਗਤਾਂ ਦੇਵੇ ਸਾਚਾ ਵਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਜੈਕਾਰਾ ਰਸਨਾ ਨਾਲ ਲਗਾਉਂਦੀ ਜਾਣਾ । ੧੩ ਫੱਗਣ ੨੦੧੧ ਬਿ

✪ ੨੩੯ ✪



ਗੁਰ ਸੰਗਤ ਤੇਰੀ ਧੰਨ ਕਮਾਈ ।
ਦਿਵਸ ਰੈਣ ਹਰਿ ਰਸਨਾ ਗਾਈ ।
ਮਾਨਸ ਜਨਮ ਹਰਿ ਸੁਫਲ ਕਰਾਈ ।
ਜੋ ਜਨ ਆਏ ਚਲ ਸਰਨਾਈ ।



ਉਚ ਨੀਚ ਦਾ ਭੇਵ ਨਾ ਰਾਈ ।
ਸਾਚੇ ਬੇੜੇ ਹਰਿ ਚੜ੍ਹਾਈ ।
ਸੋਹੰ ਚੱਪੂ ਹਰਿ ਆਪ ਲਗਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਬੇੜਾ ਬੰਨ੍ਹ ਵਖਾਈ ।     ੯ ਜੇਠ ੨੦੧੦ ਬਿ

✪ ੨੪੦ ✪

ਗੁਰ ਸੰਗਤ ਤੇਰੇ ਮਨ ਵਧਾਈ ।
ਦਰ ਘਰ ਸਾਚੇ ਮੰਗਲ ਗਾਈ ।
ਪ੍ਰਭ ਸਾਚਾ ਦੇਵੇ ਆਪ ਵਡਿਆਈ ।
ਪੂਰਨ ਇਛਿਆ ਆਪ ਕਰਾਈ ।
ਸਾਚੀ ਭਿਛਿਆ ਪ੍ਰਭ ਝੋਲੀ ਪਾਈ ।
ਚਾਰ ਵਰਨ ਹੋਏ ਰੁਸ਼ਨਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਤ ਜੋਤ ਪ੍ਰਗਟਾਈ ।     ੧੭ ਚੇਤ ੨੦੧੦ ਬਿ



✪ ੨੪੧ ✪

ਗੁਰ ਸੰਗਤ ਦਰ ਸੇਵ ਕਮਾਈ ।
ਪ੍ਰਭ ਅਬਿਨਾਸ਼ੀ ਲੇਖੇ ਲਾਈ ।
ਦਿਵਸ ਸ਼ੁਧ ਭੰਡਾਰ ਕਰਾਈ ।
ਦੁਖ ਭੁਖ ਰਹੇ ਨਾ ਰਾਈ ।
ਸਾਚਾ ਸੁਖ ਹਰਿ ਉਪਜਾਈ ।
ਉਜਲ ਮੁਖ ਜਗਤ ਕਰਾਈ ।
ਮਾਤ ਕੁਖ ਸੁਫਲ ਕਰਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਿਸ ਜਨ ਤੇਰੀ ਸੇਵ ਕਮਾਈ ।     ੧੨ ਜੇਠ ੨੦੧੦ ਬਿ

✪ ੨੪੨ ✪

ਗੁਰ ਸੰਗਤ ਧੰਨ ਕਮਾਈ,
ਧੰਨ ਹਰਿ ਨਾਮਾ ਪਾਇਆ ।
ਸਾਚੇ ਘਰ ਵਜੀ ਵਧਾਈ,
ਮੰਗਲਾਚਾਰ ਰਸਨਾ ਗਾਇਆ ।
ਨਾਤਾ ਤੁਟੇ ਜਗਤ ਜੁਦਾਈ,
ਪੁਰਖ ਅਬਿਨਾਸ਼ੀ ਸਾਚਾ ਪਾਇਆ ।
ਹੋਏ ਸਹਾਈ ਸਭਨੀਂ ਥਾਈਂ,
ਘਟ ਘਟ ਵਾਸੀ ਘਟ ਘਟ ਨਜ਼ਰੀ ਆਇਆ ।





ਪਾਰ ਉਤਾਰੇ ਫੜ ਫੜ ਬਾਹੀਂ,
ਅੰਤਮ ਬੇੜਾ ਬੰਨ੍ਹੇ ਲਾਇਆ ।
ਸਦਾ ਸੁਹੇਲਾ ਦੇਵੇ ਠੰਡੀ ਛਾਈਂ,
ਜਿਸ ਜਨ ਆਏ ਦਰ ਦਰਸ਼ਨ ਪਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਲੇਖੇ ਲਾਏ ਆਇਆ ਜਾਇਆ । ੫ ਚੇਤ ੨੦੧੩ ਬਿ

✪ ੨੪੩ ✪

ਗੁਰ ਸੰਗਤ ਧੰਨ ਕਮਾਈ ।
ਪ੍ਰਭ ਅਬਿਨਾਸ਼ੀ ਕਿਰਪਾ ਕੀਨੀ,
ਦਏ ਮਾਤ ਵਡਿਆਈਆ ।
ਸਾਚਾ ਨਾਉਂ ਰਸਨਾ ਚੀਨੀ,
ਹੋਏ ਜੋਤ ਰੁਸ਼ਨਾਈਆ ।
ਕਾਇਆ ਰੱਖੇ ਹਰਿ ਜੀ ਭੀਨੀ,
ਅੰਮ੍ਰਿਤ ਧਾਰ ਵਹਾਈਆ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸਾਚੇ ਸੰਤ ਜਨਾਂ,
ਏਕਾ ਸਚੇ ਧਾਮ ਬਹਾਈਆ । ੧੪ ਚੇਤ ੨੦੧੧ ਬਿ

✪ ੨੪੪ ✪

ਗੁਰਸੰਗਤ ਪ੍ਰਭ ਸਾਚਾ ਗਾਇਆ,
ਦਰ ਘਰ ਸਾਚੇ ਸੇਵ ਕਮਾਇਆ ।
ਗੁਰਸੰਗਤ ਗੁਰ ਦਇਆ ਕਮਾਇਆ ।
ਆਪ ਆਪਣੀ ਕਾਰੇ ਲਾਇਆ ।
ਗੁਰਸੰਗਤ ਕਲ ਨਾਉਂ ਵਡਿਆਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣੇ ਦਰ ਬਹਾਇਆ । ੨੪ ਸਾਵਨ ੨੦੦੯ ਬਿ

✪ ੨੪੫ ✪

ਗੁਰ ਸੰਗਤ ਪ੍ਰਭ ਦੇ ਵਡਿਆਈ ।
ਪ੍ਰਭ ਦਰ ਆਏ ਸੇਵ ਕਮਾਈ ।



ਸਾਚਾ ਬੇੜਾ ਪ੍ਰਭ ਬੰਨ੍ਹ ਵਖਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਨ ਤੇਰਾ ਦਰਸ਼ਨ ਪਾਈ । ੧੨ ਜੇਠ ੨੦੧੦ ਬਿ

✪ ✪



✪ ੨੪੬ ✪

ਗੁਰ ਸੰਗਤ ਮਨ ਚੜ੍ਹਿਆ ਚਾਓ ।
ਦਰ ਘਰ ਸਾਚੇ ਮਿਲਿਆ ਥਾਉਂ ।
ਰਾਮ ਨਾਮ ਹਰਿ ਸਾਚਾ ਦੇਵੇ,
ਆਤਮ ਝੋਲੀ ਭਰ ਲੈ ਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦਿਵਸ ਰੈਣ ਸਦ ਰਸਨਾ ਗਾਓ ।   ੯ ਜੇਠ ੨੦੧੦ ਬਿ

✪ ੨੪੭ ✪

ਗੁਰ ਸੰਗਤ ਰਸਨਾ ਹਰਿ ਗੁਣ ਗਾ ।
ਆਪਣਾ ਲੇਖ ਧੁਰ ਦਰਗਹਿ ਲਿਖਾ ।
ਵੇਖਾ ਵੇਖ ਰਹਿ ਨਾ ਜਾ,
ਭਰਮ ਭੁਲੇਖਾ ਸਰਬ ਮਿਟਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਹੋਏ ਸਹਾਈ ਵੇਲੇ ਅੰਤਮ ਆ ।   ੬ ਜੇਠ ੨੦੦੯ ਬਿ



✪ ੨੪੮ ✪

ਗੁਰਸਿਖ ਸਾਚਾ ਸ਼ਬਦ ਸੁਹਾਗਣ ।
ਪ੍ਰਭ ਅਬਿਨਾਸ਼ੀ ਚਰਨੀ ਲਾਗਣ ।
ਆਪ ਉਪਜਾਏ ਸਾਚਾ ਰਾਗਣ ।
ਕਲਜੁਗ ਸੋਏ ਗੁਰਸਿਖ ਜਾਗਣ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਮਿਟਾਏ ਮਾਇਆ ਨਾਗਣ ।   ੬ ਜੇਠ ੨੦੧੦ ਬਿ

✪ ੨੪੯ ✪

ਗੁਰਸਿਖ ਸਾਚੇ ਗੁਰਚਰਨ ਪਿਆਰ ।
ਭਵ ਸਾਗਰ ਤੋਂ ਹੋਇਆ ਪਾਰ ।
ਜਨਮ ਨਾ ਪਾਵੇ ਦੂਜੀ ਵਾਰ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਦੇਵੇ ਦਰਸ ਸਤਿ ਕਰਤਾਰ ।   ੧ ਮਾਘ ੨੦੦੮ ਬਿ



✪ ੨੫੦ ✪

ਗੁਰਮੁਖਾਂ ਪ੍ਰਭ ਰੰਗ ਚੜ੍ਹਾਏ,
ਚਾੜ੍ਹੇ ਰੰਗ ਜੋ ਉਤਰ ਨਾ ਜਾਏ ।
ਗੁਰਮੁਖਾਂ ਪ੍ਰਭ ਜੋਤ ਜਗਾਏ,
ਜਗਾਏ ਜੋਤ ਜੋ ਬੁਝ ਨਾ ਜਾਏ ।



ਗੁਰਮੁਖਾਂ ਪ੍ਰਭ ਸੋਗ ਮਿਟਾਏ,
ਮਿਟਾਏ ਸੋਗ ਜੋ ਫਿਰ ਨਾ ਆਏ ।
ਗੁਰਮੁਖਾਂ ਪ੍ਰਭ ਦਿਬ ਦ੍ਰਿਸ਼ਟ ਖੁਲ੍ਹਾਏ,
ਖੁਲ੍ਹਾਏ ਪ੍ਰਭ ਫਿਰ ਨਾ ਬੰਦ ਕਰਾਏ ।
ਗੁਰਮੁਖਾਂ ਪ੍ਰਭ ਸੁੰਨ ਸਮਾਧ ਖੁਲ੍ਹਾਏ,
ਖੁਲ੍ਹੇ ਸੁੰਨ ਪ੍ਰਭ ਸਾਚੀ ਸੋਝੀ ਪਾਏ ।
ਗੁਰਮੁਖਾਂ ਪ੍ਰਭ ਆਤਮ ਜਿੰਦਾ ਦਏ ਖੁਲ੍ਹਾਏ,
ਸੋਹੰ ਸਾਚੀ ਚਾਬੀ ਲਾਏ ।
ਗੁਰਮੁਖਾਂ ਪ੍ਰਭ ਦਇਆ ਕਮਾਏ,
ਆਤਮ ਵਿਚ ਸਦ ਸਮਾਏ ।
ਗੁਰਮੁਖਾਂ ਪ੍ਰਭ ਅੰਧੇਰ ਮਿਟਾਏ,
ਮਿਟੇ ਅੰਧੇਰ ਜੋਤ ਪਰਗਟਾਏ ।
ਗੁਰਮੁਖਾਂ ਪ੍ਰਭ ਦੀਦ ਵਖਾਏ,
ਜੋਤ ਸਰੂਪੀ ਨਜ਼ਰੀ ਆਏ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਗੁਰਮੁਖ ਸਾਚੇ ਦਇਆ ਕਮਾਏ ।



✪ ੨੫੧ ✪

ਗੁਰਮੁਖਾਂ ਪ੍ਰਭ ਧੀਰ ਧਰਾਏ,
ਆਤਮ ਸੋਹੰ ਸਾਚਾ ਤੀਰ ਲਗਾਏ ।
ਗੁਰਮੁਖਾਂ ਪ੍ਰਭ ਪੀੜ ਚੁਕਾਏ,
ਹਉਮੇ ਕੰਡਾ ਕੱਢ ਵਖਾਏ ।
ਗੁਰਮੁਖਾਂ ਆਤਮ ਨੀਰ ਵਹਾਏ,
ਅੰਮ੍ਰਿਤ ਝਿਰਨਾ ਦੇ ਝਿਰਾਏ ।
ਗੁਰਮੁਖਾਂ ਪ੍ਰਭ ਦਇਆ ਕਮਾਏ,
ਖੋਲ੍ਹ ਤ੍ਰੈਕੁਟੀ ਦਰਸ ਦਿਖਾਏ ।
ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਆਪ ਆਪਣਾ ਭੇਦ ਖੁਲ੍ਹਾਏ । ੧ ਮਾਘ ੨੦੦੮ ਬਿ

✪ ੨੫੨ ✪



ਗੁਰਸਿਖਾਂ ਤਾਰਨ ਆ ਗਿਆ,
ਦੋ ਜਹਾਨ ਦਾ ਵਾਲੀ ।
ਗੁਰਸਿਖਾਂ ਸਿਰ ਹੱਥ ਟਿਕਾ ਗਿਆ,
ਬਣ ਬਾਗ ਦਾ ਮਾਲੀ ।
ਫੜ ਬਾਂਹੋਂ ਪਾਰ ਤਰਾ ਲਿਆ,
ਨਾ ਲਏ ਦਲਾਲੀ ।

੯੦



ਜਿਨ ਚਰਨੀਂ ਸੀਸ ਨਿਵਾ ਲਿਆ,
ਘਰ ਜਾਏ ਨਾ ਖਾਲੀ ।
ਜਿਸ ਪ੍ਰਭ ਕਾ ਮਾਣ ਤਕਾ ਲਿਆ,
ਪ੍ਰਭ ਮਿਲੇ ਆਪ ਬਨਵਾਲੀ ।
ਪ੍ਰਭ ਫੂਲਨ ਬਰਖਾ ਲਾ ਲਿਆ,
ਬਰਖੇ ਫੂਲ ਜਗੇ ਜੋਤ ਨਿਰਾਲੀ ।
ਮਹਾਰਾਜ ਸ਼ੇਰ ਸਿੰਘ ਲਾਜ ਰਖਾਇਆ,
ਗੁਰ ਸੰਗਤ ਦਰ ਖੜੀ ਸਵਾਲੀ ।
ਗੁਰਸਿਖਾਂ ਆਸ ਪੂਰਦਾ, ਹੋਏ ਅੰਤਰ ਧਿਆਨਾ ।
ਸਚ ਰਿਦੇ ਵਿਚ ਨਿਵਾਸਦਾ,
ਦੇ ਬ੍ਰਹਮ ਗਿਆਨਾ ।
ਗੁਰਸਿਖਾਂ ਸਚ ਸ਼ਬਦ ਹੈ ਭਾਖਦਾ,
ਗੁਰ ਚਰਨ ਧੂੜ ਕਰਨ ਇਸ਼ਨਾਨਾ ।
ਮਹਾਰਾਜ ਸ਼ੇਰ ਸਿੰਘ ਬਚਨ ਸਚ ਆਖਦਾ,
ਪਰਗਟੀ ਜੋਤ ਵਿਸ਼ਨੂੰ ਭਗਵਾਨਾ । ੬ ਚੇਤ ੨੦੦੮ ਬਿ



✪ ੨੫੩ ✪

ਘਰ ਬਹਿਣਾ ਦਰਸ਼ਨ ਨੈਣਾਂ,
ਮੁਖੜਾ ਨੂਰ ਨੂਰ ਦਰਸਾਈਆ ।
ਗੁਰਸਿਖ ਮੰਨਣਾ ਗੁਰ ਕਾ ਕਹਿਣਾ,
ਭੁੱਲ ਕਦੇ ਨਾ ਜਾਈਆ ।
ਸਾਧ ਸੰਗਤ ਵਿਚ ਮਿਲ ਕੇ ਬਹਿਣਾ,
ਹਰਿ ਸੰਗਤ ਹਰਿ ਕਾ ਰੂਪ ਵਖਾਈਆ ।
ਗੁਰਚਰਨ ਪ੍ਰੀਤੀ ਸਾਚਾ ਗਹਿਣਾ,
ਜਗਤ ਸ਼ਿੰਗਾਰ ਨਾ ਕੋਇ ਵਡਿਆਈਆ ।
ਆਦਿ ਅੰਤ ਭਾਣਾ ਸਹਿਣਾ,
ਹਰਿ ਭਾਣੇ ਵਿਚ ਸਮਾਈਆ ।
ਆਪੇ ਦੇਵੇ ਲਹਿਣਾ ਦੇਣਾ,
ਪੂਰਬ ਲੇਖਾ ਝੋਲੀ ਪਾਈਆ ।
ਆਦਿ ਅੰਤ ਭਗਤ ਭਗਵੰਤ ਇਕੱਠੇ ਰਹਿਣਾ,
ਏਕਾ ਸੇਜਾ ਸੋਭਾ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਹਰਿਜਨ ਸਾਚੇ ਲਏ ਮਿਲਾਈਆ । ੨੩ ਭਾਦਰੋਂ ੨੦੧੮ ਬਿ



✪ ✪



✪ ੨੫੪ ✪

ਗੁਰਮੁਖ ਸਾਚੇ ਮਾਣ ਰਖਾਵੇ ।
ਪ੍ਰਭ ਅਬਿਨਾਸ਼ੀ ਸਾਚਾ ਪਾਵੇ ।
ਸਚ ਨਾਮ ਰਿਦੇ ਵਸਾਵੇ ।
ਆਤਮ ਸਾਚਾ ਦਰ ਖੁਲ੍ਹਾਵੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਦਰਸ ਅਮਰਾਪਦ ਪਾਵੇ । ੬ ਜੇਠ ੨੦੧੦ ਬਿ

✪ ੨੫੫ ✪

ਗੁਰਸਿਖ ਤੇਰੀ ਆਤਮ ਗਾਂਦੀ ।
ਸ਼ਬਦ ਡੋਰੀ ਹਰਿ ਏਕਾ ਬਾਂਧੀ ।
ਗੁਰ ਪੂਰਾ ਵਿਚ ਫਸਾਇਆ,
ਬਣ ਗਿਆ ਸੱਚਾ ਫਾਂਦੀ ।
ਹਿਰਦੇ ਵਿਚ ਵਸਾਇਆ,
ਢਾਹੀ ਭਰਮਾਂ ਕਾਂਧੀ ।



ਫੇਰ ਆਪਣਾ ਵਿਚ ਬੰਦ ਕਰਾਇਆ,
ਨਾ ਛੁਟੇ ਭਗਤਾਂ ਬਾਂਧੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚੇ ਘਰ ਸੁਹੰਜਣੀ ਰੈਣ ਅਜ ਆਂਦੀ । ੭ ਚੇਤ ੨੦੧੧ ਬਿ

✪ ੨੫੬ ✪

ਗੁਰਸਿਖ ਗੁਰ ਆਪ ਸਹਾਰਾ ।
ਆਪੇ ਦੇਵੇ ਨਾਮ ਅਧਾਰਾ ।
ਆਪੇ ਪਾਵੇ ਆਤਮ ਸਾਰਾ ।
ਆਪ ਜਗਾਏ ਜੋਤ ਅਪਾਰਾ ।
ਆਪ ਰਹਾਏ ਵਿਚ ਟਿਕਾਏ
ਦੇਹੀ ਮਹਲ ਮੁਨਾਰਾ ।
ਕਲਜੁਗ ਜੀਵ ਭੇਵ ਨਾ ਪਾਏ,
ਜੋਤ ਸਰੂਪੀ ਪ੍ਰਭ ਅਕਾਰਾ ।
ਗੁਰਮੁਖ ਸਾਚੇ ਪ੍ਰਭ ਦਰ ਆਏ,
ਸੋਹੰ ਸ਼ਬਦ ਭਰੇ ਭੰਡਾਰਾ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਦੇਵੇ ਸ਼ਬਦ ਆਧਾਰਾ । ੧ ਸਾਵਣ ੨੦੦੯ ਬਿ



✪ ✪



✪ ੨੫੭ ✪

ਗੁਰਸਿੱਖ ਗੁਰ ਮਿਲੇ ਕਰ ਹੀਆ ।
ਕਰ ਦਰਸ ਕਰੇ ਨਿਰਮਲ ਜੀਆ ।
ਸੋਹੰ ਸ਼ਬਦ ਪ੍ਰਭ ਸਾਚਾ ਦੀਆ ।
ਮਹਾਰਾਜ ਸ਼ੇਰ ਸਿੰਘ ਕਲਜੁਗ ਤੇਰੇ,
ਜਿਸ ਰਸਨਾ ਨਾਮ ਤੇਰਾ ਲੀਆ । ੨੬ ਚੇਤ ੨੦੦੮

✪ ੨੫੮ ✪

ਗੁਰਸਿਖ ਮੇਰੇ ਸੱਜਣਾ,
ਉਠ ਆ ਕੇ ਦੇ ਦੀਦਾਰ ।
ਮੇਰਾ ਪਰਦਾ ਕਿਸੇ ਨਹੀਂ ਕੱਜਣਾ,
ਮੈਂ ਹੋਵਾਂ ਜਗਤ ਖ਼ੁਆਰ ।
ਇਕੋ ਤੇਰੇ ਦਰ ਤੇ ਬਹਿ ਬਹਿ ਸਜਣਾ,
ਅੱਠੇ ਪਹਿਰ ਰਹੇ ਖ਼ੁਮਾਰ ।
ਮੇਰਾ ਨਾਦ ਤੇਰੇ ਦੁਆਰੇ ਵਜਣਾ,
ਦੂਜਾ ਸੁਣੇ ਨਾ ਵਿਚ ਸੰਸਾਰ ।
ਤੇਰਾ ਦਰਸ ਕਰ ਕਰ ਗੁਰਸਿਖ ਰੱਜਣਾ,
ਆਪਣਾ ਰੰਗ ਲਏ ਨਿਵਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਨ ਭਗਤਾਂ ਕਰੇ ਸਚ ਪਿਆਰ ।



✪ ੨੫੯ ✪

ਗੁਰਸਿਖ ਮੰਗ ਦਰਸ ਦਾਨ ।
ਦੇਵੇ ਦਰਸ ਵਿਸ਼ਨੂੰ ਭਗਵਾਨ ।
ਸੋਹੰ ਦੇਵੇ ਨਾਮ ਬਬਾਨ ।
ਰਸਨਾ ਜਪ ਜਪ ਜੀਵ
ਆਤਮ ਜੋਤ ਜਗੇ ਮਹਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਮੇਲ ਮਿਲਾਣ ।

✪ ੨੬੦ ✪



ਗੁਰਸਿਖ ਮੰਗ ਮਨ ਹਰਿ ਕਾ ਰੰਗ ।
ਗੁਰਸਿਖ ਮੰਗ ਸਦ ਗੁਰਚਰਨ ਕਾ ਸੰਗ ।
ਗੁਰਸਿਖ ਮੰਗ ਜਰਮ ਏ ਮਾਣਸ ਹੋਏ ਨਾ ਭੰਗ ।
ਗੁਰਸਿਖ ਮੰਗ ਗੁਰਦਰ ਸ਼ਬਦ ਸੋਹੰ ।
ਗੁਰਸਿਖ ਮੰਗ ਮਹਾਰਾਜ ਸ਼ੇਰ ਸਿੰਘ ਚਰਨ ਕਾ ਸੰਗ । ✪ ੧-੧੩੫



✪ ੨੯੧ ✪

ਗੁਰਸਿਖ ਝੂਠ ਕਦੇ ਨਾ ਬੋਲੇ ।
ਪ੍ਰਭ ਅਬਿਨਾਸ਼ੀ ਪੂਰੇ ਤੋਲ ਤੋਲੇ ।
ਆਪ ਵਸੇ ਕਾਇਆ ਚੋਲੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰ ਸੰਗਤ ਸਾਚਾ ਮਾਣ ਦੁਆਇਆ,
ਆਪਣੀ ਚਰਨੀ ਆਪੇ ਲਾਇਆ,
ਸਦਾ ਵਸੇ ਕੋਲ ਕੋਲੇ ।

✪ ੨੯੨ ✪

ਗੁਰਸਿਖ ਮੰਗ ਦਰਸ ਦਾਨ ।
ਦੇਵੇ ਦਰਸ ਵਿਸ਼ਨੂੰ ਭਗਵਾਨ ।
ਸੋਹੰ ਦੇਵੇ ਨਾਮ ਬਿਬਾਨ ।
ਰਸਨਾ ਜਪ ਜਪ ਜੀਵ,
ਆਤਮ ਜੋਤ ਜਗੇ ਮਹਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਮੇਲ ਮਿਲਾਣ ।



✪ ੨੯੩ ✪

ਗੁਰਸਿਖ ਤੇਰਾ ਕਾਜ ਸੁਵਾਰਿਆ ।
ਕਰ ਕਿਰਪਾ ਪਾਰ ਉਤਾਰਿਆ ।
ਜੋ ਜਨ ਆਏ ਚਰਨ ਨਿਮਸਕਾਰਿਆ ।
ਗੁਣ ਅਵਗੁਣ ਨਾ ਪ੍ਰਭ ਵਿਚਾਰਿਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰੇ ਆਤਮ ਭਰੇ ਭੰਡਾਰਿਆ । ੨੨ ਮਾਘ ੨੦੦੮ ਬਿ

✪ ੨੯੪ ✪

ਗੁਰਸਿਖਾਂ ਅੰਮ੍ਰਿਤ ਨਾਮ ਭੰਡਾਰਾ ।
ਬੇਮੁਖ ਕਲਜੁਗ ਹੋਏ ਖ਼ਵਾਰਾ ।
ਗੁਰਸਿਖ ਸਾਚਾ ਨਾਮ ਮਿਲੇ ਆਧਾਰਾ ।
ਮਹਾਰਾਜ ਸ਼ੇਰ ਸਿੰਘ ਦੇਵੇ ਦਰਸ ਅਗੰਮ ਅਪਾਰਾ । ੧੭ ਹਾੜ ੨੦੦੮ ਬਿ



✪ ੨੯੫ ✪

ਗੁਰਸਿੱਖਾਂ ਸੇਵਾ ਸਾਚੀ ਕੀਤੀ ।
ਆਪੇ ਦੇਵੇ ਚਰਨ ਪ੍ਰੀਤੀ ।
ਪ੍ਰਭ ਅਬਿਨਾਸ਼ੀ ਪਰਖੇ ਨੀਤੀ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰ ਸੰਗਤ ਦਏ ਵਡਿਆਈ,
ਸਦਾ ਰਹੇ ਜਗ ਜੀਤੀ । ੭ ਜੇਠ ੨੦੧੦ ਬਿ

✪ ੨੬੬ ✪

ਗੁਰਸਿੱਖਾਂ ਤਾਰਨ ਆ ਗਿਆ,
ਦੋ ਜਹਾਨ ਦਾ ਵਾਲੀ ।
ਗੁਰਸਿੱਖਾਂ ਸਿਰ ਹੱਥ ਟਿਕਾ ਗਿਆ,
ਬਣ ਬਾਗ ਦਾ ਮਾਲੀ ।
ਫੜ ਬਾਹੋਂ ਪਾਰ ਤਰਾ ਗਿਆ,
ਨਾ ਲਏ ਦਲਾਲੀ ।
ਜਿਨ੍ਹ ਚਰਨੀ ਸੀਸ ਨਿਵਾ ਲਿਆ,
ਘਰ ਜਾਏ ਨਾ ਖ਼ਾਲੀ ।
ਜਿਸ ਪ੍ਰਭ ਕਾ ਮਾਣ ਤਕਾ ਲਿਆ,
ਪ੍ਰਭ ਮਿਲੇ ਆਪ ਬਨਵਾਲੀ ।
ਪ੍ਰਭ ਫੂਲਨ ਬਰਖਾ ਲਾ ਲਿਆ,



ਬਰਖੇ ਫੂਲ ਜਗੇ ਜੋਤ ਨਿਰਾਲੀ ।
ਮਹਾਰਾਜ ਸ਼ੇਰ ਸਿੰਘ ਲਾਜ ਰਖਾ ਲਿਆ,
ਗੁਰ ਸੰਗਤ ਦਰ ਖੜ

✪ ੨੬੭ ✪

ਗੁਰਸਿੱਖਾਂ ਮਨ ਚੜ੍ਹੇ ਚਾਓ ।
ਹਰਿ ਪਾਇਆ ਜਨ ਸਾਚਾ ਸ਼ਾਹੋ ।
ਆਪ ਦਿਸਾਏ ਥਾਉਂ ਅਗੰਮ ਅਥਾਹੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਚਲਾਏ ਸਾਚਾ ਰਾਹੋ । ੧ ਮਾਘ ੨੦੦੯ ਬਿ

✪ ੨੬੮ ✪

ਗੁਰ ਸਰਨ ਜਗਤ ਵਡਿਆਈ ।
ਗੁਰ ਸੰਗਤ ਰਲ ਮਿਲ ਬਹਿਣਾ ਸਾਚੇ ਥਾਈ ।
ਆਤਮ ਜਾਏ ਨਾ ਕਿਸੇ ਹਿਲ,
ਨਾ ਜਾਏ ਕੋਈ ਸ਼ਰਮਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬੇਮੁਖ ਪੀੜੇ ਜਿਉਂ ਕੋਲ੍ਹੂ ਤਿਲ,
ਵੇਲੇ ਅੰਤ ਕਲਜੁਗ ਆਈ । ੯ ਚੇਤ ੨੦੧੧ ਬਿ



✪ ✪



੨੬੯

ਗੁਰ ਕਾ ਸ਼ਬਦ ਸਰਬ ਗੁਣ ।
ਗੁਰ ਕਾ ਸ਼ਬਦ ਉਪਜਾਵੇ ਸਾਚੀ ਧੁਨ ।
ਗੁਰ ਕਾ ਸ਼ਬਦ ਗੁਰ ਦਰ ਆਏ ਸੁਣ ।
ਗੁਰ ਕਾ ਸ਼ਬਦ ਮੇਲ ਮਿਲਾਏ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਲਜੁਗ ਗੁਰਮੁਖ ਚੁਣ ।

੨੭੦

ਗੁਰ ਕਾ ਸ਼ਬਦ ਗੁਰਸਿਖ ਤਰਾਏ ।
ਆਤਮ ਰੰਗ ਮਜੀਠ ਚੜ੍ਹਾਏ ।
ਗੁਰ ਸ਼ਬਦ ਮੇਲ ਮਿਲਾਏ ।
ਗੁਰ ਸ਼ਬਦ ਗੁਰਸਿਖ ਕਮਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣੀ ਸਰਨੀ ਲਗਾਏ ।



੨੭੧

ਗੁਰ ਸ਼ਬਦ ਗੁਰ ਦਰ ਪਾਓ ।
ਆਤਮ ਸੰਸਾ ਰੋਗ ਮਿਟਾਓ ।
ਏਕਾ ਸ਼ਬਦ ਨਿਜ਼ਾਨੰਦ ਉਪਜਾਓ ।
ਪਰਮਾਨੰਦ ਗੁਰਸਿਖ ਸਮਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਦਰਸ ਆਤਮ ਤ੍ਰਿਪਤਾਓ । ੫ ਜੇ ੨੦੦੯ ਬਿ

੨੭੨

ਗੁਰ ਕਾ ਸ਼ਬਦ ਸਚ ਕਮਾਣਾ,
ਆਤਮ ਵਿਚ ਨਾ ਹੰਕਾਰ ਰਖਾਣਾ ।
ਗੁਰ ਪੀਰ ਨਾ ਆਪ ਅਖਵਾਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਵੇਲੇ ਭੀੜ ਆਪ ਛੁਡਾਣਾ ।

੨੭੩

ਗੁਰਚਰਨ ਉਪਜੇ ਬ੍ਰਹਮ ਗਿਆਨਾ ।
ਗੁਰ ਚਰਨ ਸਰਬ ਰਸ ਮਾਣਾ ।
ਗੁਰ ਚਰਨ ਪ੍ਰਭ ਦਰਸ਼ਨ ਪਾਣਾ ।
ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ,
ਕਲਜੁਗ ਜੋਤ ਜਗਾਏ ਮਹਾਨਾ ।





੨੭੪

ਗੁਰਚਰਨ ਸਿੱਖ ਰਖੇ ਓਟ ।
ਅੰਤਕਾਲ ਜਮ ਖਾਏ ਨਾ ਚੋਟ ।
ਪਾਪ ਉਤਾਰੇ ਪ੍ਰਭ ਕੋਟਨ ਕੋਟ ।
ਜਗਤ ਨਿਆਰੇ ਗੁਰਸਿੱਖ ਪਿਆਰੇ ,
ਮਹਾਰਾਜ ਸ਼ੇਰ ਸਿੰਘ ਜਿਨ ਤੇਰੀ ਓਟ ।

੨੭੫

ਗੁਰਚਰਨ ਜੋ ਜਨ ਲਾਗਾ ।
ਕਾਇਆ ਰੋਗ ਦੁਖੜਾ ਭਾਗਾ ।
ਚਿੰਤਾ ਸੋਗ ਬੁਝੀ ਆਗਾ ।
ਗੁਰਮੁਖ ਸੋਇਆ ਕਲਜੁਗ ਜਾਗਾ ।
ਆਪ ਉਪਾਏ ਅਨਹਦ ਸਾਚਾ ਰਾਗਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋ ਜਨ ਸਰਨੀ ਤੇਰੀ ਲਾਗਾ । ੧੯ ਚੇਤ ੨੦੧੦ ਬਿ



੨੭੬

ਗੁਰਚਰਨ ਪ੍ਰੀਤੀ ਸਾਚਾ ਜੋਗ ।
ਪ੍ਰਭ ਅਬਿਨਾਸ਼ੀ ਦੇਵੇ ਦਰਸ ਅਮੋਘ ।
ਹਉਮੇ ਮਮਤਾ ਕਟਾਏ ਰੋਗ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਦੇਵੇ ਸਾਚੀ ਚੋਗ । ੫ ਜੇਠ ੨੦੦੯ ਬਿ

੨੭੭

ਗੁਰਚਰਨ ਪ੍ਰੀਤੀ ਸਾਚੀ ਮੰਗ ।
ਗੁਰਮੁਖ ਸਾਚਾ ਪਾਰ ਜਾਏ ਲੰਘ ।
ਮਾਨਸ ਜਨਮ ਨਾ ਹੋਏ ਭੰਗ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਆਤਮ ਚਾੜ੍ਹੇ ਸਾਚਾ ਰੰਗ । ੧ ਮਾਘ ੨੦੦੮ ਬਿ

੨੭੮

ਗੁਰਚਰਨ ਪ੍ਰੀਤੀ ਦਰਸ ਅਮੋਘ ।
ਗੁਰਮੁਖ ਸਾਚੇ ਰਸ ਸਾਚਾ ਭੋਗ ।
ਪ੍ਰਭ ਗਵਾਏ ਆਤਮ ਸਹਿੰਸਾ ਰੋਗ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਬਖ਼ਸ਼ੇ ਸਾਚਾ ਜੋਗ । ੨੨ ਮਾਘ ੨੦੦੮ ਬਿ





✪ ੨੭੯ ✪

ਗੁਰਦਰ ਆਓ ਅੰਮ੍ਰਿਤ ਮੁਖ ਚੁਵਾਓ ।
ਤ੍ਰਿਖਾ ਤ੍ਰਿਸ਼ਨਾ ਆਪ ਬੁਝਾਓ ।
ਕਾਹਨ ਕ੍ਰਿਸ਼ਨਾ ਦਰਸ਼ਨ ਦਰ ਪਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦ ਸਦ ਰਸਨਾ ਗਾਓ । ੫ ਕੱਤਕ ੨੦੦੯ ਬਿ

✪ ੨੮੦ ✪

ਗੁਰਪ੍ਰਸਾਦ ਗੁਰ ਪੂਰਾ ਜਾਣਿਆ ।
ਕਿਰਪਾ ਕਰੇ ਆਪ ਭਗਵਾਨਿਆ ।
ਰੈਣ ਸਬਾਈ ਰੰਗ ਸਾਚਾ ਮਾਣਿਆ ।
ਜਨ ਭੁਲ ਬਖ਼ਸ਼ਾਈ,
ਟੁਟਾ ਅਭਿਮਾਨਿਆ ।
ਮਨ ਵਜੀ ਵਧਾਈ,
ਸੋਹੰ ਸ਼ਬਦ ਹੱਥ ਬੱਧਾ ਗਾਨਿਆ ।
ਗੁਰਸਿੱਖ ਸਾਚੇ ਭੁਲ ਨਾ ਜਾਈਂ,
ਕਲਜੁਗ ਮਾਇਆ ਵਿਚ ਰੁਲ ਨਾ ਜਾਈਂ,
ਮਦਿਰਾ ਮਾਸ ਖਾ ਨਾ ਬਣ ਹੈਵਾਨਿਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਰੁਲ ਨਾ ਜਾਈਂ ਰਲ ਝੂਠੇ ਯਾਰ ਸ਼ੈਤਾਨਿਆ । ੧੯ ਚੇਤ ੨੦੧੦ ਬਿ



✪ ੨੮੧ ✪

ਗੁਰ ਪ੍ਰਸਾਦ ਭੋਗ ਲਗਾਏ ।
ਸਾਧ ਸੰਗਤ ਮੁਖ ਚੋਗ ਚੁਗਾਏ ।
ਕਾਇਆ ਰੋਗ ਸੋਗ ਮਿਟਾਏ ।
ਸੋਹੰ ਸਾਚਾ ਜੋਗ ਦਵਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪ੍ਰਗਟ ਜੋਤ ਦਰਸ ਅਮੋਘ ਦਿਖਾਏ । ੧੯ ਚੇਤ ੨੦੧੦ ਬਿ

✪ ੨੮੨ ✪

ਗੁਰ ਪੂਰਾ ਸਦ ਅਰਾਧਨਾ ।
ਜੀਵ ਆਤਮ ਆਪਣਾ ਸਾਧਣਾ ।
ਪ੍ਰਭ ਪੂਰਾ ਮਾਧਵ ਮਾਧਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪੇ ਆਪ ਖੁਲ੍ਹਾਏ ਅੰਧ ਅੰਧੇਰ
ਸੋਹੰ ਧੁਨ ਵਜਾਏ ਨਾਦਨਾ । ੨੨ ਸਾਵਣ ੨੦੦੯ ਬਿ





੨੮੩

ਗੁਰ ਪੂਰਾ ਮੈਲ ਕਾਟੇ, ਜਨਮ ਸਵਾਰਦਾ ।
ਪੂਰ ਕਰਾਏ ਮਾਤ ਘਾਟੇ,
ਨਾ ਦੇਵੇ ਪਾਸਾ ਹਾਰਦਾ ।
ਗੁਰਮੁਖ ਸਾਚਾ ਰਸਨਾ ਰਾਟੇ,
ਵੇਖੇ ਰੰਗ ਸੱਚੀ ਸਰਕਾਰ ਦਾ ।
ਰਸਨਾ ਰਸ ਸਾਚਾ ਚਾਟੇ,
ਤੁਟੇ ਗੜ੍ਹ ਕਿਲਾ ਹੰਕਾਰ ਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸਾਚੇ ਸੰਤ ਜਨਾ,
ਸਾਚੀ ਜੋਤੀ ਤਨ ਸ਼ਿੰਗਾਰਦਾ । ੧੭ ਹਾੜ੍ਹ ੨੦੧੧ ਬਿ

੨੮੪



ਗੁਰ ਪੂਰਾ ਦਰ ਮੰਗੀਏ,
ਜਿਥੇ ਤੋਟ ਨਾ ਆਵੇ ।
ਘਰ ਸਾਚਾ ਕਦੇ ਨਾ ਸੰਗੀਏ,
ਨਾ ਖੋਟ ਪੱਲੇ ਪਾਵੇ ।
ਸਾਧ ਸੰਗਤ ਮਿਲੇ ਰੰਗ ਰੰਗੀਏ,
ਅਚਰਜ ਖੇਲ ਰਚਾਵੇ ।
ਕਦੇ ਮੇਲ ਨਾ ਹੋਵੇ ਕੁਸੰਗੀਏ,
ਗੁਰਸਿੱਖ ਪਰ੍ਹੇ ਹਟ ਜਾਵੇ ।
ਈਸ਼ਰ ਜੋਤ ਬਹੁ ਰੰਗੀਏ,
ਜੁਗੋ ਜੁਗ ਜੁਗ ਜੋਤ ਪ੍ਰਗਟਾਵੇ ।
ਮਹਾਰਾਜ ਸ਼ੇਰ ਸਿੰਘ ਘਰ ਪੂਰਾ ਮੰਗੀਏ,
ਗੁਰਸਿੱਖ ਦਾਨ ਨਾਮ ਦਵਾਏ । ੮ ਚੇਤ ੨੦੦੮ ਬਿ

੨੮੫

ਗੁਰ ਪੂਰੇ ਕਰੋ ਪ੍ਰਨਾਮ ।
ਏਥੇ ਕੋਈ ਨਾ ਲੱਗੇ ਦਾਮ ।
ਸੁੱਕਾ ਹਰਿਆ ਹੋਵੇ ਚਾਮ ।
ਕਲਜੁਗ ਮਿਟੇ ਅੰਧੇਰੀ ਸ਼ਾਮ ।
ਪੀਓ ਅੰਮ੍ਰਿਤ ਸਾਚਾ ਜਾਮ ।
ਪੂਰੇ ਹੋਏ ਮਾਤ ਕਾਮ ।
ਦਰਗਹਿ ਸਾਚੀ ਸਚ ਘਰ ਵਖਾਏ,
ਦੱਸੇ ਸਾਚਾ ਰਾਮ ।



ਗਿਆਨੀ ਧਿਆਨੀ ਜਗਤ ਇਸ਼ਨਾਨੀ ਕੋਈ ਬੂਝ ਨਾ ਪਾਏ,



ਪ੍ਰਭ ਸਾਚੇ ਦਾ ਕਿਹੜਾ ਧਾਮ ।
ਗੁਰਮੁਖ ਸਾਚੇ ਆਪ ਵਖਾਏ
ਸਿੰਘ ਸਿੰਘਾਸਣ ਬੈਠੇ ਜਿਥੇ ਆਪ ਕਰੇ ਬਿਸਰਾਮ ।
੧੪ ਮੱਘਰ ੨੦੧੦ ਬਿ

✪ ੨੮੬ ✪

ਗੁਰ ਪੂਰਾ ਕਰਮ ਵਿਚਾਰਦਾ,
ਕਰ ਕਿਰਪਾ ਪਾਰ ਉਤਾਰਦਾ ।
ਜਨਮ ਮਰਨ ਦਾ ਕਾਜ ਸਵਾਰਦਾ,
ਜੋ ਜਨ ਆਏ ਚਰਨ ਨਿਮਸਕਾਰਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਰੰਗ ਸਾਚੇ ਕਰਤਾਰ ਦਾ ।

✪ ੨੮੭ ✪



ਗੁਣ ਗਾਉਣਾ ਗਹਿਰ ਗੰਭੀਰ ।
ਮਨ ਠਾਂਡਾ ਸ਼ਾਂਤ ਸਰੀਰ ।
ਆਪੇ ਦੇਵੇ ਆਤਮ ਧੀਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮੁਖ ਚੁਆਏ ਅੰਮ੍ਰਿਤ ਸਾਚਾ ਸੀਰ । ੧ ਕਤਕ ੨੦੧੨ ਬਿ

✪ ੨੮੮ ✪

ਗੁਰਮੁਖ ਆਓ ਗੁਰਦਰ ਆਓ ।
ਆਤਮ ਚਿੰਤਾ ਸਰਬ ਮਿਟਾਓ ।
ਆਤਮ ਸੁਖ ਸਗਲ ਫਲ ਪਾਓ ।
ਅੰਮ੍ਰਿਤ ਆਤਮ ਸਾਚਾ ਤੀਰਥ
ਗੁਰਮੁਖ ਸਾਚੇ ਨੁਹਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪ ਆਤਮ ਸਾਚਾ ਦੀਪ ਜਗਾਓ । ੫ ਜੇਠ ੨੦੦੮ ਬਿ

✪ ੨੮੯ ✪



ਗੁਰਮੁਖ ਆਤਮ ਸਦ ਉਜਿਆਰੀ ।
ਆਤਮ ਵਸੇ ਪ੍ਰਭ ਗਿਰਧਾਰੀ ।
ਸਾਚੀ ਜੋਤ ਪ੍ਰਭ ਨਿਰੰਕਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਜੋਤ ਸਰਬ ਕਰੇ ਅਕਾਰੀ । ੨੨ ਮਾਘ ੨੦੦੮ ਬਿ

✪ ✪



੨੯੦

ਗੁਰਮੁਖ ਆਤਮ ਨਿਰਮਲ ਨਿਰਮਲਾ ।
ਬੇਮੁਖ ਤਪੇ ਜਿਉਂ ਬਾਲੂ ਬਿਮਲਾ ।
ਗੁਰਸਿੱਖ ਤਾਰੇ ਜਿਉਂ ਤਰਾਇਆ ਪਿੰਗਲਾ ।
ਬੇਮੁਖ ਖ਼ਾਲੀ ਹੱਥ ਮੁੜੇ ਜਿਉਂ ਰੁਖ ਸਿੰਮਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਧ ਸੰਗਤ ਗੁਰ ਚਰਨ ਲਾਗ,
ਚਰਨ ਕਵਲ ਸਦ ਚੁੰਮ ਲਾ । ੫ ਜੇਠ ੨੦੦੯ ਬਿ

੨੯੧

ਗੁਰਮੁਖ ਸਾਚੇ ਸੰਤ ਪਿਆਰੇ ।
ਮਿਲਿਆ ਮੇਲ ਹਰਿ ਕੰਤ ਭਤਾਰੇ ।
ਸੱਜਣ ਸੁਹੇਲਾ ਵਿਚ ਸੰਸਾਰੇ ।
ਗੁਰ ਸੰਗਤ ਮੇਲਾ ਹਰਿ ਨਿਰੰਕਾਰੇ ।
ਗੁਰ ਚੇਲਾ ਇਕ ਦਵਾਰੇ ।
ਨਿਹਕਲੰਕ ਕਲ ਜਾਮਾ ਧਾਰੇ । ੧੪ ਚੇਤ ੨੦੧੧ ਬਿ



੨੯੨

ਗੁਰਮੁਖ ਸਾਚੇ ਸਾਚੇ ਫੂਲ ।
ਮਿਲਿਆ ਪ੍ਰਭ ਕੰਤ ਕੰਤੂਹਲ ।
ਕਲਜੁਗ ਜੀਵ ਅੰਤ ਨਾ ਭੂਲ ।
ਜੋਤ ਪ੍ਰਗਟਾਏ ਪ੍ਰਭ ਦੂਲੋ ਦੂਲ੍ਹ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਫੰਦ ਕਟਾਏ ਆਪ ਛੁਡਾਏ
ਧਰਮ ਰਾਏ ਦੀ ਸੂਲੋ ਸੂਲ । ੫ ਜੇਠ ੨੦੦੯ ਬਿ

੨੯੩

ਗੁਰਮੁਖ ਹੋਏ ਪ੍ਰਭ ਸ਼ਬਦ ਅਧੀਨ ।
ਸ਼ਬਦ ਮਿਲਾਵੇ ਪ੍ਰਭ ਪ੍ਰਬੀਨ ।
ਨਿਜ਼ਾਨੰਦ ਰਸ ਚੁਵਾਵੇ
ਆਤਮ ਤ੍ਰਿਪਤਾਵੇ ਜਿਉਂ ਜਲ ਮੀਨ ।
ਮਹਾਰਾਜ ਸ਼ੇਰ ਸਿੰਘ ਚੁਰਾਸੀ ਗੇੜ ਕਟਾਵੇ,
ਸਿਖ ਜੋਤ ਜੋਤ ਹੋਏ ਲੀਨ । ੨੯ ਫੱਗਣ ੨੦੨੧ ਬਿ





✪ ੨੯੪ ✪

ਗੁਰਮੁਖ ਰਸਨਾ ਹਰਿ ਗੁਣ ਗਾ ।
ਆਤਮ ਬੁਝੀ ਦੀਪ ਜਗਾ ।
ਪ੍ਰਭ ਅਬਿਨਾਸ਼ੀ ਜੋਤ ਸਰੂਪ,
ਵਿਚ ਆਪਣੇ ਦਰਸ਼ਨ ਪਾ ।
ਹੋਏ ਪ੍ਰਕਾਸ਼ ਵਿਚ ਦੇਹ ਅੰਧਕੂਪ,
ਸਾਚੀ ਜੋਤ ਕਰੇ ਰੁਸ਼ਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰੀ ਬਣਤ ਜਾਏ ਬਣਾ । ੨੨ ਮਾਘ ੨੦੦੮ ਬਿ

✪ ੨੯੫ ✪

ਗੁਰਮੁਖ ਸਾਚੇ ਧਾਮ ਨਿਆਰਾ ।
ਪਾਰਬ੍ਰਹਮ ਖੇਲ ਨਿਆਰਾ ।
ਏਕਾ ਜੋਤ ਜਗੇ ਗਿਰਧਾਰਾ ।
ਗੁਰਮੁਖ ਵਿਰਲਾ ਵੇਖੇ ਕਰ ਵਿਚਾਰਾ ।
ਜੋਤ ਸਰੂਪ ਜੋਤ ਨਿਰੰਜਣ,
ਨਿਹਕਲੰਕ ਨਰਾਇਣ ਨਰ ਅਵਤਾਰਾ ।



✪ ੨੯੬ ✪

ਗੁਰਮੁਖ ਸਾਚੇ ਤੇਰਾ ਸਾਚਾ ਘਰ ।
ਪ੍ਰਭ ਅਬਿਨਾਸ਼ੀ ਏਕਾ ਦਰ ।
ਏਕਾ ਜੋਤ ਮਿਲਾਏ ਅਵਤਾਰ ਨਰ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਚਰਨ ਲਾਗ ਜਗ ਗਿਆ ਤਰ । ੧ ਮਾਘ ੨੦੦੮

✪ ੨੯੭ ✪

ਗੁਰਮੁਖ ਮੰਗੇ ਸਾਚੀ ਮੰਗ ।
ਪ੍ਰਭ ਆਤਮ ਚਾੜ੍ਹੇ ਸਾਚਾ ਰੰਗ ।
ਮਾਨਸ ਜਨਮ ਨਾ ਹੋਵੇ ਭੰਗ ।
ਭਵਜਲ ਜਾਏ ਪਾਰ ਲੰਘ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦਾ ਸਹਾਈ ਅੰਗ ਸੰਗ



✪ ੨੯੮ ✪

ਗੁਰਮੁਖਾਂ ਕਰੇ ਬੰਦ ਖੁਲਾਸੀ ।
ਦੇਵੇ ਦਰਸ ਘਨਕਪੁਰ ਵਾਸੀ ।



ਗਲੋਂ ਕਟਾਏ ਜਮ ਕੀ ਫਾਸੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਤੇਰੇ ਸਚੀ ਰਹਿਰਾਸੀ । ੧ ਮਾਘ ੨੦੦੮ ਬਿ

✪ ੨੯੯ ✪

ਗੁਰਸਿੱਖ ਰਾਜ ਜੋਗ ਸਚ ਲੀਨਾ ।
ਸਾਚ ਨਾਮ ਮਹਾਂ ਰਸ ਪੀਨਾ ।
ਪ੍ਰਭ ਅਬਿਨਾਸ਼ੀ ਸਾਚਾ ਦਾਨਾ ਬੀਨਾ ।
ਪਾਰ ਉਤਾਰੇ ਕਿਰਪਾ ਧਾਰੇ,
ਜਿਸ ਜਨ ਰਸਨਾ ਚੀਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖਾਂ ਆਤਮ ਸ਼ਾਂਤ ਕਰਾਏ
ਜਿਉਂ ਜਲ ਮੀਨਾ । ੮ ਜੇਠ ੨੦੧੦ ਬਿ

✪ ੩੦੦ ✪



ਗੁਰਮੁਖਾਂ ਹਰਿ ਕਰੇ ਪਿਆਰ ।
ਇਕੋ ਦੇਵੇ ਸ਼ਬਦ ਅਧਾਰ ।
ਸਾਚੀ ਬਣਤ ਆਪ ਬਣਾਏ,
ਭਵ ਸਾਗਰ ਤੋਂ ਜਾਏ ਤਾਰ ।
ਮਹਿਮਾ ਅਗਣਤ ਗਣੀ ਨਾ ਜਾਏ,
ਨਾ ਕੋਈ ਪਾਵੇ ਸਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ,
ਨਿਤ ਨਵਿਤ ਆਵੇ ਵਿਚ ਸੰਸਾਰ । ੧੪ ਚੇਤ ੨੦੧੧ ਬਿ

✪ ੩੦੧ ✪

ਗੋਬਿੰਦ ਕਹੇ ਜੇ ਕਰੇਂ ਮਨਜ਼ੂਰ,
ਮੇਰੀ ਦੋਏ ਜੋੜ ਕਰ ਬੰਦਨਾ ।
ਜਨ ਭਗਤਾਂ ਆਸਾ ਮਨਸਾ ਪੂਰ,
ਆਵਣ ਜਾਵਣ ਛੁਟੇ ਫੰਦਨਾ ।
ਏਕ ਬਖ਼ਸ਼ ਜੋਤੀ ਨੂਰ,
ਗਾਉਣਾ ਚੁਕੇ ਬੱਤੀ ਦੰਦਨਾ ।
ਨਜ਼ਰ ਆ ਜ਼ਾਹਰ ਜ਼ਹੂਰ,
ਕਾਇਆ ਅੰਧੇਰੀ ਡੂੰਘੀ ਖਡਣਾ ।
ਭਾਂਡੇ ਖ਼ਾਲੀ ਕਰ ਭਰਪੂਰ,
ਤੇਰਾ ਸਾਹਿਬ ਕੁਛ ਨਹੀਂ ਘਟਣਾ ।



੧੦੩



ਜੁਗ ਚੌਕੜੀ ਬੈਠਾ ਰਿਹੋਂ ਦੂਰ,
ਕਲਜੁਗ ਆ ਕੇ ਜਨ ਭਗਤਾਂ ਮਲ ਵਟਣਾ ।
ਆਪਣਾ ਰਾਗ ਸੁਣਾ ਤੁਰੀਆ ਤੂਰ,
ਰਸ ਇਕੋ ਇਕ ਚਟਣਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਵੇਖਣਹਾਰਾ ਆਪਣੀ ਘਟਣਾ ।     ੧ ਚੇਤ ੨੦੨੦ ਬਿ

੩੦੨

ਗੋਬਿੰਦ ਗੋਪਾਲ ਮਦਨ ਮੂਰਤ ।
ਏਕਾ ਜੋਤ ਏਕਾ ਨੂਰਤ ।
ਏਕਾ ਸ਼ਬਦ ਏਕਾ ਤੂਰਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਬ ਜੀਆਂ ਦੀ ਆਸਾ ਪੂਰਤ ।     ੫ ਜੇਠ ੨੦੧੦ ਬਿ



੩੦੩

ਘਰ ਸੁਆਮੀ ਸਹਿਜ ਸੁਖ,
ਪਾਇਆ ਕੰਤ ਭਤਾਰਾ ।
ਦਰਸ਼ਨ ਪਾਇਆ ਅਗੰਮ ਮੁਖ,
ਹੋਇਆ ਨੂਰ ਦੀਦਾਰਾ ।
ਲੇਖਾ ਪਿਛਲਾ ਗਿਆ ਚੁਕ,
ਹਰਿ ਮਿਲਿਆ ਕੰਤ ਭਤਾਰਾ ।
ਕੂੜਾ ਨਾਤਾ ਗਿਆ ਟੁਟ,
ਸੁਣਿਆ ਸ਼ਬਦ ਨਜ਼ਾਰਾ ।
ਦੀਨ ਮਜ਼੍ਹਬ ਦੀ ਰਹੀ ਨਾ ਫੁਟ,
ਸਚਖੰਡ ਵੇਖ ਆਏ ਏਕੰਕਾਰਾ ।
ਜਿਸ ਦਾ ਨਾਮ ਅਗੰਮਾ ਅੰਮ੍ਰਿਤ ਘੁਟ,
ਦੋ ਜਹਾਨਾਂ ਠੰਡਾ ਠਾਰਾ ।
ਜਨ ਭਗਤ ਬਣਾਏ ਸਾਚੇ ਸੁਤ,
ਨਾਲ ਰਲਾਏ ਗੋਬਿੰਦ ਸ਼ਬਦ ਦੁਲਾਰਾ ।
ਚਾਰ ਜੁਗ ਦਿਆਂ ਵਿਛੜਿਆਂ ਲਿਆ ਪੁਛ,
ਵੇਖੇ ਵਿਗਸੇ ਪਾਵੇ ਸਾਰਾ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਦ ਦੇਵਣਹਾਰ ਸਹਾਰਾ ।     ੧੮ ਹਾੜ ਸ਼ ਸੰ ੬



✪ ੩੦੪ ✪

ਘਰ ਮੰਦਰ ਮਿਲੇ ਠਾਕਰ ਸੁਵਾਮੀ ।
ਪੀਆ ਪ੍ਰੀਤਮ ਅੰਤਰਜਾਮੀ ।
ਸਤਿਗੁਰ ਸਾਹਿਬ ਸਦਾ ਨਿਹਕਾਮੀ ।
ਜਨਮ ਜਨਮ ਦੀ ਪੂਰੀ ਕਰੇ ਖਾਮੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਲੱਖ ਚੁਰਾਸੀ ਗਲੋਂ ਕਟੇ ਗੁਲਾਮੀ ।

✪ ੩੦੫ ✪

ਘਰ ਗ੍ਰਿਹ ਮੰਦਰ ਹੋਇਆ ਪਵਿਤ,
ਪਾਪੀ ਪਤਿਤ ਤਰਾਈਆ ।
ਸਚ ਸੁਹੰਜਣੀ ਸੁਹਾਈ ਥਿਤ,
ਗੁਰ ਸਤਿਗੁਰ ਵਡ ਵਡਿਆਈਆ ।
ਲੇਖਾ ਲਾਏ ਕਾਇਆ ਰਿਤ,
ਰਤੀ ਰਤ ਤੁਲਾਈਆ ।
ਸ਼ਬਦ ਸ਼ਬਦੀ ਕਰ ਕਰ ਹਿੱਤ,
ਲੇਖਾ ਲੇਖ ਮਿਟਾਈਆ ।



ਮਾਨਸ ਜਨਮ ਜਾਏ ਜਨ ਜਿਤ,
ਜਿਸ ਬਖ਼ਸ਼ੇ ਸਚ ਸਰਨਾਈਆ ।
ਦਰਸ ਦਖਾਏ ਨਿਤ ਨਵਿਤ,
ਰਸਨਾ ਜੋ ਜਨ ਗਾਈਆ ।
ਸਰਬ ਜੀਆਂ ਪ੍ਰਭ ਸਾਚਾ ਪਿਤ,
ਪਿਤਾ ਪੂਤ ਵੇਖ ਵਖਾਈਆ ।
ਅਬਿਨਾਸ਼ੀ ਕਰਤਾ ਏਕਾ ਅਚੁਤ,
ਨਾ ਮਰੇ ਨਾ ਜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਖੇਲੇ ਖੇਲ ਨਿਤ ਨਵਿਤ,
ਖੇਲਣਹਾਰ ਬੇਪਰਵਾਹੀਆ । ੨੫ ਜੇਠ ੧੦੧੬ ਬਿ

✪ ੩੦੬ ✪



ਘਨਕਪੁਰ ਵਾਸੀ ਕਲ ਤੇਰੀ ਵਡਿਆਈ ।
ਨਰ ਨਰਾਇਣ ਨਿਹਕਲੰਕ ਕਲਜੁਗ ਜੋਤ ਪ੍ਰਗਟਾਈ ।
ਗੁਰਮੁਖ ਸਾਚਾ ਪ੍ਰਭ ਦਰਸ ਕਰ ਨੈਣ,
ਆਤਮ ਜੋਤ ਪ੍ਰਭ ਦੇ ਜਗਾਈ ।
ਆਤਮ ਜੋਤ ਹੋਏ ਉਜਿਆਰ,



ਅਗਿਆਨ ਅੰਧੇਰ ਸਰਬ ਮਿਟ ਜਾਈ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ ਜਾਮਾ ਧਾਰ,
ਕਲਜੁਗ ਝੂਠੀ ਖੇਲ ਮਿਟਾਈ । ੧੯ ਸਾਵਨ ੨੦੦੮ ਬਿ

੩੦੭

ਘਨਕਪੁਰੀ ਪ੍ਰਭ ਜਾਮਾ ਪਾਇਆ ।
ਆਪਣਾ ਆਪ ਪ੍ਰਭ ਆਪ ਛੁਪਾਇਆ ।
ਗੁਰਮੁਖ ਵਿਰਲੇ ਪ੍ਰਭ ਸੇਵ ਲਗਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰਮੁਖ ਸਾਚੇ ਦਰਸ ਦਿਖਾਇਆ । ੮ ਚੇਤ ੨੦੦੯ਬਿ

੩੦੮

ਘਨਕਪੁਰੀ ਪਾਇਆ ਜਾਮਾ ।
ਜੋਤ ਜਗਾਈ ਰਮਈਆ ਰਾਮਾ ।
ਮਿਲੀ ਵਧਾਈ ਘਨਈਆ ਸ਼ਾਮਾ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਨਿਹਕਲੰਕ ਵਿਸ਼ਨੂੰ ਭਗਵਾਨਾ । ੧੮ ਜੇਠ ੨੦੦੯ ਬਿ



੩੦੯

ਘਨਕਪੁਰ ਵਾਸੀ ਤੇਰੀ ਬੇਪਰਵਾਹੀਆ ।
ਚਾਰੋਂ ਕੁੰਟ ਉਠ ਉਠ ਵੇਖਣ,
ਕਰਦਾ ਜਾਏ ਸਰਬ ਸਫਾਈਆ ।
ਗੁਰਸਿਖ ਲੈਣਾ ਵੇਖ,
ਪੁਤਰਾਂ ਛੱਡਣ ਮਾਈਆਂ ।
ਪ੍ਰਭ ਜੋਤ ਸਰੂਪੀ ਧਾਰੇ ਭੇਖ,
ਆਪ ਭੁਲਾਏ ਜਾਂਦਿਆਂ ਰਾਹੀਆ ।
ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼,
ਉਚੀ ਕੂਕਣ ਦੇਣ ਦੁਹਾਈਆ ।
ਧੁਰਦਰਗਾਹੀ ਸਾਚਾ ਮਾਹੀ,
ਮਾਝੇ ਦੇਸ ਲਾਏ ਮੇਖ,
ਨਾ ਸਕੇ ਕੋਇ ਹਿਲਾਈਆ ।
ਸਾਚਾ ਲੇਖ ਸਚ ਲਿਖਾਏ,
ਬੇਮੁਖਾਂ ਪਾਏ ਫਾਹੀਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਵਡ ਦਾਤਾ ਬੇਪਰਵਾਹੀਆ । ੬ ਮਾਘ ੨੦੧੦ ਬਿ





✪ ੩੧੦ ✪

ਘੜੀ ਵਿਛੋੜਾ ਪਾਈਂ ਨਾ ।
ਚਰਨੋਂ ਪਰ੍ਹੇ ਹਟਾਈਂ ਨਾ ।
ਆਤਮ ਹੰਕਾਰ ਵਿਕਾਰ ਚਲਾਈਂ ਨਾ ।
ਵਿਚ ਸੰਸਾਰ ਝੂਠੀ ਮਾਇਆ,
ਜਾਲ ਵਛਾਈਂ ਨਾ ।
ਏਕਾ ਦੇਵੀਂ ਸ਼ਬਦ ਅਧਾਰ,
ਭਰਮ ਭੁਲੇਖੇ ਗੁਰਮੁਖਾਂ ਭੁਲਾਈਂ ਨਾ ।
ਫੜ ਫੜ ਬਾਹੋਂ ਲਾਈਂ ਪਾਰ,
ਦੇ ਧੱਕਾ ਜਗਤ ਵਹਿਣ ਵਹਾਈਂ ਨਾ ।
ਆਤਮ ਅੰਧੇ ਨਾ ਦਿਸੇ ਕੋਈ ਕਿਨਾਰ,
ਦਰ ਸਾਚੇ ਹਰਿ ਦੁਰਕਾਈਂ ਨਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅੰਤਮ ਵੇਲਾ ਤੇਰਾ ਆਇਆ,
ਗੁਰਸਿੱਖ ਨਿਮਾਣਾ ਗਊ ਗਰੀਬ,
ਆਤਮ ਵਿਚੋਂ ਭੁਲਾਈਂ ਨਾ । ੭ ਜੇਠ ੨੦੧੧ ਬਿ



✪ ੩੧੧ ✪

ਘਰ ਸਾਚਾ ਆਪ ਸੁਹਾ ਦੇ,
ਸੋਭਾਵੰਤ ਸੁਲਤਾਨ ।
ਪੁਰਖ ਅਬਿਨਾਸ਼ੀ ਜੋਤ ਜਗਾ ਦੇ,
ਅੰਧ ਅੰਧੇਰੇ ਹੋਏ ਗਿਆਨ ।
ਅਨਹਦ ਨਾਦੀ ਨਾਦ ਵਜਾ ਦੇ,
ਧੁਰ ਦੀ ਸ਼ਬਦ ਸੁਣੇ ਧੁਨਕਾਨ ।
ਘਰ ਮੰਦਰ ਇਕ ਰੁਸ਼ਨਾ ਦੇ,
ਜੋਤੀ ਜੋਤ ਹੋ ਪ੍ਰਧਾਨ ।
ਅੰਮ੍ਰਿਤ ਅਗੰਮਾ ਜਾਮ ਪਿਆ ਦੇ,
ਤੀਰਥ ਮੁਕੇ ਜਗਤ ਜਹਾਨ ।
ਇਕੋ ਆਪਣਾ ਨਾਮ ਦ੍ਰਿੜਾ ਦੇ,
ਕਰਨੀ ਪਏ ਨਾ ਅੱਖਰਾਂ ਵਾਲੀ ਕਲਿਆਣ ।
ਜਜਮਾਨ ਹੋ ਕੇ ਮਰਾਸੀ ਡੂੰਮਾ ਆਪਣੀ ਖੈਰ ਪਾ ਦੇ,
ਗੁਰਮੁਖ ਮੰਗਣ ਜਾਣ ਨਾ ਕਿਸੇ ਦੁਕਾਨ ।
ਜੁਗ ਜਨਮ ਦੇ ਵਿਛੜੇ
ਆਪਣੀ ਗੋਦ ਬਿਠਾ ਦੇ,
ਨਿਰਗੁਣ ਨਿਰਗੁਣ ਕਰ ਪ੍ਰਵਾਨ ।
ਪਿਛਲੇ ਕਰਮ ਕੁਕਰਮ ਮਿਟਾ ਦੇ,





ਆਦਿ ਜੁਗਾਦਿ ਬਣ ਮਿਹਰਵਾਨ ।
ਦੁਖ ਭੰਜਨ ਭਵ ਸਾਗਰ ਪਾਰ ਕਰਾ ਦੇ,
ਕੁਦਰਤ ਦੇ ਮਾਲਕ ਹੋ ਕੇ ਦਇਆਵਾਨ ।
ਡੁੱਬਦੇ ਪੱਥਰ ਪਾਰ ਲੰਘਾ ਦੇ,
ਕਲਜੁਗ ਹੋ ਕੇ ਨਿਗਹਬਾਨ ।
ਜਗਤ ਸ਼ਰਅ ਕੂੜ ਜੰਜ਼ੀਰ ਤੁੜਾ ਦੇ,
ਤੇਰੇ ਕਰਮ ਪਵੇ ਨੀਸਾਣ ।
ਮਾਟੀ ਚੰਮੜੇ ਲੇਖੇ ਲਾ ਦੇ,
ਤੇਰੇ ਚਰਨੀ ਡਿਗੇ ਆਣ ।
ਲੱਖ ਚੁਰਾਸੀ ਫੰਦ ਕਟਾ ਦੇ,
ਝਗੜਾ ਰਹੇ ਨਾ ਆਵਣ ਜਾਣ ।
ਸਚਖੰਡ ਦੁਵਾਰ ਬਹਾ ਦੇ,
ਜਿਸ ਘਰ ਵਸਣ ਭਗਤ ਸੁਜਾਣ ।
ਪੂਰਬ ਵਿਛੜੇ ਮੇਲ ਮਿਲਾ ਦੇ,
ਸਤਿਜੁਗ ਤਰੇਤਾ ਦੁਆਪਰ ਕਲਜੁਗ ਅੰਤ ਕਰ ਕਲਿਆਣ ।
ਨਿਰਗੁਣ ਜੋਤੀ ਜੋਤ ਮਿਲਾ ਦੇ,
ਪੰਜ ਤਤ ਲੇਖਾ ਰਹੇ ਨਾ ਵਿਚ ਜਹਾਨ ।
ਆਪਣੇ ਦਰ ਸਚਖੰਡ ਦਵਾਰ ਬਹਾ ਦੇ,
ਜਿਥੇ ਪੁਜੇ ਨਾ ਕੋਈ ਇਨਸਾਨ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਲਜੁਗ ਗੁਰੂਆਂ ਕੋਲੋਂ ਖਹਿੜਾ ਛੁਡਾ ਦੇ,
ਗੁਰਮੁਖ ਇਕੋ ਵਾਰ ਕਰਨ ਬਿਆਨ ।



✪ ੩੧੨ ✪

ਘਨਕਪੁਰ ਪ੍ਰਭ ਜਾਮਾ ਧਾਰੇ ।
ਦੇਵ ਦੇਵੀਆਂ ਫਿਰਨ ਦੁਵਾਰੇ ।
ਸਾਚਾ ਸੰਤ ਸਾਚੀ ਮਾਰੇ ਲਕਾਰੇ ।
ਨਾ ਦਿਸੇ ਦਰ ਨਾ ਦਰਬਾਰੇ ।
ਦੁਖੀ ਹੋਏ ਫਿਰਨ ਦੁਖਿਆਰੇ ।
ਅਰਚਾ ਪੂਜਾ ਪ੍ਰਭ ਪਾਰ ਉਤਾਰੇ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਜਾਮਾ ਘਨਕਪੁਰੀ ਵਿਚ ਧਾਰੇ । ੧ ਮਾਘ ੨੦੦੮ ਬਿ



✪ ✪



੩੧੩

ਚਰਨ ਸੇਵ ਜਿਸ ਜਨ ਕਰਾਏ ।
ਕਰ ਕਿਰਪਾ ਪ੍ਰਭ ਪਾਰ ਕਰਾਏ,
ਸਾਚੀ ਬਖ਼ਸ਼ੇ ਪ੍ਰਭ ਸਰਨਾਏ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ
ਗੁਰਸਿਖ ਸੇਵਾ ਸੁਫਲ ਕਰਾਏ ।   ੧ ਮਾਘ ੨੦੦੮ ਬਿ

੩੧੪

ਚਰਨ ਕਵਲ ਜਨ ਕਰ ਪ੍ਰੀਤ ।
ਪ੍ਰਭ ਸਾਚੇ ਕੀ ਸਾਚੀ ਰੀਤ ।
ਕਲਜੁਗ ਸੋਹੰ ਰਸਨਾ ਚੀਤ ।
ਜਿਹਵਾ ਗੁਣ ਗਾਓ ਗਹਿਰ ਗੰਭੀਰ ਗੀਤ ।
ਕਰ ਦਰਸ ਕਲ ਸਾਚੇ ਪ੍ਰਭ,
ਪਤਿਤ ਹੋ ਜਾਏ ਪੁਨੀਤ ।
ਮਹਾਰਾਜ ਸ਼ੇਰ ਸਿੰਘ ਹਿਰਦੇ ਪਰਵੇਸ਼ਿਓ
ਆਤਮ ਹੋਈ ਸੀਤ ।   ੫ ਜੇਠ ੨੦੦੮ ਬਿ



੩੧੫

ਚਰਨ ਕਵਲ ਜੋ ਜਨ ਆਇਆ ।
ਕਰ ਦਰਸ ਮਹਾ ਸੁਖ ਪਾਇਆ ।
ਚਾਰ ਵਰਨ ਇਕ ਪ੍ਰਭ ਮਾਣ ਦਵਾਇਆ ।
ਬ੍ਰਹਮ ਗਿਆਨ ਸੋਹੰ ਸ਼ਬਦ ਸੁਣਾਇਆ ।
ਜਿਤ ਪ੍ਰਭ ਲੱਗਾ ਚਰਨ ਧਿਆਨ,
ਤਿਸ ਪ੍ਰਭ ਸਾਚੇ ਦਰਸ ਦਿਖਾਇਆ ।
ਕਲਜੁਗ ਪਰਗਟੀ ਜੋਤ ਵਿਸ਼ਨੂੰ ਭਗਵਾਨ,
ਭੇਖ ਧਾਰ ਇਕ ਖੇਲ ਰਚਾਇਆ ।
ਬੁੱਝੇ ਕੋਈ ਚਤੁਰ ਸੁਜਾਨ,
ਜਿਸ ਪ੍ਰਭ ਸਾਚੇ ਦਰਸ ਦਿਖਾਇਆ ।
ਉਪਜੇ ਪ੍ਰਭ ਬ੍ਰਹਮ ਗਿਆਨ,
ਦਸਮ ਦਵਾਰ ਆਪ ਖੁਲ੍ਹਾਇਆ ।
ਜੀਵ ਨਾਮ ਗੁਣੀ ਨਿਧਾਨ,
ਮਹਾਰਾਜ ਸ਼ੇਰ ਸਿੰਘ ਸਰਬ ਸੁਖਦਾਇਆ ।   ੧੩ ਵਿਸਾਖ ੨੦੦੮ ਬਿ



੩੧੬

ਚਰਨ ਕਵਲ ਪ੍ਰਭ ਰਾਖੋ ਪ੍ਰੀਤ ।
ਗੁਰ ਪੂਰਾ ਹੈ ਠਾਂਡਾ ਸੀਤ ।



ਸਦਾ ਅਡੋਲ ਸਦਾ ਅਤੀਤ ।
ਸੋਹੰ ਸ਼ਬਦ ਜਗਤ ਹੈ ਜੀਤ ।
ਝੂਠਾ ਸੰਸਾਰ ਬਾਲੂ ਦੀ ਭੀਤ ।
ਮਹਾਰਾਜ ਸ਼ੇਰ ਸਿੰਘ ਪਤਿਤ ਪੁਨੀਤ । ੨੧ ਵਸਾਖ ੨੦੦੭ ਬਿ

✪ ੩੧੭ ✪

ਚਰਨ ਧੂੜ ਮਸਤਕ ਲਾਓ ।
ਸਾਚੇ ਲੇਖ ਪ੍ਰਭ ਦਰ ਲਿਖਾਓ ।
ਝੂਠਾ ਭੇਖ ਜਗਤ ਤਜਾਓ ।
ਵੇਖਾ ਵੇਖ ਨਾ ਪ੍ਰਭ ਭੁਲਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਭਰਮ ਭੁਲੇਖੇ ਭੁਲ ਨਾ ਜਾਓ । ੨੩ ਸਾਵਣ ੨੦੦੯ ਬਿ

✪ ੩੧੮ ✪

ਚਰਨ ਧੂੜ ਮਸਤਕ ਲਾਓ ।
ਪੂਰਬ ਲਹਿਣਾ ਪ੍ਰਭ ਦਰ ਪਾਓ ।
ਸੋਹੰ ਗਹਿਣਾ ਆਤਮ ਕੰਠ ਜੜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਆਪ ਆਪਣੇ ਵਿਚੋਂ ਪਾਓ । ੨੪ ਸਾਵਣ ੨੦੦੯ ਬਿ



✪ ੩੧੯ ✪

ਚਰਨ ਧੂੜੀ ਸਾਚੀ ਨਹਾਓ ।
ਸੋਹੰ ਸ਼ਬਦ ਰਸਨਾ ਗਾਓ ।
ਪਰਮ ਪੁਰਖ ਪਤਿਪਰਮੇਸ਼ਵਰ,
ਪ੍ਰਭ ਅਬਿਨਾਸ਼ੀ ਸਾਚਾ ਪਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਘਰ ਜਾਏ ਭੁੱਲ ਨਾ ਜਾਓ ।

✪ ੩੨੦ ✪

ਚਰਨ ਪਿਆਰ ਦੇਵੇ ਤਾਰ ।
ਆਏ ਨਾ ਹਾਰ ਖਾਏ ਨਾ ਮਾਰ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ
ਗੁਰਮੁਖ ਬੇੜਾ ਕਰ ਜਾਏ ਪਾਰ । ੬ ਜੇਠ ੨੦੦੯ ਬਿ



✪ ✪



੩੨੧

ਚਰਨ ਪ੍ਰੀਤੀ ਦਾਨ ਦੇ,
ਢਹਿ ਪਿਆ ਦਵਾਰੇ ।
ਦਰ ਆਏ ਸਾਚਾ ਮਾਣ ਦੇ,
ਹੋਏ ਦਰਸ ਅਪਾਰੇ ।
ਪ੍ਰਭ ਪੂਰਨ ਬ੍ਰਹਮ ਗਿਆਨ ਦੇ,
ਆਤਮ ਦੀਪ ਹੋਏ ਉਜਿਆਰੇ ।
ਗੁਰ ਚਰਨ ਪ੍ਰਭ ਸਾਚਾ ਧਿਆਨ ਦੇ,
ਸੀਸ ਝੁਕੇ ਤੇਰੇ ਦਰਬਾਰੇ ।
ਸੋਹੰ ਸ਼ਬਦ ਧੁਨ ਵਿਚ ਕਾਨ ਦੇ,
ਅਨਹਦ ਵੱਜੇ ਵਿਚ ਦੇਹ ਅੰਧਿਆਰੇ ।
ਸੋਹੰ ਨਾਮ ਸਚ ਪਹਿਨਾਣ ਖਾਣ ਦੇ ।
ਏਕ ਏਕ ਹੋਏ ਪ੍ਰਭ ਚਰਨ ਦਵਾਰੇ ।
ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ,
ਕਰ ਕਿਰਪਾ ਗੁਰਸਿਖ ਤਾਰ ਦੇ । ੧੨ ਵਿਸਾਖ ੨੦੦੮ ਬਿ



੩੨੨

ਚਰਨ ਲਾਏ ਰੱਖੇ ਲਾਜ ।
ਭਗਤ ਉਧਾਰੇ ਸਵਾਰੇ ਕਾਜ ।
ਝੂਠੀ ਸ੍ਰਿਸ਼ਟ ਝੂਠੀ ਸਾਂਝ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਪਹਿਨਾਵੇ ਆਤਮ ਤਾਜ । ੧੭ ਚੇਤ ੨੦੦੯ ਬਿ

੩੨੩

ਚਰਨ ਲਾਗ ਮਿਲੇ ਵਡਿਆਈ ।
ਪ੍ਰਭ ਅਬਿਨਾਸ਼ੀ ਕਲ ਹੋਏ ਸਹਾਈ ।
ਵਡ ਰਾਜਨ ਰਾਜ ਸੱਚਾ ਪਾਤਸ਼ਾਹੀ ।
ਪ੍ਰਭ ਭਾਗਨ ਭਾਗ, ਵਸੇ ਸਭ ਥਾਈਂ ।
ਸੇਜ ਬਾਸ਼ਕ ਨਾਗ, ਲਛਮੀ ਚਰਨ ਝਸਾਈ ।
ਪਰਗਟ ਜੋਤ ਨਿਹਕਲੰਕ,
ਵਿਚ ਮਾਤ ਦੇ ਆਈ ।
ਆਵਣ ਗਵਣ ਕਿਸ ਬੂਝ ਨਾ ਪਾਈ ।
ਜਨਮ ਭਰਮ ਵਿਚ ਲਿਆ ਗਵਾਈ ।



ਗੁਰਸਿਖ ਪੂਰੇ ਤੇਰੀ ਧੰਨ ਕਮਾਈ ।
ਪਰਗਟ ਹੋ ਕੇ ਪ੍ਰਭ ਅਬਿਨਾਸ਼ੇ,
ਸਿੰਘ ਦਲੀਪ ਤੇਰੀ ਪੈਜ ਰਖਾਈ ।

੧੧੧



ਤੇਰਾ ਨਾਮ ਨਾ ਕਦੇ ਵਿਨਾਸੇ,
ਜੁਗ ਚਾਰ ਸਰਬ ਜਸ ਗਾਈ ।
ਸਾਚਾ ਸਾਹਿਬ ਸਦਾ ਹੈ ਪਾਸੇ,
ਜਿਸ ਨੇ ਤੇਰੀ ਬਣਤ ਬਣਾਈ ।
ਆਤਮ ਵੇਖ ਜਿਥੇ ਪ੍ਰਭ ਵਾਸੇ,
ਜਿਸ ਨੇ ਸਾਚੀ ਬੂਝ ਬੁਝਾਈ ।
ਸਾਚਾ ਸ਼ਬਦ ਦੇ ਧਰਵਾਸੇ,
ਅੰਤਕਾਲ ਗੁਰਸਿਖ ਡੋਲ ਨਾ ਜਾਈ ।
ਮਹਾਰਾਜ ਸ਼ੇਰ ਸਿੰਘ ਜਨ ਤੇਰੇ ਦਾਸੇ,
ਸਰਨ ਪੜੇ ਕੀ ਲਾਜ ਰਖਾਈ । ੧੩ ਵਿਸਾਖ ੨੦੦੮ ਬਿ

✪ ੩੨੪ ✪

ਚਰਨੀ ਸੀਸ ਨਿਵਾਈ ਜਾ ।
ਰਸਨਾ ਨਾਲ ਗਾਈ ਜਾ ।
ਹਿਰਦੇ ਵਿਚ ਵਸਾਈ ਜਾ ।
ਹਉਮੇ ਰੋਗ ਗੁਵਾਈ ਜਾ ।
ਆਤਮ ਜੋਤ ਜਗਾਈ ਜਾ ।
ਅਗਿਆਨ ਅੰਧੇਰ ਮਿਟਾਈ ਜਾ ।
ਸਵਛ ਸਰੂਪੀ ਪ੍ਰਗਟ ਹੋਇਆ,
ਦਰ ਘਰ ਸਾਚੇ ਦਰਸ਼ਨ ਪਾਈ ਜਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਰਸਨਾ ਨਾਲ ਧਿਆਈ ਜਾ । ੧੩ ਚੇਤ ੨੦੧੧ ਬਿ



✪ ੩੨੫ ✪

ਚਾਰ ਕੁੰਟ ਹੋਏ ਜੈ ਜੈਕਾਰਾ ।
ਨਿਹਕਲੰਕ ਲਿਆ ਅਵਤਾਰਾ ।
ਜੋਤ ਸਰੂਪੀ ਖੇਲ ਅਪਾਰਾ ।
ਭੇਵ ਨਾ ਪਾਏ ਜੀਵ ਮੂਰਖ ਮੁਗਧ ਗਵਾਰਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਗੁਰਮੁਖਾਂ ਖੁਲ੍ਹਾਏ ਦਸਮ ਦਵਾਰਾ । ੧ ਮਾਘ ੨੦੦੯ ਬਿ

✪ ੩੨੬ ✪



ਚਿੰਤਾ ਗ਼ਮ ਨਾ ਰਹੇ ਹਰਖ,
ਸੋਗ ਵਿਚ ਨਾ ਕੋਇ ਸਮਾਈਆ ।
ਨਿਰਗੁਣ ਧਾਰ ਦੇਣਾ ਦਰਸ,
ਜੋਤੀ ਜੋਤ ਡਗਮਗਾਈਆ ।



ਭਗਤਾਂ ਉਪਰ ਕਰਨਾ ਤਰਸ,
ਮਿਹਰਵਾਨ ਹੋਣਾ ਸਹਾਈਆ ।
ਬੇਨੰਤੀ ਮਨਜ਼ੂਰ ਕਰਨੀ ਅਰਜ਼,
ਆਰਜ਼ੂ ਤੇਰੇ ਅੱਗੇ ਟਿਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਨਿਰਗੁਣ ਧਾਰ ਆਉਣਾ ਪਰਤ,
ਪਤਿਪਰਮੇਸ਼ਵਰ ਬੇਪਰਵਾਹੀਆ ।    ੧ ਚੇਤ ਸ਼ ਸੰ ੩

✪ ੩੨੭ ✪

ਚੋਜੀ ਚੋਜ ਆਪ ਪ੍ਰਭ ।
ਕਲਜੁਗ ਜੀਵ ਭੁਲਾਏ ਸਭ ।
ਗੁਰਸਿਖਾਂ ਪ੍ਰਭ ਲਿਆ ਲੱਭ ।
ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ ।
ਨਾ ਜਾਏ ਕਿਤੇ ਦਬ ।    ੨੬ ਚੇਤ ੨੦੦੮ ਬਿ



✪ ੩੨੮ ✪

ਜਗਤ ਜੰਜਾਲਾ ਝੂਠਾ ਨਾਤਾ ।
ਗੁਰ ਗੋਪਾਲਾ ਪਿਤਾ ਮਾਤਾ ।
ਕਰੇ ਪ੍ਰਿਤਪਾਲਾ ਦਿਵਸ ਰਾਤਾ ।
ਤੋੜੇ ਜਗਤ ਜੰਜਾਲਾ,
ਬੈਠਾ ਰਹੇ ਇਕ ਇਕਾਂਤਾ ।
ਜੋਤੀ ਜੋਤ ਅਕਾਲ ਅਕਾਲਾ,
ਚਰਨ ਪ੍ਰੀਤੀ ਦੱਸੇ ਨਾਤਾ ।
ਸ਼ਬਦ ਸਰੂਪੀ ਵੱਜੇ ਤਾਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਆਤਮ ਬੈਠਾ ਮਾਰੇ ਝਾਤਾ ।    ੨੮ ਕੱਤਕ ੨੦੧੧ ਬਿ

✪ ੩੨੯ ✪

ਜਨ ਭਗਤ ਸੁਹੇਲਿਓ ਤੁਹਾਡਾ ਵਖਰਾ ਪੰਥ,
ਪਸ਼ੂ ਪੰਛੀ ਰਹੇ ਜਸ ਗਾਈਆ ।
ਤੁਹਾਡਾ ਪੁਰਖ ਅਕਾਲ ਇਕੋ ਕੰਤ,
ਜਿਸ ਦਾ ਅੱਖਰ ਸਮਝ ਕਿਸੇ ਨਾ ਆਈਆ ।
ਤੁਹਾਡੀ ਕਾਇਆ ਮੰਦਰ ਅੰਦਰ ਵੱਜਦਾ ਸੰਖ,
ਧੁਨ ਆਪਣਾ ਰਾਗ ਸ਼ਨਵਾਈਆ ।
ਤੁਹਾਡੀ ਮਹਿੰਮਾ ਸਦਾ ਅਗਣਤ,





੧੧੩

ਬੇਅੰਤ ਰਿਹਾ ਗਿਣਾਈਆ ।
ਤੁਸਾਂ ਢੋਲਾ ਪੜ੍ਹਨਾ ਸੋਹੰ ਮੰਤ,
ਦੂਜੀ ਲੋੜ ਰਹੀ ਨਾ ਰਾਈਆ ।
ਸੁਰਤ ਸਵਾਣੀ ਸ਼ਬਦ ਹਾਣੀ ਮਿਲਿਆ ਕੰਤ,
ਕੰਤੂਹਲ ਖ਼ੁਸ਼ੀ ਮਨਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਧੁਰ ਦਾ ਲੇਖਾ ਦਏ ਲਿਖਾਈਆ । ੨੭ ਪੋਹ ੨੦੨੧ ਬਿ

੩੩੦

ਜਨ ਭਗਤ ਸਦ ਤਕਦੇ ਰਾਹ,
ਜੁਗਾ ਜੁਗੰਤਰ ਧਿਆਨ ਲਗਾਈਆ ।
ਕਵਲ ਵੇਲਾ ਪ੍ਰਭ ਮਿਲੇ ਮਲਾਹ,
ਪਤਿਪਰਮੇਸ਼ਵਰ ਹੋਏ ਸਹਾਈਆ ।
ਡੁਬਦੇ ਪਾਹਨ ਲਏ ਤਰਾ,
ਪਾਬਰ ਆਪਣੇ ਕੰਧ ਉਠਾਈਆ ।
ਸਾਚਾ ਮਾਰਗ ਦਏ ਵਖਾ,
ਰਹਿਬਰ ਧੁਰ ਦਾ ਫੇਰਾ ਪਾਈਆ ।
ਜਨਮ ਕਰਮ ਦੇ ਰੋਗ ਦਏ ਗਵਾ,
ਮਮਤਾ ਮੋਹ ਮਿਟਾਈਆ ।
ਜਮ ਕੀ ਫਾਸੀ ਦਏ ਤੁੜਾ,
ਲੱਖ ਚੁਰਾਸੀ ਗੇੜ ਕਟਾਈਆ ।
ਸ਼ਬਦ ਅਨਾਦੀ ਦਏ ਸੁਣਾ,
ਧੁਰ ਦਾ ਰਾਗ ਸਮਝਾਈਆ ।
ਕਾਇਆ ਮੰਦਰ ਕਰੇ ਰੁਸ਼ਨਾ,
ਸਾਢੇ ਤਿੰਨ ਹੱਥ ਸੋਭਾ ਪਾਈਆ ।
ਸੁਰਤੀ ਸ਼ਬਦੀ ਦਏ ਮਿਲਾ,
ਆਪਣਾ ਰੰਗ ਰੰਗਾਈਆ ।
ਆਤਮ ਸੇਜਾ ਦਏ ਸੁਹਾ,
ਸੋਹਣੀ ਬਣਤ ਬਣਾਈਆ ।
ਆਤਮ ਪਰਮਾਤਮ ਇਕੋ ਘਰ ਦਏ ਵਸਾ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਨ ਭਗਤਾਂ ਦਏ ਵਡਿਆਈਆ । ੨੨ ਜੇਠ ੨੦੨੧ ਬਿ







੩੩੧

ਜਨ ਭਗਤ ਸੂਫੀ ਸੰਤ ਕਹਿਣ
ਪ੍ਰਭ ਤੇਰਾ ਨਾਤਾ ਗਿਆ ਟੁਟ,
ਟੁੱਟਿਆਂ ਗੰਢ ਨਾ ਕੋਇ ਪੁਆਈਆ ।
ਅੰਤਰ ਲਿਵ ਸਭ ਦੀ ਗਈ ਛੁਟ,
ਛੁਟਕੀ ਲਿਵ ਨਾ ਕੋਇ ਜੁੜਾਈਆ ।
ਅੰਮ੍ਰਿਤ ਜਾਮ ਮਿਲੇ ਨਾ ਕੋਇ ਘੁਟ,
ਅੰਮਿਉਂ ਰਸ ਨਾ ਕੋਇ ਚਖਾਈਆ ।
ਕਿਰਪਾ ਕਰ ਅਬਿਨਾਸ਼ੀ ਅਚੁਤ,
ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ ।
ਕਲਜੁਗ ਕੂੜੀ ਕਿਰਿਆ ਬਦਲ ਦੇ ਰੁਤ,
ਸਤਿਜੁਗ ਸਾਚੀ ਰੁਤ ਦੇ ਮਹਿਕਾਈਆ ।
ਉਜਲ ਕਰ ਜੀਵਾਂ ਮੁਖ,
ਦੁਰਮਤ ਮੈਲ ਧੁਆਈਆ ।
ਆਪਣੇ ਨਾਮ ਦਾ ਬਖ਼ਸ਼ੀ ਸੁਖ,
ਚਰਨ ਪ੍ਰੀਤੀ ਇਕ ਸਰਨਾਈਆ ।



ਉਲਟਾ ਰਹੇ ਗਰਭ ਨਾ ਰੁਖ,
ਨੌਂ ਅਠਾਰਾਂ ਦਾ ਗੇੜ ਚੁਕਾਈਆ ।
ਤੇਰਾ ਮਾਨਵ ਬੂਟਾ ਰਿਹਾ ਸੁਕ,
ਹਰਿਆ ਸਿੰਚ ਨਾ ਕੋਇ ਕਰਾਈਆ ।
ਨਿਰਗੁਣ ਧਾਰ ਆ ਕੇ ਪੁਛ,
ਨਿਰਵੈਰ ਹੋ ਕੇ ਵੇਖ ਵਖਾਈਆ ।
ਗਰੀਬ ਨਿਮਾਣਿਆਂ ਗੋਦੀ ਚੁਕ,
ਕੋੜਿਆਂ ਕਮਲਿਆਂ ਗਲੇ ਲਗਾਈਆ ।
ਅਪਰਾਧੀ ਰਹੇ ਕੋਇ ਨਾ ਸੁਤ,
ਸੁੱਤ ਦੁਲਾਰੇ ਲੈ ਅਪਣਾਈਆ ।
ਭਾਗ ਲਗਾ ਦੇ ਕਾਇਆ ਬੁਤ,
ਪੰਜ ਤਤ ਵੱਜੇ ਵਧਾਈਆ ।
ਮਿਹਰਵਾਨ ਮਿਹਰਵਾਨ ਹੋ ਕੇ ਉਠ,
ਮਿਹਰ ਨਜ਼ਰ ਟਿਕਾਈਆ ।
ਭਗਤਾਂ ਸੰਤਾਂ ਉਤੇ ਤੁਠ,
ਗੁਰਮੁਖ ਆਪਣੇ ਘਰ ਵਸਾਈਆ ।



ਅੰਤਮ ਤੇਰੀ ਸਭ ਨੂੰ ਓਟ,
ਓੜਕ ਤੇਰੀ ਆਸ ਰਖਾਈਆ ।
ਸੁਰਤ ਸ਼ਬਦ ਲਗਾ ਦੇ ਚੋਟ,
ਚੋਟੀ ਚੜ੍ਹ ਕੇ ਲੈ ਜਗਾਈਆ ।



ਹਉਮੇ ਅੰਦਰੋਂ ਕੱਢ ਦੇ ਖੋਟ,
ਖੋਟੇ ਖਰੇ ਆਪ ਬਣਾਈਆ ।
ਤੈਨੂੰ ਲੱਭਦੇ ਕੋਟੀ ਕੋਟ,
ਖੋਜਿਆਂ ਹੱਥ ਕਿਸੇ ਨਾ ਆਈਆ ।
ਕਰ ਪਰਕਾਸ਼ ਨਿਰਮਲ ਜੋਤ,
ਜੋਤੀ ਜਾਤੇ ਪੜਦਾ ਦੇਣਾ ਉਠਾਈਆ ।
ਝਗੜਾ ਰਹੇ ਨਾ ਵਰਨ ਗੋਤ,
ਦੀਨ ਮਜ਼੍ਹਬ ਨਾ ਕੋਇ ਲੜਾਈਆ ।
ਕੂੜੀ ਕਿਰਿਆ ਕੱਢ ਦੇ ਸੋਚ,
ਸਮਝ ਆਪਣੇ ਨਾਲ ਰਖਾਈਆ ।
ਸਚ ਪ੍ਰੀਤੀ ਬਖ਼ਸ਼ ਦੇ ਜੋਗ,
ਜੋਗੀਸ਼ਰ ਹੋਣਾ ਸਹਾਈਆ ।
ਹਉਮੇ ਹੰਗਤਾ ਕਟ ਦੇ ਰੋਗ,
ਸੁਖ ਸਾਗਰ ਵਿਚ ਸਮਾਈਆ ।
ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੇ ਦੇ ਚੋਗ,
ਚੁਗਲੀ ਨਿੰਦਿਆ ਤੋਂ ਬਾਹਰ ਰਖਾਈਆ ।



ਆਤਮ ਰਸ ਬਖ਼ਸ਼ ਭੋਗ,
ਭਸਮੜ ਆਪਣਾ ਮੇਲ ਮਿਲਾਈਆ ।
ਕਲਜੁਗ ਅੰਤਮ ਕਰ ਸੰਜੋਗ,
ਵਿਯੋਗ ਦਾ ਲੇਖਾ ਰਹੇ ਨਾ ਰਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਭਾਗ ਲਗਾ ਦੇ ਕਾਇਆ ਬੰਕ ਕੋਟ,
ਦਰ ਦਵਾਰਾ ਏਕੰਕਾਰਾ ਇਕੋ ਇਕ ਸੁਹਾਈਆ । ੨੧ ਫੱਗਣ ਸ਼ ਸੰ ੬

## ੩੩੨

ਜਨ ਭਗਤ ਕਹਿਣ ਇਕ ਮੰਗੀਏ ਤੇਰਾ ਦਰਸ,
ਦੂਜਾ ਇਸ਼ਟ ਨਾ ਕੋਇ ਮਨਾਈਆ ।
ਕਿਰਪਾਲ ਦਿਆਲੂ ਹੋ ਕੇ ਕਰਨਾ ਤਰਸ,
ਮਿਹਰ ਨਜ਼ਰ ਨਾਲ ਪਾਰ ਕਰਾਈਆ ।



ਤੇਰੇ ਹੁਕਮੇ ਅੰਦਰ ਆ ਗਏ ਉਪਰ ਫ਼ਰਸ਼,
ਧਰਨੀ ਧਰਤ ਧਵਲ ਡੇਰਾ ਲਾਈਆ ।
ਸਾਡੀ ਮਨਜ਼ੂਰ ਕਰ ਅਰਜ਼,

੧੧੬



ਬੇਨੰਤੀ ਦਿਤੀ ਸੁਣਾਈਆ ।
ਜਨਮ ਜਨਮ ਦਾ ਵੰਡ ਦਰਦ,
ਦੁਖੀਆਂ ਦਾ ਦੁਖ ਗਵਾਈਆ ।
ਪੱਲੇ ਨਾਮ ਦਾਮ ਨਹੀਂ ਖਰਚ,
ਖਾਲੀ ਝੋਲੀ ਦੇਣੀ ਭਰਾਈਆ ।
ਤੈਨੂੰ ਲੱਭਦੇ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਚਰਚ,
ਚਰਚਾ ਕਰੇ ਸਾਰੀ ਲੋਕਾਈਆ ।
ਤੇਰਾ ਨੂਰ ਤੱਕਣਾ ਚਾਹੁੰਦੇ ਅਸਚਰਜ,
ਸਤਿ ਸਰੂਪ ਸੋਭਾ ਪਾਈਆ ।
ਜੇ ਭਗਤਾਂ ਕਾਰਨ ਆਇਉਂ ਪਰਤ,
ਪਰਤਾਪ ਭਗਤਾਂ ਦੇ ਬਣਾਈਆ ।
ਅਸੀਂ ਚਾਰ ਜੁਗ ਦੇ ਨਾਮਾ ਦਾ ਰਖਦੇ ਬਰਤ,
ਰਸ ਭੋਗ ਇਕੋ ਨਾਮ ਤੇਰਾ ਖਾਈਆ ।
ਪੂਰਬ ਲਹਿਣੇ ਦੀ ਵੇਖ ਫਰਦ,
ਲੇਖਾ ਪਿਛਲਾ ਖੋਜ ਖੁਜਾਈਆ ।
ਜੁਗ ਚੌਕੜੀ ਦੇਹਿ ਜ਼ਰਬ,



ਅਗਲਾ ਜੋੜ ਲੈਣਾ ਕਰਾਈਆ ।
ਤੇਰੀ ਜਿਸ ਧਾਰ ਨੂੰ ਲੱਭ ਨਾ ਸਕਣ ਅਰਬ ਖਰਬ,
ਤੇਰੀ ਖ਼ਬਰ ਸੁਣ ਕੇ ਬੇਖ਼ਬਰ ਖ਼ੁਸ਼ੀ ਮਨਾਈਆ ।
ਹੰਕਾਰ ਵਿਕਾਰ ਛੱਡਿਆ ਦਰਭ,
ਦੀਨ ਦੁਨੀ ਦਿਤੀ ਤਜਾਈਆ ।
ਦਰ ਠਾਂਡੇ ਕਰਕੇ ਅਰਜ਼,
ਸੀਸ ਦਿਤਾ ਝੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਡਾ ਲੇਖਾ ਦੇਣਾ ਮੁਕਾਈਆ । ੬ ਕੱਤਕ ਸ਼ ਸੰ ੨

੩੩੩

ਜਨ ਭਗਤ ਕਹਿਣ ਪ੍ਰਭ
ਤਨ ਮਾਟੀ ਖਾਕੀ ਮੇਟ ਦੇ ਦਰਦ,
ਦੁਖੀਆਂ ਦਰਦ ਵੰਡਾਈਆ ।



ਸਾਹਿਬ ਤੇਰਾ ਹੋਣਾ ਕੇਹੜਾ ਹਰਜ਼,
ਹਰ ਹਿਰਦੇ ਕਰ ਸਫਾਈਆ ।
ਤੂੰ ਜੋਧਾ ਸੂਰਬੀਰ ਮਰਦਾਨਾ ਮਰਦ,
ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।
ਆਦਿ ਜੁਗਾਦਿ ਜੁਗ ਚੌਕੜੀ



ਜਨ ਭਗਤ ਤੇਰੀ ਲੋੜਦੇ ਮਦਦ,
ਨਿਤ ਨਵਿਤ ਧਿਆਨ ਲਗਾਈਆ ।
ਕੂੜ ਕਲਪਨਾ ਕੱਢ ਤਸ਼ੱਦਦ,
ਹਮ ਦਰਦ ਆਪਣੇ ਲੈ ਬਣਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਦਰ ਤੇਰੇ ਅਲਖ ਜਗਾਈਆ । ੪ ਚੇਤ ਸ਼ ਸੰ ੫

✪ ੩੩੪ ✪

ਜਨ ਭਗਤ ਕਹਿਣ ਪ੍ਰਭ ਮੇਟ ਅੰਧੇਰਾ ਅੰਧ,
ਅੰਧ ਅਗਿਆਨ ਦੇ ਗਵਾਈਆ ।
ਕਰ ਪਰਕਾਸ਼ ਅਗੰਮੀ ਚੰਦ,
ਨਿਰਗੁਣ ਜੋਤ ਜੋਤ ਰੁਸ਼ਨਾਈਆ ।
ਹਉਮੇ ਹੰਗਤਾ ਢਾਹ ਦੇ ਕੰਧ,
ਭਾਂਡਾ ਭਰਮ ਭੌ ਭੰਨਾਈਆ ।



ਅੰਤਰ ਆਤਮ ਦੇ ਅਨੰਦ,
ਅਨੰਦ ਅਨੰਦ ਵਿਚੋਂ ਵਖਾਈਆ ।
ਸਤਿ ਸਰੂਪ ਪਾ ਠੰਡ,
ਅਗਨੀ ਅੱਗ ਦੇ ਬੁਝਾਈਆ ।
ਤੂੰ ਮੇਰਾ ਮੈਂ ਤੇਰਾ ਗਾਈਏ ਛੰਦ,
ਸੰਸਾ ਰੋਗ ਰਹੇ ਨਾ ਰਾਈਆ ।
ਜਨਮ ਜਨਮ ਦਾ ਮੇਟਣਾ ਪੰਧ,
ਪਾਂਧੀ ਸਫ਼ਰ ਨਾ ਕੋਇ ਭਵਾਈਆ ।
ਜੁਗ ਜਨਮ ਦੀ ਟੁੱਟੀ ਲੈਣੀ ਗੰਢ,
ਗੰਢਣਹਾਰ ਗੋਪਾਲ ਸਵਾਮੀ ਆਪਣਾ ਜੋੜ ਜੁੜਾਈਆ ।
ਤੇਰੀ ਧਾਰ ਹੋਵੇ ਨਾ ਰੰਡ,
ਸੁਹਾਗਣ ਕੰਤ ਕੰਤੂਹਲ ਲੈਣੀ ਅਪਣਾਈਆ ।
ਅੰਮ੍ਰਿਤ ਧਾਰ ਨੀਰ ਵਹਾਉਣਾ ਗੰਗ,
ਸੀਰ ਸਾਗਰ ਇਕ ਪਰਗਟਾਈਆ ।
ਜਗਤ ਜਹਾਨ ਜਾਈਏ ਲੰਘ,
ਅਗੇ ਹੋ ਨਾ ਕੋਇ ਅਟਕਾਈਆ ।



ਆਤਮ ਸੇਜ ਸੁਹਾਉਣੀ ਪਲੰਘ,
ਸਚ ਸਿੰਘਾਸਣ ਡੇਰਾ ਲਾਈਆ ।
ਨਾਮ ਸ਼ਬਦ ਵਜਾਉਣਾ ਮਰਦੰਗ,
ਨਾਦ ਅਨਾਦੀ ਆਪ ਪਰਗਟਾਈਆ ।



ਦਰ ਠਾਂਡੇ ਮੰਗੀ ਮੰਗ,
ਮਾਂਗਤ ਹੋ ਕੇ ਝੋਲੀ ਡਾਹੀਆ ।
ਕਲਜੁਗ ਅੰਤਮ ਸਾਰੇ ਆਸਾਵੰਦ,
ਖਾਹਿਸ਼ ਤਮੰਨਾ ਤੇਰੇ ਅੱਗੇ ਰਖਾਈਆ ।
ਤੇਰੇ ਹੁਕਮ ਦੇ ਰਹੀਏ ਪਾਬੰਦ,
ਬੰਦਨਾ ਵਿਚ ਸੀਸ ਨਿਵਾਈਆ ।
ਮਾਨਸ ਜਨਮ ਨਾ ਹੋਵੇ ਭੰਗ,
ਰਾਏ ਧਰਮ ਨਾ ਦਏ ਸਜ਼ਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਦਰ ਠਾਂਡੇ ਆਸ ਰਖਾਈਆ । ੨੦ ਫੱਗਣ ਸ਼ ਸੰ ੬

✪ ੩੩੫ ✪



ਜਨ ਭਗਤ ਕਹੇ ਪ੍ਰਭ ਸਾਚਾ ਦਰਸ,
ਦਰ ਠਾਂਡੇ ਨਜ਼ਰੀ ਆਈਆ ।
ਪੂਰਬ ਜਨਮ ਦੀ ਮਿਟੇ ਹਰਸ,
ਹਵਸ ਨਾ ਕੋਇ ਵਧਾਈਆ ।
ਕਿਰਪਾਲ ਹੋ ਕੇ ਕਰਨਾ ਤਰਸ,
ਕਿਰਪਨ ਲੈਣਾ ਤਰਾਈਆ ।
ਆਤਮ ਪਰਮਾਤਮ ਰਹੀ ਤੜਪ,
ਅਠੇ ਪਹਿਰ ਧਿਆਨ ਲਗਾਈਆ ।
ਸਚ ਦਵਾਰੇ ਆਉਣਾ ਪਰਤ,
ਪਤਿ ਪਰਮੇਸ਼ਵਰ ਫੇਰਾ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਣੀ ਸਚ ਵਡਿਆਈਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਤੁਧ ਬਿਨ ਸਹਾਇਕ ਨਜ਼ਰ ਕੋਇ ਨਾ ਆਈਆ । ੨੨ ਜੇਠ ੨੦੨੧ ਬਿ

✪ ੩੩੬ ✪



ਜਨ ਭਗਤ ਕਹੇ ਪ੍ਰਭ ਤੇਰਾ ਇਸ਼ਕ ਆਰਜ਼ੀ,
ਸੁਣਿਆ ਵਿਚ ਲੋਕਾਈਆ ।
ਤੂੰ ਕਲਮਾ ਦੱਸਿਆ ਵਿਚ ਫਾਰਸੀ,
ਅਰਬੀ ਨਾਲ ਕੁੜਮਾਈਆ ।
ਤੂੰ ਮੰਦਰਾਂ ਵਿਚ ਦੱਸੀ ਆਰਤੀ,



ਸ਼ਿਵਦਵਾਲਿਆਂ ਵਿਚ ਹਵਨ ਕਰਾਈਆ ।
ਤੂੰ ਨਾਮ ਨਿਧਾਨਾ ਲਿਖਿਆ ਇਬਾਰਤੀ,
ਨਾਤਾ ਜੋੜ ਕਲਮ ਸ਼ਾਹੀਆ ।
ਤੂੰ ਗੁਰ ਅਵਤਾਰਾਂ ਦੇ ਰੂਪ ਵਿਚ ਬਣਿਆ ਰਿਹੋਂ ਸਿਫਾਰਸ਼ੀ,
ਥੋੜੇ ਥੋੜੇ ਆਪਣੇ ਨਾਲ ਜੁੜਾਈਆ ।
ਤੂੰ ਪੈਸਿਆਂ ਟਕਿਆਂ ਵਿਚ ਬਣਿਆ ਰਿਹੋਂ ਆੜ੍ਹਤੀ,
ਆਪਣਾ ਹੱਟ ਬਣਾਈਆ ।
ਦੀਨ ਮਜ਼੍ਹਬ ਤੇਰੀ ਖੇਲ ਵੇਖੀ ਧਾਰ ਦੀ,
ਜ਼ਾਤ ਪਾਤ ਕਰੇ ਲੜਾਈਆ ।
ਸਚ ਪੁੱਛੇ ਤੇਰੀ ਖੇਲ
ਪੰਜ ਤਤ ਕਾਇਆ ਇਹੋ ਆਈ ਸਾੜਦੀ,
ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸਮਝਾਈਆ ।
ਤੇਰੇ ਹੱਥ ਰਮਜ਼ ਨਾੜ ਨਾੜ ਦੀ,
ਕਿਉਂ ਸ਼ਮਸ ਪੁੱਠੀ ਖੱਲ ਲੁਹਾਈਆ ।
ਇਹ ਪ੍ਰੀਤੀ ਬਣੀ ਸੋਹਣੇ ਯਾਰ ਦੀ,
ਤੱਤੀਆਂ ਤਵੀਆਂ ਉਤੇ ਬਹਾਈਆ ।



ਮਨਸੂਰ ਐਨਲ ਹੱਕ ਪੁਕਾਰ ਦੀ,
ਕੂਕਾਂ ਦੇ ਜਣਾਈਆ ।
ਅਸੀਂ ਮੰਗੀਏ ਪ੍ਰੀਤੀ ਉਹ ਪਿਆਰ ਦੀ,
ਘਰ ਬੈਠਿਆਂ ਨਜ਼ਰੀ ਆਈਆ ।
ਤੇਰੀ ਖੇਲ ਸ਼ਬਦ ਘਨਘਾਰ ਦੀ,
ਰਸਨਾ ਜਿਹਵਾ ਨਾ ਕੋਇ ਪੜ੍ਹਾਈਆ ।
ਮੰਜ਼ਲ ਉਤੋਂ ਤੇਰੀ ਮਾਸ਼ੂਕ ਕਦੀ ਨਾ ਹਾਰਦੀ,
ਮਹਿਬੂਬ ਵੇਖਾਂ ਚਾਈਂ ਚਾਈਂਆ ।
ਇਹ ਖੇਲ ਗੁਰਸਿਖ ਕੰਨਿਆ ਕਵਾਰ ਦੀ,
ਜਿਸ ਤੇਰੀ ਓਟ ਤਕਾਈਆ ।
ਵਾਟ ਨੇੜੇ ਵੇਖ ਧੁਰ ਦਰਬਾਰ ਦੀ,
ਭੱਜੀ ਆਈ ਚਾਈਂ ਚਾਈਂਆ ।
ਤੇਰੀ ਕਿਰਪਾ ਸਭ ਦੇ ਕਾਰਜ ਸਵਾਰ ਦੀ,
ਸੁਰਤ ਸੁਆਣੀ ਖ਼ੁਸ਼ੀਆਂ ਢੋਲਾ ਗਾਈਆ ।
ਇਹ ਸੰਗਤ ਭੁਖੀ ਤੇਰੇ ਦਰਸ ਦੀਦਾਰ ਦੀ,
ਦੁਖੀਆਂ ਦੁਖ ਦਰਦ ਰਿਹਾ ਵੰਡਾਈਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਇਕ ਭੁਖ ਤੇਰੇ ਸਚ ਪਿਆਰ ਦੀ,
ਪਿਆਰ ਵਿਚੋਂ ਸੁਖ ਆਤਮ ਨਜ਼ਰੀ ਆਈਆ । ੨੪ ਹਾੜ ੨੦੨੧ ਬਿ





✪ ੩੩੭ ✪

ਜਨ ਭਗਤ ਕਹੇ ਪ੍ਰਭ ਤੇਰੀ ਓਟ,
ਨਿਤ ਨਵਿਤ ਧਿਆਨ ਲਗਾਈਆ ।
ਨਾਮ ਨਗਾਰੇ ਲਾ ਚੋਟ,
ਸ਼ਬਦੀ ਡੰਕ ਵਜਾਈਆ ।
ਕੂੜੀ ਕਿਰਿਆ ਕਢ ਖੋਟ,
ਜੂਠ ਝੂਠ ਕਰ ਸਫਾਈਆ ।
ਸਚ ਪਰਕਾਸ਼ ਬਖ਼ਸ਼ ਨਿਰਮਲ ਜੋਤ,
ਨੂਰੋ ਨੂਰ ਨੂਰ ਰੁਸ਼ਨਾਈਆ ।
ਲੇਖਾ ਚੁਕੇ ਚਿੰਤਾ ਸੋਗ,
ਗ਼ਮੀ ਗ਼ਮ ਨਾ ਕੋਇ ਰਖਾਈਆ ।
ਤੇਰਾ ਨਾਮ ਸੰਦੇਸ਼ਾ ਸਤਿ ਸਲੋਕ,
ਸੋਈ ਸੁਰਤੀ ਲਏ ਉਠਾਈਆ ।
ਲਹਿਣਾ ਦੇਣਾ ਚੁਕਾਏ ਲੋਕ ਪਰਲੋਕ,
ਬਖ਼ਸ਼ੇ ਸਚ ਸਚੀ ਸਰਨਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਿਹਰਵਾਨ ਹੋ ਸਹਾਈਆ । ੭ ਸਾਵਣ ੨੦੨੧ ਬਿ

✪ ੩੩੮ ✪

ਜਨ ਭਗਤ ਕਹੇ ਮੈਂ ਤੇਰਾ ਬਰਦਾ,
ਬੰਦੀਖਾਨਾ ਦੇ ਤੁੜਾਈਆ ।
ਭੇਵ ਖੁਲ੍ਹਾ ਆਪਣੇ ਘਰ ਦਾ,
ਪੜਦਾ ਉਹਲਾ ਦੇ ਚੁਕਾਈਆ ।
ਅੰਮ੍ਰਿਤ ਜਾਮ ਪਿਆ ਅਗੰਮੀ ਸਰਦਾ,
ਰਸ ਰਸੀਏ ਦੇਹੁ ਚੁਆਈਆ ।
ਨਿਤ ਨਵਿਤ ਤੇਰੀ ਆਸਾ ਕਰਦਾ,
ਭਰਵਾਸਾ ਬਖ਼ਸ਼ ਸਚ ਸਰਨਾਈਆ ।
ਸਿਰ ਚਰਨ ਕਵਲਾ ਧਰਦਾ,
ਨੇਤਰ ਨੈਣਾਂ ਨੀਰ ਵਹਾਈਆ ।
ਬਿਰਹੋਂ ਵਿਛੋੜੇ ਅੰਦਰ ਮਰਦਾ,
ਜੀਵਨ ਤੇਰੀ ਝੋਲੀ ਪਾਈਆ ।
ਚਾਰ ਕੁੰਟ ਦਹਿ ਦਿਸ਼ਾ ਤੇਰਾ ਸਤਿ ਸਰੂਪ ਲੱਭਦਾ,



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਸਾਹਿਬ ਸਤਿਗੁਰ ਸਿਰ ਮੇਰੇ ਹੱਥ ਰਖਾਈਆ । ✪ ੧੮ ਮੱਘਰ ਸ਼ ਸ ੨



✪ ੩੩੯ ✪

ਜਨ ਭਗਤੋ ਆਪਣਾ ਹਿੱਸਾ ਲੈਣਾ ਭਾਗ,
ਜਨਮ ਜਨਮ ਦਾ ਪੂਰਬ ਲਹਿਣ ਚੁਕਾਈਆ ।
ਕਲਜੁਗ ਕੂੜੀ ਕਿਰਿਆ ਵਿਚੋਂ ਜਾਣਾ ਜਾਗ,
ਜਾਗਰਤ ਜੋਤ ਕਰ ਰੁਸ਼ਨਾਈਆ ।
ਤ੍ਰੈਗੁਣ ਤੱਤ ਬੁਝਾਉਣੀ ਆਗ,
ਅਗਨੀ ਤੱਤ ਨਾ ਲਾਗੇ ਰਾਈਆ ।
ਮਾਇਆ ਡੱਸਣੀ ਡੱਸੇ ਨਾ ਨਾਗ,
ਤ੍ਰਿਸਨਾ ਤ੍ਰਿਖਾ ਨਾ ਕੋਇ ਹਲਕਾਈਆ ।
ਗੁਰਮੁਖ ਹੰਸ ਬਣੋਂ ਨਾ ਕਾਗ,
ਕੂੜੀ ਕਿਰਿਆ ਬਾਹਰ ਕਢਾਈਆ ।
ਘਰ ਦੀਪਕ ਗ੍ਰਹਿ ਜੋਤ ਤੱਕੋ ਚਿਰਾਗ਼,
ਚਰਾਗਾਹਾਂ ਦਾ ਡੇਰਾ ਢਾਈਆ ।
ਮਨ ਮਨਸਾ ਛੱਡੋ ਸਮਾਜ,
ਬੁਧ ਬਿਬੇਕ ਬਣਾਈਆ ।



ਪੁਰਖ ਅਕਾਲ ਸਰਨਾਈ ਜਾਣਾ ਲਾਗ,
ਦੂਸਰ ਓਟ ਨਾ ਕੋਇ ਤਕਾਈਆ ।
ਅੰਤਰ ਨਿਰੰਤਰ ਰਹੇ ਨਾ ਵਾਦ ਵਿਵਾਦ,
ਵਿਖ ਅੰਮ੍ਰਿਤ ਰੂਪ ਬਣਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਸਚ ਵਸਤ ਨਾਮ ਵਰਤਾਈਆ । ੨ ਭਾਦਰੋਂ ਸ਼ ਸੰ ੭ ੬

✪ ੩੪੦ ✪

ਜਨ ਭਗਤੋ ਇਕੋ ਜਪਣਾ ਸੋਹੰ ਮੰਤ,
ਮੰਤਵ ਮਾਨਸ ਜਨਮ ਹੱਲ ਕਰਾਈਆ ।
ਧਰਮ ਦੀ ਧਾਰ ਬਣਨਾ ਸੰਤ,
ਸਤਿਗੁਰ ਸ਼ਬਦ ਵਿਚ ਸਮਾਈਆ ।
ਗੜ੍ਹ ਤੋੜਨਾ ਹਉਮੇ ਹੰਗਤ,
ਹੰ ਬ੍ਰਹਮ ਰੂਪ ਪਰਗਟਾਈਆ ।
ਸਚ ਦੀ ਧਾਰ ਬਣਨਾ ਪੰਡਤ,
ਬੁਧੀ ਤੋਂ ਪਰੇ ਬੋਧ ਕਰਾਈਆ ।



ਪੁਰਖ ਅਬਿਨਾਸ਼ੀ ਪਾਉਣਾ ਕੰਤ,
ਹਰਿ ਕਰਤਾ ਅਗੰਮ ਅਥਾਹੀਆ ।
ਮਾਨਸ ਜਨਮ ਬਣਾਉਣੀ ਬਣਤ,



ਸਚ ਸਚ ਰੰਗ ਰੰਗਾਈਆ ।
ਪੰਧ ਮੁਕਾਉਣਾ ਸਵਰਗ ਬਹਿਸ਼ਤ ਜੰਨਤ,
ਸਚਖੰਡ ਸਾਚੇ ਸੋਭਾ ਪਾਈਆ ।
ਜਿਥੇ ਮਿਲੇ ਸਾਹਿਬ ਭਗਵੰਤ,
ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ ।
ਜੋਤੀ ਜੋਤ ਸਮਾਉਣਾ ਅੰਤ,
ਅੰਤਸ਼ਕਰਨ ਦਾ ਲੇਖਾ ਦਏ ਮੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਸਾਚੀ ਸਿਖਿਆ ਇਕ ਦ੍ਰਿੜਾਈਆ । ੨੩ ਫੱਗਣ ਸ਼ ਸੰ ੬

✪ ੩੪੧ ✪

ਜਪੋ ਨਾਮ ਪ੍ਰਭ ਪ੍ਰਭ ਏਕ,
ਏਕੰਕਾਰ ਦ੍ਰਿੜਾਈਆ ।
ਸਤਿਜੁਗ ਸਾਚੀ ਬਖ਼ਸ਼ੇ ਏਕ,
ਟਿੱਕੇ ਮਸਤਕ ਧੂੜੀ ਲਾਈਆ ।



ਬੁਧ ਕਰੇ ਬਿਬੇਕ,
ਦੁਰਮਤ ਮੈਲ ਧਵਾਈਆ ।
ਤ੍ਰੈਗੁਣ ਮਾਇਆ ਨਾ ਲਾਏ ਸੇਕ,
ਅਗਨੀ ਤਤ ਬੁਝਾਈਆ ।
ਜਨਮ ਕਰਮ ਦੀ ਮੇਟ ਕੇ ਰੇਖ,
ਲੇਖਾ ਅਗਲਾ ਦਏ ਵਖਾਈਆ ।
ਸਚਖੰਡ ਜਣਾ ਕੇ ਅਗਲਾ ਦੇਸ,
ਪਿਛਲਾ ਖਹਿੜਾ ਦਏ ਛੁਡਾਈਆ ।
ਪ੍ਰਭ ਚਰਨ ਰਹੋ ਹਮੇਸ਼,
ਦਾਨੀ ਦਾਤੇ ਸੀਸ ਨਿਵਾਈਆ ।
ਜਿਥੋਂ ਗੁਰ ਅਵਤਾਰ ਪੈਗ਼ੰਬਰ ਰਿਹਾ ਭੇਜ,
ਭਗਤ ਭਗਵਾਨ ਲਏ ਪਰਗਟਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਚਾ ਮੇਲਾ ਲਏ ਮਿਲਾਈਆ । ੧ ਅੱਸੂ ਸ਼ ਸੰ ੪



✪ ੩੪੨ ✪

ਜਾਗਤ ਜਾਗਤ ਜਾਗਤ ਰੇ ਜਗ,
ਜਾਗਣ ਵੇਲਾ ਆਇਓ ਰੇ ।



ਭਾਗਤ ਭਾਗਤ ਭਾਗਤ ਰੇ ਜਗ,
ਚਾਰੋਂ ਕੁੰਟ ਵਕਤ ਦੁਹੇਲਾ ਰੇ ।
ਸਰਨਾਗਤ ਸਰਨਾਗਤ ਸਰਨਾਗਤ ਰੇ ਜਗ,
ਇਕ ਸਰਨਾਈ ਚਰਨ ਕਵਲਾ ਰੇ ।
ਮਾਂਗਤ ਮਾਂਗਤ ਮਾਂਗਤ ਰੇ ਜਗ,
ਨਾਮ ਨਿਧਾਨਾ ਉਪਰ ਧਵਲਾ ਰੇ ।
ਸਵਾਂਗੀ ਸਵਾਂਗ ਰਚੇ ਰਚਨਾਗਤ,
ਬੈਠਾ ਰਹੇ ਇਕ ਇਕੇਲਾ ਰੇ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਲੋਕਮਾਤ ਹਰਿ ਜੋਤ ਧਰ,
ਛੱਬੀ ਪੋਹ ਸੁਹਾਇਆ ਦਿਵਸ,
ਜਨ ਭਗਤ ਕਰਾਇਆ ਮੇਲਾ ਰੇ । ੨੬ ਪੋਹ ੨੦੧੨ ਬਿ

✪ ੩੪੩ ✪



ਜਾਗਤ ਜਾਗਤ ਜਾਗਤ ਰੇ ਮਨ,
ਗੁਰ ਜਗਾਇਓ ਰੀ ।
ਭਾਗਤ ਭਾਗਤ ਭਾਗਤ ਰੇ ਮਨ,
ਕਲਜੁਗ ਠਗੌਰੀ ਪਾਇਓ ਰੀ ।
ਲਾਗਤ ਲਾਗਤ ਲਾਗਤ ਰੇ ਮਨ,
ਗੁਰ ਚਰਨ ਪ੍ਰੀਤੀ ਲਾਇਓ ਰੀ ।
ਸਰਨਾਗਤ ਸਰਨਾਗਤ ਸਰਨਾਗਤ ਰੇ ਮਨ,
ਹਰਿ ਸੂਰੇ ਸਰਬ ਕਲ ਭਰਪੂਰੇ
ਹਾਜ਼ਰ ਹਜ਼ੂਰੇ ਸਚ ਸਰਨਾਇਓ ਰੀ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਸ਼ਬਦ ਹਲੂਣਾ ਮਾਰ ਆਪ ਜਗਾਇਓ ਰੀ । ੧੨ ਕੱਤਕ ੨੦੧੨ ਬਿ

✪ ੩੪੪ ✪



ਜਾਗੇ ਭਾਗ, ਗੁਰ ਸੰਗਤ ਪਾਈਆ ।
ਗੁਰ ਸੰਗਤ ਬੁਝਾਏ ਆਗ,
ਜਨ ਸੇਵ ਕਮਾਈਆ ।
ਸੇਵਾ ਧੋਏ ਕਾਇਆ ਦਾਗ਼,
ਅੰਮ੍ਰਿਤ ਫਲ ਖੁਆਈਆ ।
ਦੁਰਮਤ ਮੈਲ ਗਈ ਭਾਗ,
ਪ੍ਰਭ ਸਾਚੇ ਦਇਆ ਕਮਾਈਆ ।



੧੨੪

ਜਗਤ ਬੁਝਾਏ ਤ੍ਰਿਸਨਾ ਆਗ,
ਮਿਲੀ ਸ਼ਬਦ ਵਡਿਆਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਲਹਿਣਾ ਦੇਣਾ ਰਿਹਾ ਮੂਲ ਚੁਕਾਈਆ । ੨੭ ਪੋਹ ੨੦੧੨ ਬਿ

✪ ੩੪੫ ✪

ਜਾਮਾ ਧਾਰੇ ਘਨਕਪੁਰ ।
ਪ੍ਰਭ ਅਬਿਨਾਸ਼ੀ ਸਾਚਾ ਗੁਰ ।
ਗੁਰਮੁਖ ਸਾਚੇ ਦਰ ਆਇਣ ਤੁਰ ।
ਬੇਮੁਖ ਖਾਲੀ ਹੱਥ ਜਾਇਣ ਮੁੜ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਲਗਾਏ ਕਰੋੜ ਤੇਤੀਸ ਸੁਰ । ੧ ਸਾਵਣ ੨੦੦੯

✪ ੩੪੬ ✪



ਜਿਸ ਪ੍ਰਭ ਦੇਵੇ ਆਪਣਾ ਗਿਆਨ,
ਬਿਨ ਅੱਖਰਾਂ ਆਪ ਪੜ੍ਹਾਇੰਦਾ,
ਸੋ ਅੰਤਰ ਆਤਮ ਪਰਮਾਤਮ ਕਰੇ ਪਰਵਾਨ,
ਦੂਜਾ ਇਸ਼ਟ ਨਾ ਕੋਇ ਮਨਾਇੰਦਾ ।
ਅੰਮ੍ਰਿਤ ਆਤਮ ਮੰਗੇ ਪੀਣ ਖਾਣ,
ਜਗਤ ਤ੍ਰਿਸਨਾ ਭੁੱਖ ਮਿਟਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਚ ਕਰਨੀ ਆਪਣੇ ਹੱਥ ਰਖਾਇੰਦਾ । ੨੦ ਜੇਠ ੨੦੨੧ ਬਿ

✪ ੩੪੭ ✪

ਜਿਸ ਮਿਲਿਆ ਗੁਰ ਪਾਰਬ੍ਰਹਮ,
ਉਤਰੇ ਰੋਗ ਸੰਤਾਪ ।
ਪੂਰਨ ਕਾਜ ਕਰੇ ਕਾਮ,
ਪੁਰਖ ਅਬਿਨਾਸ਼ੀ ਸਾਚਾ ਬਾਪ ।
ਲੇਖੇ ਲਾਏ ਦਮਾ ਦਮ,
ਜੋ ਜਨ ਗਏ ਰਸਨਾ ਜਾਪ ।
ਜਗਤ ਬੁਝਾਏ ਤ੍ਰਿਸ਼ਨਾ ਤਮ,



ਦਰਸ ਦਖਾਏ ਆਪਣਾ ਆਪ ।
ਜਗਤ ਦੁਆਰਾ ਦੇਵੇ ਡੰਨ,
ਵਡ ਵਡਾ ਘਰ ਪ੍ਰਤਾਪ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਪਤ ਰੱਖੇ ਕਮਲਾਪਾਤ । ੨੫ ਜੇਠ ੨੦੧੬ ਬਿ

੩੪੮

ਜੀਵ ਮਾਣ ਨਾ ਕਰ,
ਜਗ ਸਦ ਨਹੀਂ ਰਹਿਣਾ ।
ਗੁਰਸਿਖ ਗੁਰਚਰਨ ਧਿਆਨ ਕਰ,
ਸਚ ਸਾਧ ਸੰਗਤ ਵਿਚ ਬਹਿਣਾ,
ਵਿਚ ਦੇਹ ਪ੍ਰਭ ਕਾ ਵਾਸ ਕਰ,
ਛੱਡ ਝੂਠੇ ਸਾਕ ਸੈਣਾ
ਮਹਾਰਾਜ ਸ਼ੇਰ ਸਿੰਘ ਦੁੱਖਾਂ ਨਾਸ ਕਰ,
ਗੁਰਸਿਖ ਚਰਨ ਲਾਗ ਦੁਖ ਕਿਉਂ ਸਹਿਣਾ । ੯ ਚੇਤ ੨੦੦੮ ਬਿ

੩੪੯



ਜੀਵ ਜੰਤ ਪ੍ਰਭ ਵਿਚ ਸਮਾਇਆ ।
ਬੇਮੁਖਾਂ ਜੀਵਾਂ ਦਿਸ ਨਾ ਆਇਆ ।
ਸਾਚਾ ਪ੍ਰਭ ਨਾ ਰਸਨਾ ਗਾਇਆ ।
ਰਸਨ ਵਿਕਾਰ ਮਦਿਰਾ ਮਾਸ ਕਰਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਲਜੁਗ ਜੀਵਾਂ ਝੂਠੇ ਧੰਦੇ ਲਾਇਆ ।

੩੫੦

ਜੁਗ ਚੌਥਾ ਪ੍ਰਭ ਰਚਨ ਰਚਾਇਆ ।
ਅਥਰਬਨ ਐੜਾ ਅੱਲਾ ਮਾਣ ਦੇ,
ਅੰਤਕਾਲ ਪ੍ਰਭ ਆਪ ਖਪਾਇਆ ।
ਪ੍ਰਭ ਸੁੱਤੇ ਸਿੱਖ ਉਠਾਲ ਦੇ,
ਸੋਹੰ ਸਾਚਾ ਨਾਮ ਦਵਾਇਆ ।
ਸਚ ਦੀਪਕ ਰਿਦੇ ਬਾਲ ਦੇ,
ਕਲਜੁਗ ਬੁਝੇ ਨਾ ਕਿਸੇ ਬੁਝਾਇਆ ।
ਸਚ ਪ੍ਰੀਤੀ ਚਰਨਾਂ ਨਾਲ ਦੇਹੁ,
ਨਿਭ ਜਾਵੇ ਜਿਨ੍ਹਾਂ ਨੇਹੁੰ ਲਾਇਆ ।
ਮਹਾਰਾਜ ਸ਼ੇਰ ਸਿੰਘ ਜੋਤ ਦੀਦਾਰ ਦੇ,
ਗੁਰਸਿਖ ਦਰਸ ਕਰਨ ਦਰ ਆਇਆ ।





✪ ੩੫੧ ✪

ਜੇਠ ਕਹੇ ਪ੍ਰਭ ਪਰਦਾ ਚੁਕ ਦੇ,
ਚੁਕੇ ਜਗਤ ਅੰਧੇਰ ।
ਪੜਦੇ ਲਾਹ ਦੇ ਉਹਲੇ ਲੁਕ ਦੇ,
ਕਰਦੇ ਆਪਣੀ ਮਿਹਰ ।
ਭੇਵ ਖੁਲ੍ਹਾ ਦੇ ਧੁਰ ਦੀ ਤੁਕ ਦੇ,
ਦੁਤੀਆ ਰਹੇ ਨਾ ਤੇਰ ਮੇਰ ।
ਲੇਖੇ ਮੁਕਾ ਦੇ ਜਨਨੀ ਕੁਖ ਦੇ,
ਚੁਰਾਸੀ ਪਏ ਫੇਰ ਨਾ ਗੇੜ ।
ਝਗੜੇ ਮੁਕਾ ਦੇ ਭੁਖ ਦੁਖ ਦੇ,
ਨੌਂ ਖੰਡ ਪ੍ਰਿਥਮੀ ਆਪਣਾ ਗੇੜਾ ਗੇੜ ।
ਗੁਰ ਅਵਤਾਰ ਪੈਗ਼ੰਬਰ ਸੁਖਣਾ ਸੁਖ ਦੇ,
ਕਲਜੁਗ ਅੰਤਮ ਨਾ ਲਾ ਦੇਰ ।
ਕੂੜੀ ਕਿਰਿਆ ਜੜ ਪੁਟ ਦੇ,
ਹਉਮੇ ਹੰਗਤਾ ਦੇ ਨਿਬੇੜ ।



ਲੇਖੇ ਮੁਕਾ ਦੇ ਕਾਮ ਕਰੋਧ ਲੁਟ ਦੇ,
ਮਾਇਆ ਮਮਤਾ ਨਾ ਰਹੇ ਅੰਧੇਰ ।
ਕੌਲ ਇਕਰਾਰ ਪੂਰੇ ਕਰਦੇ ਗੋਬਿੰਦ ਸੁਤ ਦੇ,
ਕਲ ਕਲਕੀ ਇਕ ਅਵਤਾਰ ।
ਤੇਰੇ ਵਕ਼ਤ ਨਿਸ਼ਾਨੇ ਢੁਕ ਦੇ,
ਇਮਾਮ ਇਮਾਮਾ ਪਰਵਰਦਿਗਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਸ਼ਾਹ ਪਾਤਸ਼ਾਹ ਸੱਚੀ ਸਰਕਾਰ । ੧ ਜੇਠ ਸ਼ ਸੰ ੮

✪ ੩੫੨ ✪

ਜੈ ਜੈਕਾਰ ਹੋਏ ਤ੍ਰੈਲੋਏ ।
ਮਾਤਲੋਕੀ ਹਾਹਾਕਾਰ,
ਸੁਣੇ ਪੁਕਾਰ ਨਾ ਕੋਏ ।
ਪੁਰਖ ਅਬਿਨਾਸ਼ੀ ਜਾਮਾ ਧਾਰ,
ਜੋਤੀ ਨੂਰ ਹੋਏ ।
ਧਰਤ ਮਾਤ ਤੇਰੇ ਕਾਜ ਸਵਾਰ,
ਦਰ ਦਵਾਰੇ ਆਣ ਖਲੋਏ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਨਿਹਕਲੰਕ ਨਰਾਇਣ ਨਰ,



ਸੰਤ ਮਨੀ ਸਿੰਘ ਦਿਤਾ ਵਰ ।
ਏਕਾ ਏਕ ਜਗਤ ਟੇਕ,
ਵਰਨ ਗੋਤ ਰਹੇ ਨਾ ਕੋਏ । ੧੦ ਅੱਸੂ ੨੦੧੧ ਬਿ

੩੫੩

ਜੋ ਘੜਿਆ ਸੋ ਭੱਜਣਾ ।
ਨਾ ਕੋਈ ਲਾਏ ਅਜਨਾ ਪਜਨਾ ।
ਗੁਰ ਦਰ ਗੁਰ ਸੰਗਤ ਮੱਲ,
ਗੁਰਮੁਖ ਸਾਚੇ ਸੱਜਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅੰਮ੍ਰਿਤ ਆਤਮ ਮੁਖ ਚੁਆਏ,
ਰਸਨਾ ਪੀ ਪੀ ਰੱਜਣਾ । ੧੧ ਚੇਤ ੨੦੧੧ ਬਿ

੩੫੪



ਜੋ ਜਨ ਹੋਏ ਮਦਿਰਾ ਮਾਸੀ ।
ਵੇਲੇ ਅੰਤ ਨਰਕ ਨਿਵਾਸੀ ।
ਕੋਇ ਨਾ ਕਰੇ ਬੰਦ ਖਲਾਸੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਪਰਗਟਾਏ ਘਨਕਪੁਰ ਵਾਸੀ । ੨੨ ਮਾਘ ੨੦੦੮ ਬਿ

੩੫੫

ਜੋ ਜਨ ਚਲੇ ਮੇਰੇ ਭਾਏ ।
ਸੋਹੰ ਸ਼ਬਦ ਸੰਗ ਮਨ ਲਗਾਏ ।
ਮਨ ਦੀ ਦੁਬਧਾ ਮੈਲ ਗੁਆਏ ।
ਪ੍ਰਭ ਪੂਰੇ ਦੀ ਸੇਵ ਕਮਾਏ ।
ਮਦਿ ਮਾਸ ਨੂੰ ਹੱਥ ਨਾ ਲਾਏ ।
ਗੁਰਸਿਖਾਂ ਸੰਗ ਗੁਰਸਿਖ ਬਣ ਜਾਏ ।
ਖੋਲ੍ਹ ਕਪਾਟ ਗੁਰ ਦਰਸ ਦਿਖਾਏ ।
ਚਰਨ ਕਵਲ ਵਿਚ ਲਏ ਮਿਲਾਏ ।
ਜ਼ਾਤ ਪਾਤ ਦਾ ਮਾਣ ਗਵਾਏ ।
ਚਾਰ ਵਰਨ ਪ੍ਰਭ ਇਕ ਕਰਾਏ ।
ਬ੍ਰਹਮ ਸੇ ਉਪਜੇ ਬ੍ਰਹਮ ਮਾਹਿ ਸਮਾਏ ।



ਜੋਤ ਸਰੂਪ ਸੰਗ ਜੋਤ ਪਰਗਟਾਏ ।
ਕੋਈ ਪ੍ਰਭ ਦਾ ਭੇਤ ਨਾ ਪਾਏ ।
ਦਇਆ ਧਾਰ ਕਲਜੁਗ ਵਿਚ ਆਏ ।
ਪੰਜ ਤਤ ਵਿਚ ਜੋਤ ਜਗਾਏ ।



ਮਹਾਰਾਜ ਸ਼ੇਰ ਸਿੰਘ ਨਾਮ ਰਖਾਏ ।
ਜਿਨ ਵੇਖਿਆ ਤਿਨ ਨਦਰੀ ਆਏ ।
ਸਾਧ ਸੰਗਤ ਗੁਰ ਦਰਸ ਦਿਖਾਏ ।
ਸੋਹੰ ਸ਼ਬਦ ਗੁਰ ਨਾਮ ਪਰਗਟਾਏ । ੩੦ ਫੱਗਣ ੨੦੦੬ ਬਿ

✪ ੩੫੬ ✪

ਜੋ ਜਨ ਆਏ ਪ੍ਰਭ ਸਰਨਾਏ ।
ਪ੍ਰਭ ਅਬਿਨਾਸ਼ੀ ਹੋਏ ਸਹਾਏ ।
ਆਤਮ ਸਾਚੀ ਜੋਤ ਜਗਾਏ ।
ਜੋਤ ਸਰੂਪੀ ਦਰਸ ਦਿਖਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣਾ ਭੇਵ ਖੁਲ੍ਹਾਏ । ੨੧ ਮਾਘ ੨੦੦੮ ਬਿ

✪ ੩੫੭ ✪



ਜੋ ਜਨ ਆਏ ਪ੍ਰਭ ਚਰਨ ਦੁਆਰਿਆ ।
ਮਾਨਸ ਜਨਮ ਕਲ ਸੁਆਰਿਆ ।
ਆਤਮ ਦੁਖ ਪ੍ਰਭ ਨਿਵਾਰਿਆ ।
ਸਾਂਤਕ ਸੁਖ ਪ੍ਰਭ ਵਰਤਾ ਰਿਹਾ ।
ਰੋਗ ਭੁਖ ਪ੍ਰਭ ਗੁਆ ਰਿਹਾ ।
ਮਾਤ ਕੁਖ ਸੁਫਲ ਕਰਾ ਰਿਹਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਆਏ ਜਿਸ ਸੀਸ ਨਿਵਾ ਲਿਆ । ੨੧ ਮਾਘ ੨੦੦੮ ਬਿ

✪ ੩੫੮ ✪

ਜੋਤ ਸਰੂਪ ਪ੍ਰਭ ਜਗਤ ਪਰਵੇਸ਼ ।
ਸਚੇ ਪ੍ਰਭ ਕੋ ਸਦਾ ਆਦੇਸ਼ ।
ਆਪ ਏਕ ਜੁਗੋ ਜੁਗ ਉਲਟਾਵੇ ਭੇਸ ।
ਕਿਰਪਾ ਕਰ ਪ੍ਰਭ ਬਖ਼ਸ਼ੰਦਾ
ਗੁਰਸਿਖਾਂ ਕਰੇ ਬੁਧ ਬਿਬੇਕ ।
ਜੁਗ ਝੂਠਾ ਧੰਦਾ ਛੱਡ ਕੇ,
ਗੁਰ ਚਰਨ ਲਗਾਇਓ ਟੇਕ ।
ਗੁਰ ਪੂਰਾ ਸਿਮਰਨਹਾਰ ਹੈ,
ਵਿਸਰੇ ਘੜੀ ਨਾ ਏਕ ।
ਕਲਜੁਗ ਭਗਤਾਂ ਤਾਰਨ ਆ ਗਿਆ,
ਮਹਾਰਾਜ ਸ਼ੇਰ ਸਿੰਘ ਕਰ ਜੋਤ ਸਰੂਪੀ ਭੇਖ । ੫ ਚੇਤ ੨੦੦੮ ਬਿ



✪ ✪



੩੫੯

ਜੋਤ ਨਿਰੰਜਣ ਜਗਤ ਅਕਾਰਾ ।
ਕਲਜੁਗ ਮਿਟਾਏ ਧੁੰਧੂਕਾਰਾ ।
ਸਾਚਾ ਸ਼ਬਦ ਸੋਹੰ ਉਪਜਾਏ,
ਉਪਜੇ ਧੁਨ ਸੱਚੀ ਧੁਨਕਾਰਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਕਲ ਲਏ ਅਵਤਾਰਾ । ੨੧ ਮਾਘ ੨੦੦੮ ਬਿ

੩੬੦

ਜੋਤੀ ਨੂਰ ਨਿਹਕਲੰਕ,
ਨਿਰਗੁਣ ਆਪ ਅਖਵਾਇਆ ।
ਆਪ ਵਜਾਏ ਆਪਣਾ ਡੰਕ,
ਸ਼ਬਦ ਡੰਡਾ ਹੱਥ ਉਠਾਇਆ ।
ਵੇਖ ਵਖਾਏ ਰਾਓ ਰੰਕ,
ਊਚਾਂ ਨੀਚਾਂ ਆਪ ਸਮਾਇਆ ।



ਗੁਰਮੁਖ ਉਧਾਰੇ ਜਿਉਂ ਜਨ ਜਨਕ,
ਜਨ ਜਨਨੀ ਲੇਖੇ ਲਾਇਆ ।
ਖੇਲੇ ਖੇਲ ਬਾਰ ਅਨਕ,
ਕਲਜੁਗ ਅੰਤਮ ਵੇਸ ਵਟਾਇਆ ।
ਪ੍ਰਗਟ ਹੋਇਆ ਵਾਸੀ ਪੁਰੀ ਘਨਕ,
ਘਰ ਮੰਦਰ ਆਪ ਸੁਹਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਹਰਿਜਨ ਸਾਚੇ ਲਏ ਵਰ,
ਆਪ ਆਪਣਾ ਬੰਧਨ ਪਾਇਆ । ੨੭ ਜੇਠ ੨੦੧੬ ਬਿ

੩੬੧

ਜਪੋ ਸੋਹੰ ਮਨ ਆਤਮ ਸੁਖ ।
ਜਪੋ ਸੋਹੰ ਨਾ ਵਿਆਪੇ ਦੁਖ ।
ਜਪੋ ਸੋਹੰ ਮਿਲੇ ਪ੍ਰਭ ਭੂਪ ।
ਜਪੋ ਸੋਹੰ ਪੇਖੋ ਦਰਸ ਅਨੂਪ ।
ਜਪੋ ਸੋਹੰ ਪ੍ਰਗਟੇ ਜੋਤ ਸਰੂਪ ।



ਜਪੋ ਸੋਹੰ ਮਿਲੇ ਮਹਾਰਾਜ ਸ਼ੇਰ ਸਿੰਘ ਵਿਚ ਅੰਧ ਕੂਪ । ੨੧ ਵਿਸਾਖ ੨੦੦੭ ਬਿ



✪ ੩੬੨ ✪

ਝੂਠਾ ਜਗਤ ਝੂਠੀ ਹੈ ਰੀਤ ।
ਸਚਾ ਸਤਿਗੁਰ ਹੈ ਸਦਾ ਅਤੀਤ ।
ਤਿਸ ਨੂੰ ਰਾਖੋ ਸਦਾ ਹੀ ਚੀਤ ।
ਗੁਰਚਰਨ ਸੰਗ ਜੋੜੋ ਪ੍ਰੀਤ ।
ਮਹਾਰਾਜ ਸ਼ੇਰ ਸਿੰਘ ਚਲਾਈ ਰੀਤ ।
ਸੋਹੰ ਸ਼ਬਦ ਦੀ ਸਦਾ ਹੈ ਜੀਤ । ੧੫ ਮੱਘਰ ੨੦੦੬

✪ ੩੬੩ ✪

ਝੁੱਗੀ ਕਹੇ ਜਨ ਭਗਤਾਂ ਕਰ ਸੰਜੋਗ,
ਧੁਰ ਸੰਜੋਗੀ ਦੇ ਵਡਿਆਈਆ ।
ਵਿਛੋੜਾ ਜਨਮ ਨਾ ਰਹੇ ਰੋਗ,
ਕਰਮ ਦਾ ਡੇਰਾ ਢਾਈਆ ।
ਦੇਹੁ ਦਰਸ ਇਕ ਅਮੋਗ,
ਸਵੱਛ ਸਰੂਪ ਨਜ਼ਰੀ ਆਈਆ ।
ਜਨਮ ਜਨਮ ਦਾ ਪੂਰਾ ਕਰ ਜੋਗ,
ਜੁਗ ਚੌਕੜੀ ਤੇਰੀ ਆਸ ਰਖਾਈਆ ।



ਸਾਚੇ ਨਾਮ ਦੀ ਬਖ਼ਸ਼ ਮੌਜ,
ਖ਼ੁਸ਼ੀ ਕਾਇਆ ਮੰਦਰ ਪਰਗਟਾਈਆ ।
ਆਤਮ ਰਸ ਰਸੀਏ ਦੇ ਭੋਗ,
ਕੂੜੀ ਵਾਸਨਾ ਬਾਹਰ ਕਢਾਈਆ ।
ਕਰ ਪਰਕਾਸ਼ ਨਿਰਮਲ ਜੋਤ,
ਜੋਤੀ ਨੂਰ ਡਗਮਗਾਈਆ ।
ਬੰਦ ਕਿਵਾੜੀ ਖੁਲ੍ਹੇ ਸੋਤ,
ਸੋਈ ਸੁਰਤ ਲੈ ਉਠਾਈਆ ।
ਭਾਗ ਲਗਾ ਕਾਇਆ ਕੋਟ,
ਕੰਚਨ ਗੜ੍ਹ ਸੁਹਾਈਆ ।
ਪੁਰਖ ਅਕਾਲ ਦੀਨ ਦਿਆਲ
ਜਨ ਭਗਤਾਂ ਤੇਰੀ ਓਟ,
ਤੇਰੇ ਹੋ ਕੇ ਤੇਰੀ ਆਸ ਰਖਾਈਆ ।
ਨਾਤਾ ਤੁਟਾ ਦੀਨ ਦੁਨੀ ਲੋਕ,
ਸ੍ਰਿਸ਼ਟੀ ਨਾ ਕੋਇ ਵਡਿਆਈਆ ।



ਤੂੰ ਮੇਰਾ ਮੈਂ ਤੇਰਾ ਗਾਵਣ ਸਚ ਸਲੋਕ,
ਨਾਮ ਨਿਧਾਨਾ ਇਕ ਧਿਆਈਆ ।
ਸਵਾਮੀ ਅੰਤਰਜਾਮੀ ਹੋ ਕੇ ਕਰ ਚੋਜ,
ਕਾਇਆ ਚੋਲੀ ਅੰਦਰ ਭਾਗ ਲਗਾਈਆ ।



ਲੱਖ ਚੁਰਾਸੀ ਵਿਚੋਂ ਕਰ ਕੇ ਖੋਜ,
ਗੁਰਮੁਖ ਆਪਣੇ ਘਰ ਬਹਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਿਹਰ ਨਜ਼ਰ ਇਕ ਉਠਾਈਆ ।

✪ ੩੬੪ ✪

ਝੁੱਗੀ ਕਹੇ ਪ੍ਰਭ ਦੱਸੀ ਭਗਤਾਂ ਧਾਰ ਚੰਗੇਰੀ,
ਮੰਦਿਉਂ ਚੰਗੇ ਦੇਣਾ ਬਣਾਈਆ ।
ਵੇਖੀਂ ਕਿਤੇ ਕਪੜੇ ਰੰਗਾਵੀਂ ਨਾ ਨਾਲ ਗੇਰੀ,
ਗਰਦਿਸ਼ ਵਿਚ ਭੁਆਈਆ ।
ਤੇਰੀ ਮਿਹਰ ਨਜ਼ਰ ਇਕ ਬਥੇਰੀ,
ਹੋਰ ਆਸ ਨਾ ਕੋਇ ਰਖਾਈਆ ।
ਜੇ ਆਤਮਾ ਬਣਾ ਲਏਂ ਆਪਣੀ ਚੇਰੀ,
ਚਿਰੀ ਵਿਛੰਨੀ ਨਾਲ ਮਿਲਾਈਆ ।



ਆਪੇ ਚੜ੍ਹ ਜਾਏ ਤੇਰੀ ਬੇੜੀ,
ਬੇੜਾ ਅੱਗੇ ਨਾ ਕੋਇ ਰੁੜ੍ਹਾਈਆ ।
ਸਾਹਿਬ ਸਤਿਗੁਰ ਹੁਣ ਨਾ ਲਾਈਂ ਡੇਰੀ,
ਡੇਰਿਆ ਵਿਚ ਰਹਿ ਕੇ ਕਈ ਜਨਮ ਦਿਤੇ ਲੰਘਾਈਆ ।
ਸਜ਼ਾ ਭੋਗੀ ਬਥੇਰੀ,
ਹੁੰਦੀ ਰਹੀ ਜੁਦਾਈਆ ।
ਜਿਨ੍ਹਾਂ ਪਿਛੇ ਮਾਰੀ ਫੇਰੀ,
ਫਿਰ ਕੇ ਲੈਣੇਂ ਉਠਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਹਰਿ ਜਨ ਆਪਣੇ ਘਰ ਵਸਾਈਆ ।

✪ ੩੬੫ ✪

ਝੋਲੀ ਭਰ ਭਰ ਲੈਂਦੇ ਜਾਓ ।
ਖ਼ੁਸ਼ੀਆਂ ਨਾਲ ਬੈਠੇ ਖਾਓ ।
ਏਥੇ ਵਕ਼ਤ ਸੁਹੇਲਾ ਹੋਇਆ,
ਸਾਧ ਸੰਗਤ ਦਾ ਮੇਲਾ ਹੋਇਆ,
ਅਗੇ ਫਲ ਸਾਚਾ ਖਾਓ ।



ਆਪੇ ਗੁਰ ਆਪੇ ਚੇਲਾ ਹੋਇਆ,
ਦੋਵੇਂ ਰਲ ਮਿਲ ਇਕ ਥਾਂ ਬਹਿ ਜਾਉ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਰੇ ਰਲ ਮਿਲ ਰਸਨਾ ਗਾਓ । ✪ ੩ ਮਾਘ ੨੦੧੦ ਬਿ



✪ ੩੯੬ ✪

ਤਾਰਨਹਾਰਾ ਆ ਗਿਆ,
ਨਿਰਗੁਣ ਜੋਤ ਕਰ ਉਜਿਆਰ ।
ਨਾਉਂ ਨਿਰੰਕਾਰਾ ਆਪਣਾ ਨਾਉਂ ਰਖਾ ਲਿਆ,
ਨਿਰਗੁਣ ਰੂਪ ਅਪਰ ਅਪਾਰ ।
ਸਤਿਜੁਗ ਸਾਚਾ ਮਾਰਗ ਲਾ ਲਿਆ,
ਚਾਰ ਵਰਨਾਂ ਇਕ ਆਧਾਰ ।
ਹੰ ਬ੍ਰਹਮ ਮੇਲ ਮਿਲਾ ਲਿਆ,
ਪਾਰਬ੍ਰਹਮ ਕਰੇ ਪਿਆਰ ।
ਪੰਜ ਤਤ ਕਾਇਆ ਨਾਉਂ ਨਾ ਕੋਇ ਵਡਿਆ ਲਿਆ,
ਨਿਰਗੁਣ ਨਾਉਂ ਹੋਏ ਜੈਕਾਰ ।
ਸਰਗੁਣ ਤੇਰਾ ਪੰਧ ਮੁਕਾ ਲਿਆ,
ਲੇਖਾ ਚੁੱਕਿਆ ਗੁਰ ਅਵਤਾਰ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਗੁਰਸਿਖਾਂ ਦੇਵੇ ਸਾਚਾ ਵਰ,
ਤਰਨੀ ਤਰਨ ਆਪ ਕਰਤਾਰ । ੨੬ ਪੋਹ ੨੦੧੭ ਬਿ



✪ ੩੯੭ ✪

ਤੂੰ ਤੂੰ ਕਰ ਪੁਕਾਰ ਦੀ ।
ਪ੍ਰਭ ਅਬਿਨਾਸ਼ੀ ਕਿਰਪਾ ਕਰ,
ਤੂੰ ਤੂੰ ਵਾਜਾਂ ਮਾਰਦੀ ।
ਆਪਣੀ ਜੋਤ ਆਤਮ ਧਰ,
ਮੇਰੀ ਕਾਇਆ ਅਵਗੁਣਹਾਰ ਦੀ ।
ਸ਼ਬਦ ਭੰਡਾਰਾ ਭਰ,
ਮੈਂ ਦੁਹਾਗਣ ਨਾਰ ਸੰਸਾਰ ਦੀ ।
ਚਰਨ ਵਣਜਾਰਾ ਬਣ ਕਰ,
ਮੰਗੀ ਏਕਾ ਭਿਕ ਤੇਰੇ ਦੀਦਾਰ ਦੀ ।
ਜਨਮ ਕਰਮ ਪਾਰ ਉਤਾਰਾ ਕਰ,
ਗੁਣ ਅਵਗੁਣ ਮਨਮਤੀ ਨਾ ਵਿਚਾਰ ਦੀ ।
ਸਾਚਾ ਸ਼ਬਦ ਸਾਚੇ ਘਰ ਅਧਾਰਾ ਕਰ ।
ਰਖੇ ਲਾਜ ਚਰਨ ਪਿਆਰ ਦੀ ।
ਸਾਚੇ ਘਰ ਸ਼ਬਦ ਜੈਕਾਰਾ ਕਰ,
ਮਿਟੇ ਰੈਣ ਅੰਧੇਰੀ ਧੁੰਧੂਕਾਰ ਦੀ ।



ਆਪਣਾ ਦੀਪ ਉਜਿਆਰਾ ਘਰ ਸਾਚੇ ਹਰਿ ਕਰ,
ਕਿਰਪਾ ਕਰ ਸਵੱਛ ਸਰੂਪੀ ਦਰਸ ਅਪਾਰ ਦੀ ।



ਫੜ ਫੜ ਖੜ ਖੜ ਬਹਿ ਬਹਿ ਗਈ ਥੱਕ,
ਅੰਮ੍ਰਿਤ ਫਲ ਨਾ ਗਿਆ ਪਕ,
ਦੂਰ ਦੁਰਾਡੀ ਨੌਂ ਦਵਾਰ
ਆਪੇ ਪਈ ਵਿਚਾਰ ਦੀ ।
ਕਰ ਨਿਬੇੜਾ ਅੰਤਮ ਹਕ,
ਚੜ੍ਹ ਪੌੜੀ ਸੱਚੀ ਸਰਕਾਰ ਦੀ ।
ਆਪਣੀ ਗੋਦੀ ਲੈ ਚਕ
ਹੋਵੇ ਮਿਹਰ ਤੇਰੇ ਸੱਚੇ ਦਰਾਬਾਰ ।
ਸ਼ਬਦ ਪਾਈਂ ਨਕੇਲ ਨੱਕ,
ਕੁੰਜੀ ਦੇਵੀਂ ਦਸਮ ਦਵਾਰ ਦੀ ।
ਭਰਮ ਨਾ ਰਹੇ ਕੋਈ ਸ਼ਕ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਚਰਨ ਦਾਸੀ ਹੋਈ ਰਾਸੀ ਬੰਦ ਖੁਲਾਸੀ,
ਪਾਰ ਉਤਾਰਾ ਚਰਨ ਪਿਆਰਾ,
ਇਕ ਵਣਜਾਰਾ ਦੋਹਰੀ ਧਾਰਾ ।
ਆਪੇ ਡੋਬੇ ਆਪੇ ਤਾਰਦੀ । ੨੮ ਪੋਹ ੨੦੧੨ ਬਿ



੩੬੮

ਤੁਠਾ ਸਤਿਗੁਰ ਦੀਨ ਦਿਆਲ,
ਧੁਰ ਮਸਤਕ ਵੇਖ ਵਖਾਇਆ ।
ਹਰਿਜਨ ਦੇਵੇ ਜੀਆ ਦਾਨ,
ਯਾਚਕ ਮੰਗਣ ਜੋ ਜਨ ਆਇਆ ।
ਏਕਾ ਰਾਗ ਸੁਣਾਏ ਕਾਨ,
ਸੋਹੰ ਢੋਲਾ ਸਾਚਾ ਗਾਇਆ ।
ਦੀਪਕ ਜੋਤ ਜਗੇ ਮਹਾਨ,
ਅੰਧ ਅੰਧੇਰਾ ਦਏ ਮਿਟਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਘਰ ਆਪਣਾ ਆਪ ਵਖਾਇਆ । ੨੫ ਜੇਠ ੨੦੧੬ ਬਿ



੩੬੯

ਦਇਆ ਕਮਾਏ ਦਇਆਵਾਨ ।
ਸਾਚਾ ਪ੍ਰਭ ਵਡ ਮਿਹਰਵਾਨ ।
ਆਪ ਖੁਲ੍ਹਾਏ ਕਵਲ ਨਭ,
ਅੰਮ੍ਰਿਤ ਝਿਰਨਾ ਪ੍ਰਭ ਝਿਰਾਣ ।



ਦਰਸ ਦਿਖਾਏ ਪਰਗਟ ਝੱਬ,
ਜੋਤ ਸਰੂਪੀ ਜੋਤ ਮਹਾਨ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਏਕਾ ਬਖ਼ਸ਼ੇ ਚਰਨ ਧਿਆਨ । ੧੫ ਵਿਸਾਖ ੨੦੦੯ ਬਿ

✪ ੩੭੦ ✪

ਦਇਆ ਕਰ ਦੀਨ ਕੇ ਦਾਤੇ ।
ਆਏ ਦਰ ਮਿਲੇ ਵਰ, ਪੁਰਖ ਬਿਧਾਤੇ ।
ਆਤਮ ਖੋਲ੍ਹ ਸਾਚਾ ਸਰ,
ਅਠਸਠ ਤੀਰਥ ਝੂਠੇ ਨ੍ਹਾਤੇ ।
ਏਕਾ ਜੋਤੀ ਏਕਾ ਸ਼ਬਦ,
ਏਕਾ ਸੁਰਤ ਏਕਾ ਘਰ,
ਮਿਟੇ ਅੰਧੇਰੀ ਰਾਤੇ ।
ਜੋਤੀ ਜੋਤ ਸਰੂਪ ਹਰਿ,
ਅੱਠੇ ਪਹਿਰ ਏਕਾ ਰੰਗ ਰੰਗਾਏ,
ਨਾ ਸੋਏ ਨਾ ਜਾਗੇ ਕਿਸ ਵੇਲੇ ਪਰਭਾਤੇ । ੧੭ ਹਾੜ ੨੦੧੧ ਬਿ



✪ ੩੭੧ ✪

ਦਏ ਵਡਿਆਈਆਂ ਚਾਰ ਜੁਗ
ਜਗ ਮਿਲਣ ਵਧਾਈਆ ।
ਧੰਨ ਧੰਨ ਧੰਨ ਗੁਰ ਸੰਗਤਾ,
ਗੁਰ ਦਰ ਤੇ ਆਈਆ ।
ਰਿਖ ਮੁਨ ਜਾਇਣ ਮੰਨ,
ਬਹੱਤਰ ਭਗਤ ਪ੍ਰਭ ਜੋਤ ਜਗਾਈਆ ।
ਲਿਖਤ ਕਰਾਏ ਹੋਏ ਪਰਸੰਨ,
ਰਸਨਾ ਦੇਵੇ ਭਗਤ ਵਡਿਆਈਆ ।
ਧੰਨ ਧੰਨ ਧੰਨ ਗੁਰਸਿਖ,
ਨਿਹਕਲੰਕ ਸੰਗ ਪ੍ਰੀਤਾਂ ਲਾਈਆ ।
ਮਹਾਰਾਜ ਸ਼ੇਰ ਸਿੰਘ ਉਤਮ ਦਰਸ,
ਕਰ ਦਰਸ ਸਭ ਭੁੱਖਾਂ ਲਾਹੀਆ । ੧੦ ਚੇਤ ੨੦੦੮ ਬਿ

✪ ੩੭੨ ✪



ਦਰ ਖੜੇ ਸਵਾਲੀ,
ਉਚਾ ਦਰਬਾਰਾ ।
ਕੋਈ ਨਾ ਜਾਵੇ ਖਾਲੀ,
ਜਿਨ ਤੇਰਾ ਸਹਾਰਾ ।



ਸਚ ਦੋ ਜਹਾਨਾਂ ਵਾਲੀ,
ਨਿਰਧਨ ਨਿਰਾਧਾਰਾ ।
ਜੀਵ ਜੰਤ ਦਾ ਆਪ ਪ੍ਰਭ ਵਾਲੀ,
ਆਪ ਪ੍ਰਭ ਗਿਰਧਾਰਾ ।
ਕਲ ਜੀਵ ਘਾਲ ਬਹੁਤ ਘਾਲੀ,
ਤੁਧ ਬਿਨ ਨਾ ਦੀਸੇ ਕੋਈ ਸਹਾਰਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰ ਕਿਰਪਾ ਪਾਰ ਉਤਾਰਾ । ੧੭ ਹਾੜ ੨੦੦੮ ਬਿ

✪ ੩੭੩ ✪

ਦਰ ਠਾਂਡਾ ਦੱਸਣਾ ਏਕ,
ਏਕੰਕਾਰਾ ਤੇਰੀ ਸਰਨਾਈਆ ।
ਜਨ ਭਗਤਾਂ ਬਖ਼ਸ਼ੀਂ ਟੇਕ,
ਚਰਨ ਕਵਲ ਮਿਲੇ ਵਡਿਆਈਆ ।
ਬਿਨ ਅੱਖਾਂ ਲੈਣ ਵੇਖ,
ਨਿਜ ਨੇਤਰ ਕਰ ਰੁਸ਼ਨਾਈਆ ।



ਬੁੱਧੀ ਕਰ ਬਿਬੇਕ,
ਦੁਰਮਤ ਮੈਲ ਧੁਆਈਆ ।
ਤ੍ਰੈਗੁਣ ਮਾਇਆ ਨਾ ਲਾਏ ਸੇਕ,
ਅਗਨੀ ਤਤ ਨਾ ਕੋਇ ਤਪਾਈਆ ।
ਆਤਮ ਪਰਮਾਤਮ ਕਰ ਹੇਤ,
ਹਿਤਕਾਰੀ ਬਣ ਕੇ ਵੇਖ ਵਖਾਈਆ ।
ਸਚਖੰਡ ਜਣਾ ਆਪਣਾ ਦੇਸ਼,
ਪਰਦੇਸੀ ਗੁਰਮੁਖ ਨਾਲ ਮਿਲਾਈਆ ।
ਬਿਨ ਕਲਮ ਬਦਲ ਦੇ ਲੇਖ,
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਸਚ ਦਵਾਰੇ ਮੰਗ ਮੰਗਾਈਆ । ੧੨ ਮੱਘਰ ਸ਼ ਸੰ ੨

✪ ੩੭੪ ✪



ਦਰ ਤੇਰਾ ਸਚ ਸੁਹੰਜਣਾ,
ਹਰਿ ਸਾਹਿਬ ਸਤਿਗੁਰ ਮੀਤ ।
ਕਿਰਪਾ ਕਰ ਆਦਿ ਨਿਰੰਜਣਾ,
ਲੇਖਾ ਵੇਖ ਹਸਤ ਕੀਟ ।
ਤੂੰ ਦਾਤਾ ਦਾਨੀ ਦਰਦ ਦੁਖ ਭੈ ਭੰਜਣਾ,



ਪਰਦਾ ਖੋਲ੍ਹ ਪ੍ਰਭੂ ਅਣਡੀਠ ।
ਸਚ ਪ੍ਰੀਤੀ ਧੁੜੀ ਬਖ਼ਸ਼ ਮਜਨਾ,
ਕਲਜੁਗ ਜੀਵ ਮਿਠੇ ਕਰ ਕੌੜੇ ਰੀਠ ।
ਨਾਮ ਨਿਧਾਨ ਚਾੜ੍ਹ ਰੰਗਣਾ,
ਤ੍ਰੈਗੁਣ ਵਿਚੋਂ ਕਰ ਅਤੀਤ ।
ਤੂੰ ਆਤਮ ਪਰਮਾਤਮ ਸਾਚਾ ਸੱਜਣਾ,
ਪਾਰਬ੍ਰਹਮ ਬ੍ਰਹਮ ਉਤੇ ਕਰ ਬਖ਼ਸ਼ੀਸ਼ ।
ਨੇਤਰ ਨਾਮ ਪਾ ਅੰਜਣਾ,
ਰਹਿਮ ਮੁਹੱਬਤ ਕਰ ਬਖ਼ਸ਼ੀਸ਼ ।
ਸਦੀ ਚੌਧਵੀਂ ਅੰਤਮ ਸਭ ਨੇ ਵੰਞਣਾ,
ਕਲਮਿਆਂ ਵਾਲੀ ਰਹੇ ਨਾ ਕੋਈ ਹਦੀਸ ।
ਸਭ ਨੇ ਇਕੋ ਤੇਰੀ ਕਰਨੀ ਬੰਦਨਾ,
ਤੂੰ ਮਾਲਕ ਜਗਤ ਜਗਦੀਸ਼ ।
ਜੋ ਘੜਿਆ ਸੋ ਭੱਜਣਾ,
ਤੇਰਾ ਲੇਖਾ ਬੀਸ ਇਕੀਸ ।
ਜੋਤੀ ਜੋਤ ਸਰੂਪ ਹਰਿ,



ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਤ੍ਰੈਗੁਣ ਸਵਾਮੀ ਸ਼ਬਦ ਅਤੀਤ । ੧੮ ਚੇਤ ਸ਼ ਸੰ ੭

✪ ੩੭੫ ✪

ਦਰ ਮੰਗਣ ਆਇਆ ਮੰਗਤਾ ।
ਪ੍ਰਭ ਤੋੜੇ ਰੋਗ ਹੰਗਤਾ ।
ਆਪ ਰਲਾਏ ਸੰਗਤਾ ।
ਨਾਮ ਸਾਚੇ ਸਚ ਸੁਚ ਰੰਗਤਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋ ਦਰ ਤੇਰੇ ਮੰਗਤਾ । ੭ ਜੇਠ ੨੦੧੦ ਬਿ

✪ ੩੭੬ ✪

ਦਰਸ ਦਿਖਾਵੇ ਪ੍ਰਭ ਅਬਿਨਾਸ਼ੀ ।
ਰਿਧ ਸਿਧ ਪ੍ਰਭ ਚਰਨ ਦੀ ਦਾਸੀ ।
ਸਰਬ ਵਸਿਆ ਸਰਬ ਘਟ ਵਾਸੀ ।



ਕਲਜੁਗ ਪ੍ਰਗਟੀ ਜੋਤ ਅਬਿਨਾਸ਼ੀ ।
ਜਗਤ ਸਾਰਾ ਸਦਾ ਵਿਨਾਸੀ ।
ਗੁਰਸਿਖ ਗੁਰਚਰਨ ਰਹਿਰਾਸੀ ।
ਜਗੇ ਜੋਤ ਹੋਵੇ ਆਤਮ ਪ੍ਰਕਾਸ਼ੀ ।



ਮਹਾਰਾਜ ਸ਼ੇਰ ਸਿੰਘ ਗੁਰ ਸਤਿਗੁਰ ਪੂਰਾ,
ਸਰਬ ਸੁਖ ਗੁਰਚਰਨ ਨਿਵਾਸੀ । ੧੬ ਹਾੜ ੨੦੦੭ ਬਿ

✪ ੩੭੭ ✪

ਦਰਸ ਦੀਆ ਗੁਰ ਸਾਚੇ ਆ ਕੇ,
ਜੋਤ ਸਰੂਪੀ ਜਾਮਾ ਪਾ ਕੇ ।
ਪੁਰੀ ਘਨਕ ਵਿਚ ਜੋਤ ਪ੍ਰਗਟਾ ਕੇ,
ਨਿਹਕਲੰਕ ਕਲ ਨਾਉਂ ਧਰਾ ਕੇ ।
ਝੂਠੀ ਕਾਇਆ ਆਪ ਤਜਾ ਕੇ,
ਸਾਚਾ ਬਾਣਾ ਆਪ ਬਣਾ ਕੇ ।
ਭੇਖ ਭੇਖ ਭੇਖ ਪ੍ਰਭ ਸਾਚਾ ਭੇਖ ਵਟਾ ਕੇ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਦਰਸ ਦਿਖਾ ਕੇ ।

✪ ੩੭੮ ✪



ਦਰਸ ਦਾਨ ਪ੍ਰਭ ਦਰ ਮੰਗੋ ।
ਆਤਮ ਨਾਮ ਸਾਚਾ ਰੰਗੋ ।
ਕਰ ਬੇਨੰਤੀ ਮੂਲ ਨਾ ਸੰਗੋ ।
ਆਤਮ ਧਿਆਨ ਸਾਚੀ ਗੰਗੋ ।
ਸੁਣਿਆ ਨਾਮ ਰੋਗ ਗਵਾਓ ਅੰਗੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਦਾ ਸਹਾਈ ਅੰਗ ਸੰਗੋ । ੧੭ ਭਾਦਰੋਂ ੨੦੦੯ ਬਿ

✪ ੩੭੯ ✪

ਦਿਵਸ ਰੈਣ ਰਸਨਾ ਗਾਓ ।
ਰਸਨਾ ਜਪ ਜੀਵ ਸਰਬ ਸੁਖ ਪਾਓ ।
ਸਤਿਜੁਗ ਸੋਹੰ ਸਾਚੀ ਨਾਓ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਰਸਨਾ ਸਦਾ ਸਦਾ ਗੁਣ ਗਾਓ । ੧੧ ਸਾਵਣ ੨੦੦੮ ਬਿ

✪ ੩੮੦ ✪

ਦਿਵਸ ਰੈਣ ਜੋ ਮੁਝੇ ਧਿਆਵੇ ।
ਸੋਵਤ ਜਾਗਤ ਦਰਸ ਹੈ ਪਾਵੇ ।
ਸੋਵਤ ਜਪੇ ਜਾਗ ਗੁਰ ਪੂਰਾ ।
ਦਰਸ ਦਖਾਵੇ ਸਦਾ ਹਜ਼ੂਰਾ ।
ਸਚ ਸਦਾ ਮਿਹਰਵਾਨ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ✪ ੧੫ ਮੱਘਰ ੨੦੧੬ ਬਿ





੩੮੧

ਦੀਨ ਦਿਆਲਾ ਸਾਹਿਬ ਸੁਖ ਸਾਗਰ,
ਹਰਿ ਕਰਤਾ ਨੂਰ ਅਲਾਹ ।
ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ,
ਕੋਟ ਜਨਮ ਦੇ ਪੂਰਬ ਬਖ਼ਸ਼ ਗੁਨਾਹ ।
ਸਤਿ ਸਚ ਬਣਾਏ ਸੌਦਾਗਰ,
ਵਣਜ ਇਕੋ ਇਕ ਕਰਾ ।
ਭਾਗ ਲਗਾਏ ਕਾਇਆ ਗਾਗਰ,
ਸਾਢੇ ਤਿੰਨ ਹੱਥ ਕਰ ਰੁਸ਼ਨਾ ।
ਦਰ ਆਇਆਂ ਦੇਵੇ ਆਦਰ,
ਸਿਰ ਆਪਣਾ ਹੱਥ ਟਿਕਾ ।
ਜੋ ਸੰਦੇਸਾ ਦੇ ਕੇ ਗਿਆ ਤੇਗ਼ ਬਹਾਦਰ,
ਦਿੱਲੀ ਦਵਾਰੇ ਕਰ ਦੁਆ ।
ਪੁਰਖ ਅਕਾਲਾ ਗੁਰਮੁਖਾਂ ਬਣੇ ਚਿੱਟੀ ਚਾਦਰ,
ਕਲਜੁਗ ਕਾਲਾ ਸੂਸਾ ਦਏ ਲੁਹਾ ।
ਮਿਹਰਵਾਨ ਹੋਵੇ ਕਰਤਾ ਕਾਦਿਰ,
ਕੁਦਰਤ ਕਾਦਿਰ ਮਿਹਰਵਾਨ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਧੁਰ ਦਾ ਵਰ,
ਹਰਿਜਨ ਬਖ਼ਸ਼ੇ ਅਗੰਮਾ ਨਾਂ । ਪਹਿਲੀ ਜੇਠ ਸ਼ ਸੰ ੮

੩੮੨

ਦੀਪਕ ਕਹਿਣ ਜਨ ਭਗਤੋ,
ਸਾਡੀ ਬੇਨੰਤੀ ਮੰਨੋ,
ਅਰਦਾਸ ਇਕ ਸੁਣਾਈਆ ।
ਸਤਿਗੁਰ ਸ਼ਬਦ ਦੇ ਬਣੋ ਚੰਨੋ,
ਚੰਦ ਨੂਰ ਡਗਮਗਾਈਆ ।
ਕੂੜ ਕੁੜਿਆਰਾ ਕਢੋ ਤਨੋ,
ਜੂਠ ਝੂਠ ਨਾ ਕੋਇ ਵਡਿਆਈਆ ।
ਮਾਨਸ ਜਨਮ ਆਪਣਾ ਬੇੜਾ ਬੰਨੋ,
ਪ੍ਰਭ ਸਰਨ ਲਾਗ ਸਰਨਾਈਆ ।



ਸੁਣੋ ਸੰਦੇਸਾ ਅਗੰਮੀ ਕੰਨੋ,
ਜੋਤੀ ਜਾਤਾ ਰਿਹਾ ਦ੍ਰਿੜਾਈਆ ।
ਗੜ੍ਹ ਹੰਕਾਰੀ ਹਉਮੇ ਭੰਨੋ,
ਹੰਗਤਾ ਕੂੜ ਰਹੇ ਨਾ ਰਾਈਆ ।



ਪੁਰਖ ਅਕਾਲ ਦੇ ਘਰ ਜੰਮੇਂ,
ਭਗਤ ਹੋ ਕੇ ਆਪਣਾ ਸੰਗ ਰਖਾਈਆ ।
ਹੰਕਾਰ ਵਿਕਾਰ ਜਗਤ ਡੰਨੋਂ,
ਹੁਕਮ ਮੰਨਣਾ ਚਾਈਂ ਚਾਈਂਆ ।
ਧਰਮ ਦੀ ਧਾਰ ਸਚ ਦਸਤਾਰ ਸੀਸ ਬੰਨੇਂ,
ਸਿਰ ਸਿਰ ਆਪਣਾ ਹੱਥ ਰਖਾਈਆ ।
ਬਾਹਰ ਨਿਕਲੋ ਵਿਚੋਂ ਖ਼ੁਸ਼ੀ ਗਮੇਂ,
ਚਿੰਤਾ ਚਿਖਾ ਨਾ ਕੋਇ ਜਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਚ ਦਾ ਪੜਦਾ ਆਪ ਉਠਾਈਆ । ੧੨ ਚੇਤ ਸ਼ ਸੰ ੭

### ੩੮੩



ਦੁਸ਼ਟ ਦੁਰਾਚਾਰ ਸੋ ਜਨ ਕਹਾਏ ।
ਮਦਿ ਮਾਸ ਜੋ ਰਸਨਾ ਲਾਏ ।
ਸਾਚਾ ਪ੍ਰਭ ਲਿਆ ਭੁਲਾਏ ।
ਪਰਗਟੀ ਜੋਤ ਕਲ ਗੋਬਿੰਦ ਰਾਏ ।
ਭਗਤ ਜਨਾਂ ਘਰ ਘਰ ਹੋਏ ਸਹਾਏ ।
ਸਾਧ ਸੰਗਤ ਮਿਲ ਹਰਿ ਜਸ ਗਾਏ ।
ਪ੍ਰਭ ਅਬਿਨਾਸ਼ੀ ਜੋਤ ਪਰਗਟਾਏ ।
ਸੰਤ ਜਨਾਂ ਪ੍ਰਭ ਆਪ ਵਡਿਆਏ ।
ਮਹਾਰਾਜ ਸ਼ੇਰ ਸਿੰਘ ਤੇਰਾ ਨਾਉਂ,
ਕਲਜੁਗ ਸਾਚੀ ਨਾਏ । ੭ ਜੇਠ ੨੦੦੮ ਬਿ

### ੩੮੪

ਦੁਰਮਤ ਮੈਲ ਦੁਰਜਨਾਂ ।
ਉਤਰੇ ਮੈਲ ਮਿਲ ਹਰਿਜਨਾਂ ।
ਰਹੀ ਫੈਲ ਕਲਜੁਗ ਜੀਆਂ ਤਨ ਜਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਲੋੜੇ ਸਰਬ ਭਲਾ । ੧ ਮਾਘ ੨੦੦੯ ਬਿ



### ੩੮੫

ਦੇਰ ਨਾ ਕਰ ਗੁਰਸਿਖ ਬਿਲਲਾਇਆ ।
ਕਲਜੁਗ ਅਗਨ ਤਨ ਮਨ ਜਲਾਇਆ ।
ਕਿਰਪਾ ਕਰ ਆਪ ਪ੍ਰਭ ਰਘੁਰਾਇਆ ।



ਕਰ ਸ਼ਾਂਤ ਹਉਮੇ ਤਨ ਤੰਦੂਰ ਜਲਾਇਆ ।
ਕਢ ਭਗਤ ਭੁਲੇਖਾ ਕਲਜੁਗ ਮਨ ਵਸਾਇਆ ।
ਵਿਛੜ ਜਾਏ ਨਾ ਦਿਨ ਰਾਤ,
ਜਿਨ ਪ੍ਰਭ ਚਰਨ ਸੰਗ ਨੇਹੁੰ ਲਗਾਇਆ ।
ਮਹਾਰਾਜ ਸ਼ੇਰ ਸਿੰਘ ਗਾਓ ਪਰਭਾਤ,
ਦੇਵੇ ਦਰਸ ਤੇਜ ਜੋਤ ਸਵਾਇਆ । ੨੬ ਚੇਤ ੨੦੦੮ ਬਿ

✪ ੩੮੬ ✪

ਦੇਵਤ ਸੁਰ ਕਹਿਣ ਹੁਣ ਖੋਲ੍ਹ ਦੇ ਸੁਰਤੀ,
ਸੁੱਤਿਆਂ ਲੈ ਜਗਾਈਆ ।
ਦਰਸ ਕਰਾ ਆਪਣੀ ਮੂਰਤੀ,
ਮੂਰਤ ਅਕਾਲ ਤੇਰੀ ਵਡਿਆਈਆ ।
ਆਵਾਜ਼ ਸੁਣਾ ਆਪਣੇ ਤੂਰ ਦੀ,
ਤੁਰਤ ਕਰ ਸ਼ਨਵਾਈਆ ।
ਕੀ ਆਗਿਆ ਹਜ਼ੂਰ ਦੀ,
ਸਾਨੂੰ ਦੇ ਸਮਝਾਈਆ ।



ਅਸੀਂ ਖ਼ੁਸ਼ੀ ਵੇਖਣ ਆਏ ਏਸੇ ਬੇੜੇ ਪੂਰ ਦੀ ।
ਜੋ ਪੁਰੀ ਅਨੰਦ ਦੀ ਦੇਣ ਗਵਾਹੀਆ ।
ਝਲਕ ਤੱਕਣ ਆਏ ਕੋਹਤੂਰ ਦੀ,
ਜੋ ਮੂਸਾ ਕਰੇ ਰੁਸ਼ਨਾਈਆ ।
ਸਾਰੇ ਕਹਿਣ ਪ੍ਰਭੂ ਹੁਣ
ਲੰਘਣ ਨਹੀਂ ਦੇਣਾ ਦੂਰ ਦੀ,
ਅਗੇ ਹੋ ਕੇ ਝੋਲੀ ਡਾਹੀਆ ।
ਮਜ਼ਦੂਰੀ ਦੇ ਜਾ ਪਿਛਲੇ ਮਜ਼ਦੂਰ ਦੀ,
ਜੁਗ ਚੌਕੜੀ ਤੇਰੀ ਸੇਵ ਕਮਾਈਆ ।
ਅਗੇ ਸਜਾ ਨਾ ਦੇਵੀਂ ਕਿਸੇ ਕਸੂਰ ਦੀ,
ਏਹੋ ਮੰਗ ਮੰਗਾਈਆ ।
ਇਕ ਲੋੜ ਚਰਨ ਧੂੜ ਦੀ ।
ਟਿੱਕੇ ਇਕੋ ਨਾਮ ਵਖਾਈਆ ।
ਬੁੱਧੀ ਪਵਿੱਤਰ ਹੋਵੇ ਮੂੜ ਦੀ,
ਮੂਰਖਾਂ ਮਿਲੇ ਸਰਨਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਿਹਰ ਨਜ਼ਰ ਇਕ ਉਠਾਈਆ । ੫ ਮਾਘ ਸ਼ ਸੰ ੩



✪ ✪



✪ ੩੮੭ ✪

ਦੇਵੇ ਨਾਮ ਪ੍ਰਭ ਗਹਿਰ ਗੰਭੀਰਾ ।
ਕਲਜੁਗ ਝੂਠੇ ਤੋੜੇ ਜ਼ੰਜੀਰਾ ।
ਆਤਮ ਸ਼ੁਧ ਹੋਏ ਸ਼ਾਂਤ ਸਰੀਰਾ ।
ਕਲਜੁਗ ਅਗਨ ਨਾ ਲਾਗੇ ਪੀੜਾ ।
ਮਹਾਰਾਜ ਸ਼ੇਰ ਸਿੰਘ ਕਲਜੁਗ ਪਰਗਟੇ ਪੀਰਨ ਪੀਰਾ । ੬ ਜੇਠ ੨੦੦੮ ਬਿ

✪ ੩੮੮ ✪

ਦੇਵੇ ਨਾਮ ਭਗਤ ਭੰਡਾਰੀ ।
ਸੋਹੰ ਦਾਨ ਜਗਤ ਅਧਾਰੀ ।
ਵਿਸ਼ਨੂੰ ਭਗਵਾਨ ਜੋਤ ਨਿਰੰਕਾਰੀ ।
ਮਹਾਰਾਜ ਸ਼ੇਰ ਸਿੰਘ ਜਾਮਾ ਧਾਰੇ ।
ਦਰ ਆਇਆ ਦੀ ਪੈਜ ਸਵਾਰੀ । ੧੭ ਹਾੜ ੨੦੦੮ ਬਿ



✪ ੩੮੯ ✪

ਦੇਵੇ ਦਰਸ ਗੁਰ ਗੋਪਾਲਾ ।
ਭਗਤ ਜਨਾਂ ਦਾ ਸਦਾ ਰਖਵਾਲਾ ।
ਆਦਿ ਜੁਗਾਦਿ ਸਦਾ ਪ੍ਰਿਤਪਾਲਾ ।
ਸੋਹੰ ਦੇਵੇ ਸਾਚੀ ਮਾਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਸਹਾਈ ਸਦਾ ਪ੍ਰਿਤਪਾਲਾ ।

✪ ੩੯੦ ✪

ਦੋਵੇਂ ਭੁਜਾਂ ਹਰਿ ਫੈਲਾਏ ।
ਗੁਰਸਿਖ ਸਾਚੇ ਸੰਤ ਸੁਹੇਲੜਿਓ,
ਆਓ ਮਿਲੋ ਪ੍ਰਭ ਗਲ ਲਾਏ ।
ਧੁਰ ਦਰਗਾਹੀ ਸਾਚੇ ਚੇਲੜਿਉ,
ਕਿਉਂ ਬੈਠੇ ਮੁਖ ਭਵਾਏ ।
ਹਰਿ ਸਾਚੇ ਦੇ ਲਾਲ ਅਲਬੇਲੜਿਓ,
ਆਓ ਪ੍ਰਭ ਆਪਣੀ ਗੋਦ ਉਠਾਏ ।
ਨਾ ਰਹੋ ਮਾਤ ਅਕੇਲੜਿਓ,
ਸ਼ਬਦ ਲੋਰੀ ਦੇ ਹਰਿ ਆਪ ਵਰਚਾਏ ।
ਅਚਰਜ ਖੇਲ ਪਾਰਬ੍ਰਹਮ ਕਲ ਖੇਲੜਿਓ,
ਬਣ ਜਾਓ ਭੈਣ ਭਰਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ



ਦੇ ਮੱਤੀ ਆਪ ਸਮਝਾਏ । ✪ ੧੪ ਮੱਘਰ ੨੦੧੦ ਬਿ



✪ ੩੯੧ ✪

ਦੁਖ ਰੋਗ ਉਤਰੇ ਸੰਤਾਪ,
ਪੂਤ ਸਪੂਤਾ ਵੇਖ ਵਖਾਈਆ ।
ਰਸਨ ਗਾਉਣਾ ਸੋਹੰ ਜਾਪ,
ਜੁਗ ਜੁਗ ਆਪ ਜਣਾਈਆ ।
ਲੋਕਮਾਤ ਹੋਵੇ ਵਡ ਪ੍ਰਤਾਪ,
ਫੁੱਲ ਫਲ ਦਏ ਮਹਿਕਾਈਆ ।
ਦਰਸ ਦਿਖਾਏ ਆਪਣਾ ਆਪ,
ਆਪ ਆਪਣੇ ਰੰਗ ਰੰਗਾਈਆ ।
ਆਪੇ ਹੋਏ ਮਾਈ ਬਾਪ,
ਗੁਰਮੁਖ ਬਾਲ ਅਵਾਣੇ ਗੋਦ ਉਠਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਰੋਗ ਸੋਗ ਦੇਵੇ ਕੱਟ,
ਜੋ ਜਨ ਰਸਨਾ ਜੇਹਵਾ ਜੇਹਵਾ ਰਸਨਾ ਹਰਿ ਗੁਣ ਗਾਈਆ । ੨੭ ਜੇਠ ੨੦੧੬ ਬਿ



✪ ੩੯੨ ✪

ਦੁਖ ਦੇਹ ਤਨ ਕਰ ਦੂਰ ।
ਦਾਨ ਬਖ਼ਸ਼ੇ ਜੀਵ ਚਰਨ ਧੂੜ ।
ਹਡ ਮਾਸ ਨਾੜੀ ਪਿੰਜਰ ਟੁਟ ਹੋਇਆ ਚੂਰ ।
ਦੁਖਾਂ ਬਰਖਾ ਜਿਉਂ ਨਿਮ੍ਹੀ ਭੂਰ ।
ਮਹਾਰਾਜ ਸ਼ੇਰ ਸਿੰਘ ਕਿਰਪਾ ਕਰ,
ਦੇਹੀ ਦੁਖ ਕਰ ਜਾ ਦੂਰ ।

✪ ੩੯੩ ✪

ਦੁਖ ਦਰਦ ਤਨ ਖਾਏ ।
ਮੂੰਹ ਸੇ ਨਿਕਲੇ ਹਾਏ ਹਾਏ ।
ਅੰਗ ਅੰਗ ਬੱਧਾ ਨਾ ਕੋਇ ਛੁਡਾਏ ।
ਔਖਧ ਦਾਰੂ ਸਚ ਲੱਧਾ,
ਸੋਹੰ ਨਾਮ ਰਸਨਾ ਗਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪ ਆਪਣੀ ਦਇਆ ਕਮਾਏ । ੧ ਮਾਘ ੨੦੦੯ ਬਿ



✪ ੩੯੪ ✪

ਧਨ ਮਾਲ ਦੇ ਆਇਆ ਦਰ ।
ਕਰ ਨਿਹਾਲ ਦੇ, ਚੁਕਾ ਡਰ ।



ਪੂਰਾ ਤਾਲ ਦੇ, ਦੁਖ ਰਹੇ ਨਾ ਘਰ ।
ਦੂਜੀ ਅਗਨੀ ਫਿਰ ਬਾਲ ਦੇ,
ਦੁਖ ਭੁਖ ਰੋਗ ਦੂਰ ਕਰ ।
ਚਰਨ ਪ੍ਰੀਤੀ ਸਾਚੀ ਨਾਲ ਦੇ,
ਨਿਤ ਆਉਂਦੇ ਰਹੀਏ ਤੇਰੇ ਦਰ ।
ਜਨ ਭਗਤਾਂ ਵਾਲੀ ਚਾਲ ਦੇ,
ਮਾਨਸ ਜਨਮ ਪੂਰਾ ਜਾਈਏ ਕਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੈਨੂੰ ਧਿਆਈਏ,
ਵਸਾਓ ਸਾਡਾ ਘਰ । ੧੭ ਮੱਘਰ ੨੦੧੦ ਬਿ

✪ ੩੯੫ ✪

ਧਰਨੀ ਕਹੇ ਜਨ ਭਗਤਾਂ ਦੇ ਸਹਾਰਾ,
ਸਚ ਮਿਲੇ ਸਰਨਾਈਆ ।
ਕਲਜੁਗ ਕੂੜੀ ਕਿਰਿਆ ਕਰ ਕਿਨਾਰਾ,
ਸਤਿਜੁਗ ਸਾਚਾ ਸਚ ਪਰਗਟਾਈਆ ।
ਤੇਰੇ ਨਾਮ ਦਾ ਹੋਵੇ ਇਕ ਜੈਕਾਰਾ,
ਚਾਰ ਵਰਨ ਧਿਆਈਆ ।



ਇਕੋ ਇਸ਼ਟ ਹੋਵੇ ਸੰਸਾਰਾ,
ਦੀਨ ਦੁਨੀ ਸੀਸ ਨਿਵਾਈਆ ।
ਇਕੋ ਗ੍ਰਹਿ ਮੰਦਰ ਹੋਵੇ ਦਵਾਰਾ,
ਦਰ ਇਕੋ ਵੱਜੇ ਵਧਾਈਆ ।
ਜੋ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਇਸ਼ਾਰਾ,
ਸੋ ਅੰਤਮ ਪੂਰਾ ਦੇ ਕਰਾਈਆ ।
ਤੈਨੂੰ ਕਹਿੰਦੇ ਕਲ ਕਲਕੀ ਅਵਤਾਰਾ,
ਨਿਰਗੁਣ ਨੂਰ ਜੋਤ ਰੁਸ਼ਨਾਈਆ ।
ਏਕਾ ਵਖਾ ਸਚਾ ਦਰਬਾਰਾ,
ਦਰਗਾਹ ਸਾਚੀ ਸੋਭਾ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਕੂੜ ਕਲਪਣਾ ਦੇ ਗਵਾਈਆ । ੧੦ ਚੇਤ ਸ਼ ਸੰ ੫



✪ ੩੯੬ ✪

ਧੁਰ ਦਰਗਾਹ ਦੀ ਸਾਚੀ ਮੰਗ,
ਮਾਂਗਤ ਹੋ ਕੇ ਝੋਲੀ ਡਾਹੀਆ ।
ਤੇਰੇ ਨਾਮ ਦਾ ਮਿਲੇ ਅਨੰਦ,



ਅਨੰਦ ਆਨੰਦ ਵਿਚੋਂ ਪਰਗਟਾਈਆ ।
ਖ਼ੁਸ਼ੀ ਹੋਵੇ ਬੰਦ ਬੰਦ,
ਬੰਦਗੀ ਦੇਣੀ ਸਮਝਾਈਆ ।
ਪਰਦਾ ਰਹੇ ਨਾ ਹੰ ਬ੍ਰਹਮ,
ਪਾਰਬ੍ਰਹਮ ਤੇਰਾ ਨੂਰ ਨਜ਼ਰੀ ਆਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਲੇਖ ਮੁਕਾਉਣਾ ਖ਼ੁਸ਼ੀ ਗਮ,
ਚਿੰਤਾ ਦੇਣੀ ਬਾਹਰ ਕਢਾਈਆ । ੧ ਚੇਤ ਸ਼ ਸੰ ੩

✪ ੩੯੭ ✪

ਨਾਮ ਕਹੇ ਮੇਰਾ ਪਿਤਾ ਸੋ,
ਦੇਵਣਹਾਰ ਵਡਿਆਈਆ ।
ਸਚ ਪਰਕਾਸ਼ ਕਰਕੇ ਲੋ,
ਮੇਰਾ ਪਰਦਾ ਦਿਤਾ ਚੁਕਾਈਆ ।
ਹੰ ਬ੍ਰਹਮ ਆਪੇ ਹੋ,
ਨਾਤਾ ਜੋੜਿਆ ਸਹਿਜ ਸੁਭਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਗ ਸਾਚੀ ਬਣਤ ਬਣਾਈਆ ।



✪ ੩੯੮ ✪

ਨਾਮ ਜਪੇ ਰਮੱਯਾ ਗੁਣ ਗਾਓ ।
ਪ੍ਰਭ ਅਬਿਨਾਸ਼ੀ ਘਰ ਮਾਹਿ ਪਾਓ ।
ਜਨਮ ਮਰਨ ਦੇ ਦੁਖ ਮਿਟਾਓ ।
ਸਰਬ ਸਿਖ ਚਲੋ ਗੁਰ ਕੇ ਭਾਓ ।
ਮਦਿ ਮਾਸ ਮਨੋ ਤਜਾਓ ।
ਸੋਹੰ ਸ਼ਬਦ ਮਨ ਵਸਾਓ ।
ਮਹਾਰਾਜ ਸ਼ੇਰ ਸਿੰਘ ਦਾ ਦਰਸ਼ਨ ਪਾਓ । ੧੯ ਮੱਘਰ ੨੦੦੬ ਬਿ

✪ ੩੯੯ ✪



ਨਾਮ ਵਿਚੋਲਾ ਜਗਤ ਬਣਾਉਣਾ ।
ਸੋਹੰ ਢੋਲਾ ਸਾਚਾ ਗਾਉਣਾ ।
ਪੁਰਖ ਅਬਿਨਾਸ਼ੀ ਵਸੇ ਕੋਲਾ,
ਅੰਦਰ ਬੈਠ ਦਰਸ਼ਨ ਪਾਉਣਾ ।
ਭਾਗ ਲਗਾਏ ਕਾਇਆ ਚੋਲਾ,



ਸਦ ਸੁਹੇਲਾ ਰਿਹਾ ਮਵਲਾ,
ਗੀਤ ਗੋਬਿੰਦਾ ਰਸਨਾ ਗਾਉਣਾ ।
ਭਗਤ ਵਡਿਆਈ ਉਪਰ ਧਵਲਾ,
ਖਿੜਿਆ ਰਹੇ ਫੁਲ ਕਵਲਾ,
ਨਿਝਰ ਝਿਰਨਾ ਇਕ ਝਿਰਾਉਣਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਵੇ ਨਾਮ ਵਰ,
ਨੇਤਰ ਅੰਞਣ ਨਾਮ ਨਿਰੰਜਣ,
ਦਰ ਦਵਾਰੇ ਸਾਚੇ ਪਾਓ ।                ੩੦ ਹਾੜ ੨੦੧੨ ਬਿ

✪ ੪੦੦ ✪

ਨਾਰਦ ਕਹੇ ਪ੍ਰਭ ਦੇ ਦੇ ਇਕ ਦਲੇਰੀ,
ਦਇਆਵਾਨ ਦਇਆ ਕਮਾਈਆ ।
ਤੂੰ ਸਾਹਿਬ ਮੈਂ ਤੇਰੀ ਚੇਰੀ,
ਚਿਰੀ ਵਿਛੁੰਨੀ ਲੈ ਮਿਲਾਈਆ ।



ਕਲਜੁਗ ਅੰਤ ਕਰੀਂ ਨਾ ਦੇਰੀ,
ਡੇਰੇ ਵਾਲਿਆਂ ਕਰੀਂ ਸਫਾਈਆ ।
ਸਾਚੇ ਨਾਮ ਦੀ ਸਚ ਚੜ੍ਹਾ ਬੇੜੀ,
ਨਈਆ ਨੌਕਾ ਅਵਰ ਨਾ ਕੋਇ ਵਖਾਈਆ ।
ਸ਼ਰਅ ਦੀ ਰਹੇ ਕੋਈ ਨਾ ਬੇੜੀ,
ਬੰਧਨ ਬੰਦ ਦੇਣੇ ਤੁੜਾਈਆ ।
ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਮਿਹਰੀ,
ਮਹਿਮਨ ਗੀਤ ਸੁਹੇਲੇ ਵੇਖ ਵਖਾਈਆ ।
ਸਦੀ ਚੌਧਵੀ ਅੰਤ ਅਖ਼ੀਰ ਆਇਆ ਨੇਰੀ,
ਨੇਰਨ ਨੇਰ ਪੜਦਾ ਦੇਣਾ ਚੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ,
ਸਚ ਸਵਾਮੀ ਦਇਆ ਕਮਾਈਆ ।                ੧੪ ਚੇਤ ਸ਼ ਸੰ ੪

✪ ੪੦੧ ✪



ਨਾਰਦ ਕਹੇ ਮੈਂ ਵੇਖੇ ਭਗਤ ਸੱਜਣ,
ਸੋਹਣੇ ਨਜ਼ਰੀ ਆਈਆ ।
ਕਰਦੇ ਇਕੋ ਮਜਨ,
ਧੂੜੀ ਖਾਕ ਰਮਾਈਆ ।

੧੪੬



ਮਮਤਾ ਮੋਹ ਤੱਜਣ,
ਹਉਮੇ ਗੜ੍ਹ ਤੁੜਾਈਆ ।
ਪੁਰਖ ਅਕਾਲਾ ਇਕੋ ਲੱਭਣ,
ਨਿਰਗੁਣ ਨੂਰ ਜੋਤ ਰੁਸ਼ਨਾਈਆ ।
ਸਚ ਸਰਨਾਈ ਲੱਗਣ,
ਨਾਤਾ ਤੋੜ ਕੂੜ ਲੋਕਾਈਆ ।
ਪ੍ਰੇਮ ਪ੍ਰੀਤੀ ਵਿਚ ਹੋ ਕੇ ਮਗਨ,
ਸੁਰਤੀ ਸ਼ਬਦ ਵਿਚ ਸਮਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਕਰੇ ਖੇਲ ਸੂਰਾ ਸਰਬਗਣ ।
ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ
ਆਪਣੀ ਕਾਰ ਕਮਾਈਆ । ੨੩ ਚੇਤ ਸ਼ ਸੰ ੫



੪੦੨

ਨਾਰਦ ਕਹੇ ਵਾਹ ਤੇਰੀਆਂ ਮਿਹਰਾਂ,
ਮਿਹਰਵਾਨ ਤੇਰੀ ਵਡਿਆਈਆ ।
ਸਤਿਜੁਗ ਦੀਨ ਦੁਨੀ ਪੁੱਛੇ
ਕਿੱਥੇ ਪਰਮ ਪੁਰਖ ਦਾ ਡੇਰਾ,
ਕਵਣ ਧਾਮ ਸੋਭਾ ਪਾਈਆ ।
ਸਾਰੇ ਕਹਿਣ ਵਿਸ਼ਨੂੰ ਭਗਵਾਨ ਕਿਹੜਾ,
ਸਚ ਦਿਓ ਸਮਝਾਈਆ ।
ਸਤਿਗੁਰ ਸ਼ਬਦ ਕਹੇ ਜਿਥੇ ਮੁੱਕੇ ਝੇੜਾ,
ਝਗੜਾ ਰਹੇ ਨਾ ਰਾਈਆ ।
ਗ਼ਰੀਬ ਨਿਮਾਣਿਆਂ ਬੰਨੇ ਬੇੜਾ,
ਬੇੜੀ ਆਪਣੇ ਕੰਧ ਉਠਾਈਆ ।
ਵਸੇ ਧਰਮ ਦਾ ਖੇੜਾ,
ਛੱਪਰ ਛੰਨ ਆਪ ਸੁਹਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਚ ਦਾ ਹੁਕਮ ਇਕ ਵਰਤਾਈਆ । ੨੦ ਅੱਸੂ ਸ਼ ਸੰ ੭



✪ ੪੦੩ ✪

ਨਿਹਕਲੰਕੀ ਸ਼ਬਦ ਅਮੋਲਾ ।
ਪਹਿਲੋਂ ਛੱਡਿਆ ਕਾਇਆ ਚੋਲਾ ।
ਫੇਰ ਸੁਣਾਇਆ ਸੋਹੰ ਢੋਲਾ ।
ਭਰਮ ਭੁਲੇਖਾ ਗੁਰਮੁਖ ਸਾਚੇ ਸੰਤਾਂ ਆਤਮ ਖੋਲ੍ਹਾ ।
ਮੇਲ ਮਿਲਾਵਾ ਸਾਚੇ ਕੰਤਾ,
ਹੋਇਆ ਜਗਤ ਵਿਚੋਲਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ,
ਅਵਤਾਰ ਚੌਵੀਆਂ ਵਾਰ,
ਮਾਤਲੋਕ ਲੱਖ ਚੁਰਾਸੀ ਖੇਡਣ ਆਇਆ ਏਕਾ ਅੰਤਮ ਹੋਲਾ । ੧੭ ਹਾੜ ੨੦੧੧ ਬਿ

✪ ੪੦੪ ✪



ਨਿਹਕਲੰਕ ਹਰਿ ਕਾ ਨਾਉਂ,
ਨਾ ਮਰੇ ਨਾ ਜਾਇਆ ।
ਏਕਾ ਵਸੇ ਸਚ ਗਰਾਉਂ,
ਨਿਹਚਲ ਧਾਮ ਸੁਹਾਇਆ ।
ਨਾ ਕੋਈ ਪਿਤਾ ਨਾ ਕੋਈ ਮਾਉਂ,
ਬਾਲਕ ਗੋਦ ਨਾ ਕਿਸੇ ਉਠਾਇਆ ।
ਨਾ ਕੋਈ ਦੇਵੇ ਠੰਡੀ ਛਾਉਂ,
ਸਿਰ ਹੱਥ ਨਾ ਕਿਸੇ ਟਿਕਾਇਆ ।
ਨਾ ਕੋਈ ਕਰੇ ਬੈਠ ਨਿਆਉਂ,
ਇਕ ਇਕੱਲਾ ਆਪ ਅਖਵਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਨਿਰਗੁਣ ਨੂਰ ਕਰੇ ਰੁਸ਼ਨਾਇਆ । ੨੭ ਜੇਠ ੨੦੧੬ ਬਿ

✪ ੪੦੫ ✪

ਨਿਹਕਲੰਕ ਰੱਖਿਆ ਨਾਉਂ,
ਹਰਿ ਹਰਿ ਖੇਲ ਖਲਾਇਆ ।
ਸੰਬਲ ਨਗਰੀ ਸਚ ਗਰਾਉਂ,
ਆਪਣਾ ਆਸਣ ਲਾਇਆ ।



ਆਪੇ ਪਿਤਾ ਆਪੇ ਮਾਉਂ,
ਆਪੇ ਬਾਲ ਉਠਾਇਆ ।
ਆਪੇ ਦੇਵੇ ਠੰਡੀ ਛਾਉਂ,
ਹਰਿਜਨ ਸਾਚੇ ਮੇਲ ਮਿਲਾਇਆ ।



ਦੇਵਣਹਾਰਾ ਠੰਡੀ ਛਾਉਂ,
ਹਰਿ ਸੰਗਤ ਤੇਰੇ ਸੀਸ ਹੱਥ ਟਿਕਾਇਆ ।
ਦੋ ਜਹਾਨੀ ਪਕੜੇ ਬਾਹੋਂ,
ਸਚਖੰਡ ਦੁਆਰਾ ਇਕ ਸੁਹਾਇਆ ।
ਫੜ ਫੜ ਹੰਸ ਬਣਾਏ ਕਾਉਂ,
ਸਤਿਗੁਰ ਤੇਰੀ ਵਡ ਵਡਿਆਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਨਿਹਕਲੰਕ ਨਰਾਇਣ ਨਰ,
ਸ਼ਬਦ ਖੰਡਾ ਵਿਚ ਬ੍ਰਹਿਮੰਡਾਂ,
ਆਪਣਾ ਆਪ ਚਮਕਾਇਆ ।

✪ ੪੦੬ ✪

ਨਿਹਕਲੰਕ ਕਲ ਜਾਮਾ ਪਾਏ ।
ਆਪਣੀ ਕਲ ਆਪ ਵਰਤਾਏ ।
ਊਚ ਨੀਚ ਦਾ ਭੇਵ ਚੁਕਾਏ ।
ਰਾਓ ਰੰਕ ਇਕ ਕਰਾਏ ।
ਏਕਾ ਰੰਗ ਨਾਮ ਚੜ੍ਹਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਵਿਚ ਸਮਾਏ । ੫ ਵਿਸਾਖ ੨੦੦੯ ਬਿ



✪ ੪੦੭ ✪

ਨਿਹਕਲੰਕ ਜੋਤ ਜਗਾਈ ।
ਨਿਹਕਲੰਕ ਪ੍ਰਭ ਦੇਹ ਤਜਾਈ ।
ਨਿਹਕਲੰਕ ਹੋ ਸਭ ਸ੍ਰਿਸ਼ਟ ਹਲਾਈ ।
ਨਿਹਕਲੰਕ ਸਰਬ ਭੇਖ ਮਿਟਾਈ ।
ਨਿਹਕਲੰਕ ਕੁੰਟ ਚਾਰ,
ਜੈ ਜੈ ਜੈਕਾਰ ਕਰਾਈ ।
ਨਿਹਕਲੰਕ ਲੈ ਅਵਤਾਰ,
ਰੰਗ ਰੂਪ ਨਾ ਕਿਸੇ ਵਖਾਈ ।
ਤਜੀ ਦੇਹ ਹੋਏ ਜੋਤ ਸਰੂਪ
ਮਹਾਰਾਜ ਸ਼ੇਰ ਸਿੰਘ ਨਿਹਕਲੰਕ ਨਾਉਂ ਰਖਾਈ ।



✪ ੪੦੮ ✪

ਨਿਹਕਲੰਕ ਆਪ ਗੁਣ ਨਿਧਾਨਾ ।
ਨਿਹਕਲੰਕ ਆਏ ਜਗਤ ਜਿਉਂ ਬਾਵਨਾ ।



ਨਿਹਕਲੰਕ ਵਿਰਲੇ ਗੁਰਮੁਖ ਪਛਾਣਾ ।
ਨਿਹਕਲੰਕ ਤੀਨ ਲੋਕ ਇਕ ਸਮਾਨਾ ।
ਨਿਹਕਲੰਕ ਅਖਵਾਏ ਮਹਾਰਾਜ ਸ਼ੇਰ ਸਿੰਘ ਜੋਤ ਵਿਸ਼ਨੂੰ ਭਗਵਾਨਾ । ੧ ਕੱਤਕ ੨੦੦੭ ਬਿ

✪ ੪੦੯ ✪

ਨਿਹਕਲੰਕ ਪਰਗਟ ਹੋਇਆ
ਦੋ ਜਹਾਨਾਂ ਵਾਲੀ ।
ਜੋਤ ਸਰੂਪੀ ਖੇਲ ਰਚਾਇਆ,
ਸ਼ਬਦ ਸਰੂਪੀ ਦੇਵੇ ਸਾਚੀ ਡਾਲ਼ੀ ।
ਰਾਜ ਰਾਜਾਨਾ ਸ਼ਾਹ ਸੁਲਤਾਨਾ ਏਕ ਢੋਆ,
ਦੋਹਾਂ ਹੱਥਾਂ ਰੱਖੇ ਖਾਲੀ ।
ਹਰਿ ਬਿਨ ਅਵਰ ਨਾ ਜਾਣੇ ਕੋਇ ਦੋਆ ।
ਧੁਰ ਦਰਗਾਹੀ ਆਪ ਦਲਾਲੀ ।
ਗੁਰਮੁਖ ਆਪ ਉਠਾਏ ਲੋਕਮਾਤ ਸੋਇਆ,
ਪੁਰਖ ਅਬਿਨਾਸ਼ੀ ਸਾਚਾ ਪਾਲੀ ।
ਆਤਮ ਬੀਜ ਅੰਮ੍ਰਿਤ ਨਾਮ ਰਸ ਸਾਚਾ ਬੋਇਆ,
ਲੱਗੇ ਫਲ ਕਾਇਆ ਡਾਲ਼ੀ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਨਿਹਕਲੰਕ ਨਰਾਇਣ ਨਰ,
ਲੋਕਮਾਤ ਹਰਿ ਜੋਤ ਧਰ,
ਆਪ ਆਪਣੇ ਜਿਹਾ ਹੋਇਆ । ੧ ਚੇਤ ੨੦੧੩ ਬਿ

✪ ੪੧੦ ✪

ਨਿਜ ਘਰ ਵਸੇ ਆਪ ਅਪਰੰਪਰਾ ।
ਦੇ ਦਰਸ ਮੁਖ ਉਜਲ ਕਰੰਤਰਾ ।
ਪ੍ਰਭ ਅਬਿਨਾਸ਼ੀ ਸਰਬ ਥਾਏਂ ਰਹੰਤਰਾ ।
ਮਹਾਰਾਜ ਸ਼ੇਰ ਸਿੰਘ ਦੇ ਬ੍ਰਹਮ ਗਿਆਨ,
ਕਲਜੁਗ ਦੁਖ ਗੁਰਸਿਖਾਂ ਨਵੰਤਰਾ । ੧੨ ਕੱਤਕ ੨੦੦੭ ਬਿ

✪ ੪੧੧ ✪



ਨਿਜ ਘਰ ਵਸੇ ਪ੍ਰਭ ਮਿਹਰਵਾਨਾ ।
ਹਰਿ ਘਰ ਜਨ ਭਗਤ ਪਛਾਨਾ ।
ਉਤਮ ਦਰ ਸੁਖ ਮਿਲੇ ਮਹਾਨਾ ।
ਰੱਖੇ ਲਾਜ ਕਲ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ੨੬ ਚੇਤ ੨੦੦੮ ਬਿ



੪੧੨

ਨਿਮਸਕਾਰ ਸਦਾ ਗੁਰ ਦੇਵਾ ।
ਮਿਲਿਆ ਪ੍ਰਭ ਅਲਖ ਅਭੇਵਾ ।
ਸੋਹੰ ਦੇਵੇ ਰਸਨਾ ਸਾਚਾ ਮੇਵਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪ ਵਡ ਦੇਵੀ ਦੇਵਾ । ੫ ਕੱਤਕ ੨੦੦੯ ਬਿ

੪੧੩

ਨਿਮਸਕਾਰ ਕਰੋ ਗੁਰਦੇਵ ।
ਕਲਜੁਗ ਪਰਗਟੇ ਅਲਖ ਅਭੇਵ ।
ਸਾਚੀ ਪ੍ਰੀਤ ਗੁਰ ਦਰਸ ਸੇਵ ।
ਉਤਮ ਫਲ ਕਲ ਸੋਹੰ ਮੇਵ ।
ਮਹਾਰਾਜ ਸ਼ੇਰ ਸਿੰਘ ਕੋਈ ਨਾ ਦੀਸੇ,
ਕਲਜੁਗ ਤੁਝ ਜੇਵ । ੨੯ ਚੇਤ ੨੦੦੮ ਬਿ



੪੧੪

ਨਿਮਸਕਾਰ ਕਰੋ ਗੁਰਦੇਵਾ ।
ਬਿਰਥਾ ਨਾ ਜਾਏ ਗੁਰ ਕੀ ਸੇਵਾ ।
ਸਾਚਾ ਫਲ ਲਗਾਏ ਅੰਮ੍ਰਿਤ ਮੇਵਾ ।
ਜੋ ਜਨ ਗਾਏ ਰਸਨਾ ਜਿਹਵਾ ।
ਦਰਸ ਦਿਖਾਏ ਵਡ ਦੇਵੀ ਦੇਵਾ ।
ਪ੍ਰਭ ਅਬਿਨਾਸ਼ੀ ਅਲਖ ਅਭੇਵਾ ।
ਪੂਰ ਕਰਾਏ ਗੁਰਸਿਖ ਸੇਵਾ ।
ਮਾਤ ਲਗਾਏ ਸਾਚਾ ਥੇਵਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਿਸ ਜਨ ਰਸਨਾ ਹਰਿ ਸਾਚਾ ਸੇਵਾ । ੧੪ ਚੇਤ ੨੦੧੧ ਬਿ

੪੧੫

ਨਿਮਸਕਾਰ ਨਿਮਸਕਾਰ ਨਿਮਸਕਾਰ ਗੁਰਦੇਵ ।
ਬਿਰਥਾ ਨਾ ਜਾਏ ਲੋਕਮਾਤ,
ਗੁਰ ਪੂਰੇ ਕੀਨੀ ਸੇਵ ।
ਆਤਮ ਤੀਰਥ ਆਪ ਨੁਹਾਏ,
ਦਇਆ ਕਰੇ ਵਡ ਦੇਵੀ ਦੇਵ ।
ਰਸਨਾ ਗੁਣ ਹਰਿ ਸਾਚਾ ਗਾਏ,
ਹੋਏ ਸੁਲਖਣੀ ਸਾਚੀ ਜਿਹਵ ।
ਅੰਮ੍ਰਿਤ ਫਲ ਇਕ ਖਵਾਏ,



੧੫੧



ਜੋਤੀ ਜੋਤ ਸਰੂਪ ਹਰਿ,
ਕਲਜੁਗ ਤੇਰੀ ਅੰਤਮ ਵਰ,
ਗੁਰਮੁਖ ਸਾਚੇ ਸੰਤ ਜਨਾਂ
ਸੋਹੰ ਸ਼ਬਦ ਸਾਚਾ ਮੇਵ । ੧੩ ਫੱਗਣ ੨੦੧੧ ਬਿ

✪ ੪੧੬ ✪

ਨਿਮਾਣਿਆਂ ਦੇ ਮਾਣ ਪ੍ਰਭ,
ਢਹਿ ਪਏ ਸਰਨਾਈ ।
ਮੂਰਖ ਮੁਗਧ ਸੁਜਾਨ ਕਰ,
ਦਰ ਆਏ ਸਰਨ ਤਕਾਈ ।
ਸਚ ਸੋਹੰ ਸ਼ਬਦ ਦਾਨ ਕਰ,
ਆਤਮ ਬੁਝੀ ਦੀਪਕ ਦੇਹੁ ਜਗਾਈ ।
ਪ੍ਰਭ ਹਿਰਦਕ ਜੋਤ ਗਿਆਨ ਕਰ,
ਨਿਜਾ ਨੰਦ ਦੇਹੁ ਦਰਸਾਈਂ ।
ਮਹਾਰਾਜ ਸ਼ੇਰ ਸਿੰਘ ਕਿਰਪਾ ਵਿਸ਼ਨੂੰ ਭਗਵਾਨ ਕਰ,
ਆਣ ਡਿਗੇ ਤੇਰੇ ਦਰ । ੨੯ ਚੇਤ ੨੦੦੮ ਬਿ



✪ ੪੧੭ ✪

ਨਾਮ ਅੰਮ੍ਰਿਤ ਬਾਣੀ ਸਤਿਗੁਰ ਪਿਆਰ,
ਦੂਜੀ ਧਾਰ ਨਾ ਕੋਇ ਵਖਾਇੰਦਾ ।
ਅੰਦਰੇ ਅੰਦਰ ਕਰੇ ਗ਼ੁਫ਼ਤਾਰ,
ਗ਼ੁਫ਼ਤ ਸ਼ੁਨੀਦ ਖੇਲ ਵਖਾਇੰਦਾ ।
ਕਰੇ ਖੇਲ ਆਪ ਕਰਤਾਰ,
ਕਰਨੀ ਆਪਣੀ ਆਪ ਜਣਾਇੰਦਾ ।
ਦਰ ਦਰਵੇਸ਼ ਬਣ ਭਿਖਾਰ,
ਹਰਿ ਅਲੱਖ ਨਿਰੰਜਣ ਅਲਖ ਜਗਾਇੰਦਾ ।
ਭਗਤ ਭਗਵੰਤ ਖੇਲ ਨਿਆਰ,
ਨਿਰਗੁਣ ਸਰਗੁਣ ਆਪ ਖਲਾਇੰਦਾ ।
ਸੱਚਾ ਨਾਦ ਵਜੇ ਧੁਨਕਾਰ,
ਰੁਣ ਝੁਣ ਆਪਣੀ ਆਪ ਸਮਝਾਇੰਦਾ ।
ਸੜਕ ਕੰਢੇ ਬੈਠੇ ਖ਼ਬਰਦਾਰ,
ਬੇਖ਼ਬਰ ਖ਼ਬਰ ਆਪ ਪੁਚਾਇੰਦਾ ।
ਇਸ ਤੋਂ ਪਰੇ ਨਾ ਕੋਈ ਕਰਤਾਰ,
ਸਚ ਦੁਆਰਾ ਨਾ ਕੋਈ ਵਡਿਆਇੰਦਾ ।
ਜਿਸ ਅੰਤਰ ਇਕ ਅਧਾਰ,
ਤਿਸ ਮੰਤਰ ਨਾਮ ਸੁਣਾਇੰਦਾ ।



੧੫੨



ਬਾਣੀ ਅੰਮ੍ਰਿਤ ਕਰੇ ਪੁਕਾਰ,
ਗੁਰਮੁਖਾਂ ਰਾਹ ਤਕਾਇੰਦਾ ।
ਬਿਨ ਭਗਤਾਂ ਕਰੇ ਨਾ ਕੋਈ ਸ਼ਿੰਗਾਰ,
ਸਚ ਰੂਪ ਨਾ ਕੋਇ ਵਟਾਇੰਦਾ ।
ਤਖ਼ਤ ਨਿਵਾਸੀ ਏਕੰਕਾਰ,
ਨਿਰਗੁਣ ਆਪਣੀ ਦਇਆ ਕਮਾਇੰਦਾ ।
ਬੇਵਸ ਹੋ ਕੇ ਡਿਗਾ ਮੂੰਹ ਦੇ ਭਾਰ,
ਆਪਣਾ ਬਲ ਨਾ ਕੋਇ ਜਣਾਇੰਦਾ ।
ਦੇਵਣਹਾਰ ਇਕ ਦਾਤਾਰ,
ਦਾਤਾ ਦਾਨੀ ਆਪ ਅਖਵਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਚੀ ਕਰਨੀ ਆਪ ਕਮਾਇੰਦਾ । ੧੮ ਫੱਗਣ ੨੦੧੯

੪੧੮



ਨੇਰਨ ਨੇਰਾ ਹੋ ਕਰੀਬ,
ਦੂਰ ਦੁਰਾਡਾ ਪੰਧ ਮੁਕਾਈਆ ।
ਤੇਰਾ ਮਾਰਗ ਵੇਖਾ ਅਜੀਬ,
ਅਜਬ ਤਰਾ ਦੇ ਸਮਝਾਈਆ ।
ਮੈਂ ਜਨਮ ਕਰਮ ਦਾ ਤੇਰਾ ਮਰੀਜ਼,
ਬਣ ਤਬੀਬ ਲੈ ਬਚਾਈਆ ।
ਤੇਰੀ ਛੋਹ ਚਰਨ ਬਦਲੇ ਮੇਰੇ ਨਸੀਬ
ਨਿਸਬਤ ਆਪਣੀ ਵਿਚ ਮਿਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਿਰ ਆਪਣਾ ਹੱਥ ਟਿਕਾਈਆ । ੨੩ ਹਾੜ ੨੦੨੧

੪੧੯

ਪਤਿ ਪਰਮੇਸ਼ਵਰ ਦੀਨ ਦਿਆਲ,
ਦਇਆ ਨਿਧ ਤੇਰੀ ਸਰਨਾਈਆ ।
ਤੂੰ ਠਾਕਰ ਹਉਂ ਕੰਗਾਲ,
ਸੇਵਕ ਆਪਣਾ ਲੈਣਾ ਬਣਾਈਆ ।



ਨਾਮ ਭੰਡਾਰਾ ਦੇਣਾ ਸੱਚਾ ਧਨ ਮਾਲ,
ਮਾਲਕ ਖਾਲੀ ਝੋਲੀ ਅੱਗੇ ਡਾਹੀਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,



ਏਕਾ ਦੇਣਾ ਧੁਰ ਦਾ ਵਰ,
ਦਰ ਤੇਰੇ ਆਸ ਰਖਾਈਆ । ੧ ਚੇਤ ਸ਼ ਸੰ ੩

✪ ੪੨੦ ✪

ਪਤਿਤ ਉਧਾਰਨ ਹੈ ਭਵ ਖੰਡਨ ।
ਪਤਿਤ ਪਾਵਨ ਦੁੱਖ ਭੈ ਭੰਜਨ ।
ਪਰਗਟ ਭਿਓ ਤ੍ਰੈਲੋਕੀ ਨੰਦਨ ।
ਗੁਰਸਿਖ ਜਗਤ ਮਹਿਕਾਏ ਵਾਂਗ ਚੰਦਨ ।
ਦੋਏ ਜੋੜ ਕਰੋ ਗੁਰ ਚਰਨ ਬੰਦਨ ।
ਮਹਾਰਾਜ ਸ਼ੇਰ ਸਿੰਘ ਪਰਗਟੀ ਜੋਤ ਨਿਰੰਜਣ । ੧੯ ਜੇਠ ੨੦੦੭ ਬਿ

✪ ੪੨੧ ✪

ਪਤਿਤ ਪਾਪੀ ਪਾਰ ਉਤਾਰਦਾ ।
ਜੋ ਜਨ ਚਰਨ ਆਏ ਨਿਮਸਕਾਰਦਾ ।
ਸਾਚਾ ਰੰਗ ਸਚੇ ਕਰਤਾਰ ਦਾ ।
ਗੁਣ ਅਵਗੁਣ ਨਾ ਕਿਸੇ ਵਿਚਾਰਦਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਦਰ ਘਰ ਆਏ ਸਾਚੇ ਤਾਰਦਾ । ੧੭ ਚੇਤ ੨੦੧੧ ਬਿ



✪ ੪੨੨ ✪

ਪ੍ਰਭ ਅਬਿਨਾਸ਼ੀ ਜਾਮਾ ਪਾਇਆ,
ਸਰਬ ਕਲਾ ਭਰਪੂਰ ।
ਏਕਾ ਜੋਤੀ ਏਕਾ ਧਾਰ,
ਏਕਾ ਸਾਚਾ ਨੂਰ ।
ਗੁਰਮੁਖ ਸਾਚੇ ਸੰਤ ਜਨੋਂ,
ਆਤਮ ਸੰਸਾ ਕਰੋ ਦੂਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸ਼ਬਦ ਵਖਾਣੇ,
ਨਾ ਜਾਣੋ ਕੂੜੇ ਕੂੜ । ਪਹਿਲੀ ਮਾਘ ੨੦੧੦ ਬਿ

✪ ੪੨੩ ✪



ਪ੍ਰਭ ਸੰਗ ਜੀਵ ਸਾਚਾ ਨਾਤਾ ।
ਸਭ ਝੂਠੇ ਭੈਣ ਭਰਾਤਾ ।
ਅੰਤਕਾਲ ਨਾ ਕੋਈ ਸੰਗੀ,
ਛੱਡ ਗਏ ਝੂਠੇ ਸਰਬ ਪਿਤ ਮਾਤਾ ।
ਜੋਤ ਸਰੂਪ ਪਰਗਟ ਜੋਤ,
ਪ੍ਰਭ ਦੇਵੇ ਦਰਸ ਬਿਧਾਤਾ । ✪ ੧ ਮਾਘ ੨੦੦੮ ਬਿ



੪੨੪

ਪ੍ਰਭ ਸਰਨ ਜੋ ਜਨ ਆਏ ।
ਪ੍ਰਭ ਅਬਿਨਾਸ਼ੀ ਦਇਆ ਕਮਾਏ ।
ਪਤਿਤ ਪਾਪੀ ਪ੍ਰਭ ਲਏ ਤਰਾਏ ।
ਜੋ ਜਨ ਆਏ ਚਰਨੀ ਸੀਸ ਝੁਕਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਵਿਛੜਿਆਂ ਕਲ ਮੇਲ ਮਿਲਾਏ । ੨੧ ਮਾਘ ੨੦੦੮ ਬਿ

੪੨੫

ਪ੍ਰਭ ਸਾਚੇ ਲਿਆ ਜਗਤ ਅਵਤਾਰ ।
ਤੀਨ ਲੋਕ ਹੋਈ ਜੈ ਜੈ ਜੈਕਾਰ ।
ਕਲਜੁਗ ਜੀਵ ਸੁੱਤੇ ਪੈਰ ਪਸਾਰ ।
ਗੁਰਮੁਖਾਂ ਹੋਈ ਆਤਮ ਉਜਿਆਰ ।
ਸੁਰ ਨਰ ਆਏ ਪ੍ਰਭ ਦਰਬਾਰ ।
ਫੁਲ ਬਰਸਾਵਣ ਬਰਖਾ ਧਾਰ ।
ਏਕਾ ਜੋਤ ਜਗੀ ਨਿਰੰਕਾਰ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਘਨਕਪੁਰੀ ਲੈ ਅਵਤਾਰ । ਪਹਿਲੀ ਮਾਘ ੨੦੦੮ ਬਿ



੪੨੬

ਪ੍ਰਭ ਕਾ ਸੰਗ ਆਤਮ ਸੰਗੀਤ ।
ਪ੍ਰਭ ਅਬਿਨਾਸ਼ੀ ਸਾਚਾ ਮੀਤ ।
ਏਕਾ ਬਖ਼ਸ਼ੇ ਚਰਨ ਪ੍ਰੀਤ ।
ਦਿਵਸ ਰੈਣ ਸਦ ਰਸਨਾ ਚੀਤ ।
ਮਾਨਸ ਜਨਮ ਕਲਜੁਗ ਜੀਤ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਮਿਲਿਆ ਸਾਚਾ ਮੀਤ । ੨੩ ਸਾਵਣ ੨੦੦੧

੪੨੭

ਪ੍ਰਭ ਕਾ ਵਾਸ ਜਿਥੇ ਸੰਗ ਸਤਿ ।
ਭਗਤ ਜਨਾਂ ਹਰਿ ਰਾਖੇ ਪਤ ।
ਬੇਮੁਖਾਂ ਕਲ ਉਲਟੀ ਪਾਈ ਮਤ ।
ਚਲੇ ਵਿਕਾਰ ਗਿਆ ਧਰਮ ਮਨ ਸਤਿ ।
ਗੁਰਸਿਖ ਸੋਹੰ ਨਾਮ ਜਪ ।
ਸਚ ਸ਼ਬਦ ਮਨ ਸਾਚਾ ਰਟ ।
ਮਹਾਰਾਜ ਸ਼ੇਰ ਸਿੰਘ ਤੇਰੀ ਸਰਨ ਆਏ,
ਏਥੇ ਓਥੇ ਰਾਖੀਂ ਗੁਰਸਿਖਾਂ ਪਤ । ੫ ਚੇਤ ੨੦੦੮ ਬਿ





੪੨੮

ਪ੍ਰਭ ਕਾਰਜ ਕਰੇ ਪੂਰੇ ।
ਪ੍ਰਭ ਅਬਿਨਾਸ਼ੀ ਹਾਜ਼ਰ ਹਜ਼ੂਰੇ ।
ਸਭਨਾ ਚਿੰਤਾ ਕਰੇ ਦੂਰੇ ।
ਹੋਇਆ ਸਚ ਸੰਜੋਗ,
ਦੇਵੇ ਨਾਮ ਰਸ ਸੱਚਾ ਭੋਗ,
ਕਟੇ ਹਉਮੇ ਰੋਗ,
ਉਤਰੇ ਸਗਲ ਵਸੂਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਗੁਰਮੁਖਾਂ ਸਦ ਵਸੇ ਨੇੜੇ,
ਬੇਮੁਖਾਂ ਦਿਸੇ ਦੂਰ ਦੂਰੇ । ੧੨ ਚੇਤ ੨੦੧੧ ਬਿ

੪੨੯



ਪ੍ਰਭ ਕੀ ਮਹਿੰਮਾ ਜਿਸ ਜਨ ਗਾਈ ।
ਮਾਤਲੋਕ ਵਿਚ ਮਿਲੀ ਵਡਿਆਈ ।
ਸਾਚਾ ਪ੍ਰਭ ਹੋਏ ਸਹਾਈ ।
ਗੁਰਮੁਖ ਸਾਚੇ ਭੁਲ ਨਾ ਜਾਈਂ ।
ਮਦਿਰਾ ਮਾਸ ਨਾ ਰਸਨਾ ਲਾਈਂ ।
ਆਪਣੀ ਕੀਤੀ ਨਾ ਆਪ ਗਵਾਈਂ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਸਭ ਥਾਈਂ ਹੋਏ ਸਹਾਈ । ੧ ਮਾਘ ੨੦੦੮ ਬਿ

੪੩੦

ਪ੍ਰਭ ਚਰਨ ਪ੍ਰੀਤੀ ਸਦਾ ਕਮਾਓ ।
ਅਮਰਾਪਦ ਪ੍ਰਭ ਦਰ ਸਦ ਪਾਓ ।
ਵਡ ਹੰਸ ਗੁਰਸਿਖ ਬਣ ਜਾਓ ।
ਕਾਗਾਂ ਵਿਚੋਂ ਨਾਂ ਕਢਾਓ ।
ਨਿਹਕਲੰਕ ਦੀ ਸੇਵ ਕਮਾਓ ।
ਆਤਮ ਅਮੋੜ ਨਾ ਪਤ ਗਵਾਓ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਆਤਮ ਰੰਗ ਗੂੜ੍ਹ ਚੜ੍ਹਾਓ । ੧ ਮਾਘ ੨੦੦੮ ਬਿ



੪੩੧

ਪ੍ਰਭ ਜੀਵ ਜੰਤ ਉਧਾਰ ਕਰ ।
ਰੁੜ੍ਹਦਾ ਬੇੜਾ ਪਾਰ ਕਰ ।
ਕਿਰਪਾ ਗਿਰਵਰ ਗਿਰਧਾਰ ਕਰ ।

੧੫੬



ਨਿਰਧਨ ਹੋਏ ਸੁਧਾਰ ਕਰ ।
ਦੁਖੀਆਂ ਦੁਖ ਨਾਸ ਕਰ ।
ਆਪਣਾ ਆਪ ਵਿਸਵਾਸ ਕਰ ।
ਏਕਾ ਜੋਤ ਪਰਕਾਸ਼ ਕਰ ।
ਗੁਰਮੁਖ ਆਪਣਾ ਦਾਸ ਕਰ ।
ਸੋਹੰ ਰਸਨ ਸਵਾਸ ਸਵਾਸ ਕਰ ।
ਪ੍ਰਭ ਸਾਚੇ ਆਤਮ ਘਰ,
ਸਚ ਧੀਰ ਧਰਵਾਸ ਧਰ ।
ਕਲਜੁਗ ਅੰਧੇਰੀ ਰਾਤ ਆਵੇ ਡਰ ।
ਸਦਾ ਸਦਾ ਰਖ ਪਾਸ ਹਰਿ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਦਿਸੇ ਤੇਰਾ ਸਾਚਾ ਘਰ ।
ਆਤਮ ਦੁਖੜੇ ਨਾਸ ਕਰ । ੨੧ ਸਾਵਨ ੨੦੦੯ ਬਿ

੪੩੨



ਪ੍ਰਭ ਦੁਖ ਨਿਵਾਰ ਦੇ,
ਦਰ ਆਏ ਰੋਗੀ ।
ਸਾਚੇ ਪ੍ਰਭ ਤਾਰ ਦੇ,
ਕਲ ਮੇਲ ਸੰਜੋਗੀ ।
ਆਤਮ ਅੰਮ੍ਰਿਤ ਧਾਰ ਦੇ,
ਮਿਟ ਜਾਏ ਅੰਧਿਆਰ ਬਿਓਗੀ ।
ਮਹਾਰਾਜ ਸ਼ੇਰ ਸਿੰਘ ਦਰਸ ਅਪਾਰ ਦੇ,
ਗੁਰਸਿਖ ਕੋਈ ਨਾ ਦੀਸੇ ਆਤਮ ਰੋਗੀ । ੫ ਜੇਠ ੨੦੦੮ ਬਿ

੪੩੩

ਪ੍ਰਭੂ ਦਰ ਤੇਰੇ ਦਾ ਮੰਗਤਾ,
ਝੋਲੀ ਦੇਣੀ ਭਰਾਈਆ ।
ਗੜ੍ਹ ਤੋੜਨਾ ਹਉਮੇ ਹੰਗਤਾ,
ਹੰ ਬ੍ਰਹਮ ਦੇਣਾ ਸਮਝਾਈਆ ।
ਅਨਕ ਬਾਰ ਕਰਾਂ ਮਿੰਨਤਾਂ,
ਨਿਉਂ ਨਿਉਂ ਲਾਗਾਂ ਪਾਈਆ ।
ਮੇਰੇ ਬੰਸ ਵਿਚ ਰਹੇ ਕੋਈ ਨਾ ਚਿੰਤਾ,



ਦਰਦੀ ਹੋ ਕੇ ਦਰਦ ਲੈਣਾ ਵੰਡਾਈਆ ।
ਸਭ ਦੇ ਅੰਦਰ ਦੇਣੀ ਹਿੰਮਤਾ,
ਮੇਰੇ ਪਿਛੇ ਰੋ ਕੇ
ਨੈਣਾਂ ਨੀਰ ਨਾ ਕੋਇ ਵਹਾਈਆ ।



ਭਾਵੇਂ ਤਾਹਨੇ ਦੇਵਣ ਅਣਗਿਣਤ ਨਿੰਦਕਾ,
ਨਿੰਦਿਆ ਸੁਣ ਕੇ ਖ਼ੁਸ਼ੀ ਬਣਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਸਦ ਆਪਣਾ ਰੰਗ ਰੰਗਾਈਆ । ੨੧ ਚੇਤ ਸ਼ ਸੰ ੫

✪ ੪੩੪ ✪

ਪਾਰਬ੍ਰਹਮ ਤੇਰੀ ਅਚਰਜ ਮਾਇਆ ।
ਜੋਤ ਸਰੂਪੀ ਖੇਲ ਰਚਾਇਆ ।
ਆਪ ਅਭੁਲ ਸਭ ਜਗਤ ਭੁਲਾਇਆ ।
ਨਿਹਕਲੰਕ ਕਲ ਜਾਮਾ ਪਾਇਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਬੇਮੁਖ ਜੀਵਾਂ ਸਰਬ ਭੁਲਾਇਆ । ੨੧ ਮਾਘ ੨੦੦੮ ਬਿ



✪ ੪੩੫ ✪

ਪੀਆ ਪ੍ਰੀਤਮ ਹਰਿ ਨਿਰੰਕਾਰ,
ਪਰਮ ਪੁਰਖ ਅਖਵਾਇਆ ।
ਹਰਿਜਨ ਸਾਚੇ ਕਰੇ ਪਿਆਰ,
ਲੋਕਮਾਤ ਮੇਲ ਮਿਲਾਇਆ ।
ਚਰਨ ਕਵਲ ਨਾਤਾ ਵਿਚ ਸੰਸਾਰ,
ਪੁਰਖ ਬਿਧਾਤਾ ਜੋੜ ਜੁੜਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਸੀਸ ਜਗਦੀਸ਼ ਆਪਣੇ ਹੱਥ ਰਖਾਇਆ । ੩੦ ਜੇਠ ੨੦੧੬ ਬਿ

✪ ੪੩੬ ✪

ਪ੍ਰਗਟ ਹੋਇਆ ਆਪ ਭਗਵਾਨ,
ਗੁਰਮੁਖਾਂ ਨੂੰ ਦਿਤਾ ਗਿਆਨ ।
ਸੋਹੰ ਸ਼ਬਦ ਹੈ ਮਹਾਨ,
ਸਿਮਰੇ ਜੀਵ ਪਾਪ ਲਹਿ ਜਾਣ ।
ਕੁੰਭੀ ਨਰਕ ਸਿਖ ਨਾ ਜਾਣ,
ਆਦਿ ਅੰਤ ਪ੍ਰਭ ਵਿਚ ਸਮਾਣ ।
ਆਵਣ ਜਾਵਣ ਦਾ ਪੰਧ ਮੁਕਾਣ,
ਵਿਚ ਚੁਰਾਸੀ ਚੋਟਾਂ ਨਾ ਖਾਣ ।
ਸੋਹੰ ਸ਼ਬਦ ਮੇਰਾ ਨਾਮ ਪਛਾਣ,
ਮਹਾਰਾਜ ਸ਼ੇਰ ਸਿੰਘ ਦਿਤਾ ਗਿਆਨ ।





੪੩੭

ਪ੍ਰਭ ਸਾਚਾ ਸਿਰ ਰੱਖੇ ਹੱਥ ।
ਸੋਹੰ ਸ਼ਬਦ ਚਲਾਏ ਸਾਚਾ ਰਥ ।
ਪ੍ਰਭ ਦੀ ਮਹਿਮਾ ਬੜੀ ਅਕਥ ।
ਗੁਰਮੁਖ ਵਿਰਲਾ ਪਾਏ ਸਾਚੀ ਵਥ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਭਗਤ ਜਨਾਂ ਸਿਰ ਰੱਖੇ ਹੱਥ । ੧ ਮਾਘ ੨੦੦੮ ਬਿ

੪੩੮

ਪੀਰ ਪੈਗੰਬਰ ਕੁਤਬ ਗੌਂਸ,
ਮੁੱਲਾ ਸ਼ੇਖ਼ ਮਸਾਇਕ ਆਪ ਜਣਾਈਆ ।
ਪ੍ਰਭ ਮਿਲਣ ਦਾ ਜਿਸ ਨੂੰ ਸ਼ੌਕ,
ਸ਼ਾਹ ਸ਼ੌਕੀਨ ਰਿਹਾ ਜਣਾਈਆ ।
ਕੋਈ ਹੱਦ ਨਾ ਪਾਏ ਚੌਦਾਂ ਤਬਕ ਤੌਕ,
ਅਲਫ਼ ਯੇ ਸ਼ਬਦ ਨਾ ਕੋਇ ਪੜ੍ਹਾਈਆ ।
ਚਰਨ ਪ੍ਰੀਤੀ ਸਾਚੀ ਨੀਤੀ ਇਕੋ ਰੱਖੇ ਓਟ,
ਓੜਕ ਆਪਣਾ ਮੇਲ ਮਿਲਾਈਆ ।



ਦਰ ਘਰ ਮੰਦਰ ਜਾਏ ਪਹੁੰਚ,
ਬੇਪਰਵਾਹ ਫੇਰਾ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਚ ਸੁਣਾਏ ਇਕ ਸਲੋਕ,
ਸਭ ਨੇ ਗੌਣਾ ਲੋਕ ਪਰਲੋਕ,
ਤੂੰ ਮੇਰਾ ਮੈਂ ਤੇਰਾ ਤੇਰਾ ਢੋਲਾ,
ਸਦ ਵਚੋਲਾ ਨਾਮ ਅਣਮੋਲ,
ਦੂਜਾ ਰਾਗ ਨਾ ਕੋਇ ਅਲਾਈਆ । ੧੬ ਜੇਠ ੨੦੨੦ ਬਿ

੪੩੯

ਪੂਰਨ ਜੋਤ ਪੂਰਨ ਵਿਚ ਆਈ ।
ਪਾਲ ਸਿੰਘ ਦੀ ਬਿੰਦ ਤਰਾਈ ।
ਸੇਵਾ ਸਫ਼ਲ ਵਿਚ ਜਗਤ ਕਰਾਈ ।
ਧੰਨ ਸਿਖ ਜਿਸ ਗੁਰ ਜੋਤ ਸਮਾਈ ।



ਝੂਠੀ ਦੇਹ ਮਿੱਟੀ ਵਿਚ ਰਲਾਈ ।
ਜੋਤ ਸਰੂਪ ਪ੍ਰਭ ਵਿਚ ਰਹਾਈ ।
ਜੈਸੀ ਦੇਹ ਵਿਚ ਖਾਕ ਲਿਟਾਈ ।
ਸਾਰੀ ਸ੍ਰਿਸ਼ਟੀ ਪੁੱਟ ਵਖਾਈ ।



ਜੋਤ ਰੂਪ ਇਹ ਕਲ ਵਖਾਈ ।
ਧਾਰ ਦੇਹ ਨਾ ਕਰੀ ਲੜਾਈ ।
ਉਲਟੀ ਮਤ ਜੀਵਾਂ ਵਿਚ ਪਾਈ ।
ਅਲੋਪ ਬੈਠ ਵੇਖੇ ਲਿਵ ਲਾਈ ।
ਭਗਤ ਜਨਾਂ ਨੂੰ ਦਿਤਾ ਸਮਝਾਈ ।
ਕਲਜੁਗ ਵਿਚ ਮਹਾਰਾਜ ਜੋਤ ਪਰਗਟਾਈ ।
ਵਿਚ ਸੰਸਾਰ ਹਾਹਾਕਾਰ ਮਚ ਜਾਈ ।
ਬਿਨ ਦੇਹ ਤੋਂ ਪ੍ਰਭ ਨਜ਼ਰ ਨਾ ਆਈ ।
ਗੁਰਸਿਖਾਂ ਨੂੰ ਪ੍ਰਭ ਦੇਹੁ ਬੁਝਾਈ ।
ਦੇਹੁ ਦਰਸ਼ਨ ਵਿਚ ਛਿਨ ਅਲੋਪ ਹੋ ਜਾਈ ।
ਸੋਹੰ ਸ਼ਬਦ ਸਭ ਦਾ ਹੋਵੇ ਸਹਾਈ ।
ਮਨੀ ਸਿੰਘ ਹੱਥ ਦੇਵਾਂ ਵਡਿਆਈ । ੩੦ ਫੱਗਣ ੨੦੦੬ ਬਿ

✪ ੪੪੦ ✪



ਪੂਰੀ ਕਰ ਦੇ ਆਸ,
ਹਰਿ ਬਨਵਾਰੀਆ ।
ਸਾਚੀ ਜੋਤ ਕਰ ਪਰਕਾਸ਼,
ਮੇਟ ਅੰਧਿਆਰਾ ।
ਹਰਿ ਹਿਰਦੇ ਰਖ ਵਾਸ,
ਦੀਪਕ ਜੋਤੀ ਕਰ ਉਜਿਆਰਿਆ ।
ਹਉਮੇ ਦੁਖੜਾ ਹੋਵੇ ਨਾਸ,
ਏਕਾ ਬਖ਼ਸ਼ੀਂ ਚਰਨ ਪਿਆਰਿਆ ।
ਸ਼ਬਦ ਜਪੀਏ ਸਵਾਸ ਸਵਾਸ,
ਦੁਖਾਂ ਰੋਗ ਕਰੀਏ ਕਾਰਿਆ ।
ਮਾਨਸ ਜਨਮ ਹੋਵੇ ਰਾਸ,
ਮਾਤ ਗਰਭ ਨਾ ਆਈਏ ਦੂਜੀ ਵਾਰਿਆ ।
ਅੰਤਮ ਕਰ ਬੰਦ ਖੁਲਾਸ,
ਸੁਣ ਪੁਕਾਰ ਹਰਿ ਨਿਰੰਕਾਰਿਆ ।
ਜਨ ਹੋਏ ਤੇਰਾ ਦਾਸ,
ਦੋਏ ਜੋੜ ਚਰਨ ਸਰਨ ਕਰਨ ਨਿਮਸਕਾਰਿਆ । ੧੪ ਚੇਤ ੨੦੧੧ ਬਿ

✪ ੪੪੧ ✪



ਪੋਹ ਕਹੇ ਜਨ ਭਗਤੋ ਗਾਓ ਗਹਿਰ ਗੰਭੀਰ,
ਹਰਿ ਵੱਡਾ ਵਡ ਵਡਿਆਈਆ ।
ਸ਼ਾਂਤ ਹੋਵੇ ਸ਼ਰੀਰ,
ਅਗਨੀ ਤਤ ਬੁਝਾਈਆ ।

੧੬੦



ਅੰਮ੍ਰਿਤ ਬਖ਼ਸ਼ੇ ਸੀਰ,
ਨਿਝਰ ਝਿਰਨਾ ਆਪ ਝਿਰਾਈਆ ।
ਬਦਲ ਦੇਵੇ ਤਕਦੀਰ,
ਤਦਬੀਰ ਆਪਣੀ ਇਕ ਵਖਾਈਆ ।
ਲੇਖੇ ਲਾਵੇ ਸ਼ਾਹ ਹਕੀਰ,
ਗਰੀਬ ਨਿਮਾਣੇ ਗੋਦ ਉਠਾਈਆ ।
ਸ਼ਰਅ ਦਾ ਤੋੜੇ ਜ਼ੰਜੀਰ,
ਸਾਚੀ ਮੰਜ਼ਲ ਦਏ ਪੁਚਾਈਆ ।
ਜਿਸ ਗ੍ਰਿਹਿ ਵਸੇ ਕਬੀਰ,
ਕਬਰਾਂ ਤੋਂ ਬਾਹਰ ਡੇਰਾ ਲਾਈਆ ।
ਸੋ ਮਾਲਕ ਖ਼ਾਲਕ ਪ੍ਰਿਤਪਾਲਕ
ਝਗੜਾ ਮੁਕਾਏ ਗਰੀਬ ਅਮੀਰ,
ਅਮਰਾਪਦ ਇਕ ਜਣਾਈਆ ।
ਸਤਿ ਦਾ ਸਾਂਝਾ ਬਖ਼ਸ਼ ਕੇ ਚੀਰ,
ਬਸਤਰ ਕੂੜ ਕੁੜਿਆਰਾ ਦਏ ਗਵਾਈਆ ।
ਮੰਜ਼ਲ ਚੋਟੀ ਚੜ੍ਹ ਅਖ਼ੀਰ,
ਸਚਖੰਡ ਦਵਾਰਾ ਇਕ ਜਣਾਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਦਿ ਅੰਤ ਜਨ ਭਗਤਾਂ ਕੱਟਣਹਾਰਾ ਭੀੜ,
ਚੁਰਾਸੀ ਫਾਸੀ ਜਮ ਕੀ ਦਏ ਤੁੜਾਈਆ । ੭ ਪੋਹ ਸ਼ ਸੰ ੭

੪੪੨

ਪੋਹ ਕਹੇ ਮੇਰੇ ਸਾਹਿਬ ਸੁਲਤਾਨਾ,
ਸਤਿ ਸਚ ਦੇਣੀ ਸਰਨਾਈਆ ।
ਜੋਧੇ ਸੂਰਬੀਰ ਮਰਦ ਮਰਦਾਨਾ,
ਕਲ ਤੇਰੀ ਓਟ ਤਕਾਈਆ ।
ਹੁਕਮ ਵਰਤਾਉਣਾ ਇਕ ਜਹਾਨਾ,
ਨਿਰਗੁਣ ਸਰਗੁਣ ਆਪ ਸਮਝਾਈਆ ।



ਸ਼ਬਦੀ ਰਾਗ ਬਖ਼ਸ਼ ਤਰਾਨਾ,
ਤੁਰੀਆ ਤੋਂ ਪਰ੍ਹੇ ਕਰ ਪੜ੍ਹਾਈਆ ।
ਤੇਰਾ ਆਤਮ ਨੂਰ ਮਿਲੇ ਮਹਾਨਾ,
ਪਰਮਾਤਮ ਤੇਰੇ ਵਿਚ ਸਮਾਈਆ ।

੧੬੧



ਸਚ ਦਵਾਰਾ ਇਕ ਵਖੌਣਾ,
ਸਚਖੰਡ ਸਾਚਾ ਆਪ ਸੁਹਾਈਆ ।
ਜੋਤੀ ਨੂਰ ਹੋਵੇ ਨੂਰਾਨਾ,
ਅੰਧ ਅੰਧੇਰ ਨਾ ਕੋਇ ਪਰਗਟਾਈਆ ।
ਮਿਹਰਵਾਨ ਮਹਿਬੂਬ ਦਰ ਤੇਰੇ ਵਾਸਤਾ ਪਾਵਾਂ,
ਨਿਉਂ ਨਿਉਂ ਲਾਗਾਂ ਪਾਈਆ ।
ਸਦੀ ਚੌਧਵੀਂ ਕਰ ਧਿਆਨਾ,
ਨਿਜ ਨੇਤਰ ਅੱਖ ਖੁਲ੍ਹਾਈਆ ।
ਉਤਮ ਉਤਮੀ ਬੰਨ੍ਹ ਗਾਨਾ,
ਸਗਨ ਮਨੌਣਾ ਚਾਈਂ ਚਾਈਂਆ ।
ਕਲ ਕਲਕੀ ਪਹਿਰਿਆ ਜਾਮਾ,
ਜ਼ਾਮਨ ਹੋਣਾ ਬੇਪਰਵਾਹੀਆ ।
ਤੇਰਾ ਭਗਤ ਸੁਹੇਲਾ ਰਹੇ ਨਾ ਕੋਇ ਨਿਥਾਵਾਂ,
ਨਿਜ ਘਰ ਆਪਣੇ ਲੈਣਾ ਟਿਕਾਈਆ ।
ਪਿਆਰ ਮੁਹੱਬਤ ਕਰੀ
ਜਿਉਂ ਲਾਡ ਲਡਾਵਣ ਮਾਵਾਂ,



ਗੋਦੀ ਗੋਦ ਗੋਦ ਵਖਾਈਆ ।
ਆਪਣਾ ਕੰਡਾ ਤੋਲ ਤਰਾਜ਼ੂ ਨਿਰਗੁਣ ਕਰੀਂ ਸਾਵਾਂ,
ਵਧ ਘਟ ਨਾ ਕੋਇ ਬਣਾਈਆ ।
ਮੈਂ ਖੇਲ ਵੇਖਾਂ ਨਾਲ ਚਾਵਾਂ,
ਚਾਓ ਘਨੇਰਾ ਇਕ ਪਰਗਟਾਈਆ ।
ਪਤਿਪਰਮੇਸ਼ਵਰ ਪਾਰਬ੍ਰਹਮ ਪੁਰਖ ਅਕਾਲੇ ਇਕੋ ਤੇਰਾ ਪ੍ਰੇਮ ਹੰਢਾਵਾਂ,
ਦੂਜੀ ਸੇਜ ਨਾ ਕੋਇ ਸੁਹਾਈਆ ।
ਗਲ ਪੱਲੂ ਵਾਸਤਾ ਪਾਵਾਂ,
ਨਿਉਂ ਨਿਉਂ ਸੀਸ ਝੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗ੍ਰਿਹ ਮੰਦਰ ਵੇਖਣਾ ਸਾਢੇ ਤਿੰਨ ਹੱਥ ਗਰਾਮਾਂ,



ਘਰ ਘਰ ਅੰਤਰ ਆਪਣਾ
ਨੂਰ ਨੂਰ ਕਰ ਰੁਸ਼ਨਾਈਆ । ੭ ਪੋਹ ਸ਼ ਸੰ ੬



੪੪੩

ਫੱਗਣ ਕਹੇ ਮੇਰੀ ਨਿਮਸਕਾਰ ਡੰਡਾਵਤ,
ਨਿਵ ਨਿਵ ਲਾਗਾਂ ਪਾਈਆ ।
ਪ੍ਰਭੂ ਪ੍ਰੇਮ ਦੀ ਕਰ ਸਖਾਵਤ,
ਬਖ਼ਸ਼ਿਸ਼ ਵਿਚ ਨਾਮ ਵਰਤਾਈਆ ।
ਭਗਤਾਂ ਵਿਚ ਨਾ ਰਹੇ ਅਦਾਵਤ,
ਕੂੜੀ ਕਿਰਿਆ ਦੇਣੀ ਗਵਾਈਆ ।
ਸਤਿ ਧਰਮ ਦੀ ਦੇਣੀ ਨਿਆਮਤ,
ਵਸਤ ਅਗੰਮ ਵਰਤਾਈਆ ।
ਮਨੂਆ ਕਰੇ ਨਾ ਕਿਸੇ ਬਗਾਵਤ,
ਬਗਲਗੀਰ ਲੈਣਾ ਬਣਾਈਆ ।
ਇਹ ਬੱਚੇ ਤੇਰੇ ਅੰਜਾਣਤ,
ਸਿਰ ਆਪਣਾ ਹੱਥ ਰਖਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਚ ਦੀ ਸਚ ਨਾਲ ਚਤੁਰਾਈਆ । ੧ ਫੱਗਣ ਸ਼ਹਿਨਸ਼ਾਹੀ ਸੰਮਤ ੭



੪੪੪

ਬਣ ਭਿਖਾਰੀ ਆਓ ਦਰ ।
ਸੋਹੰ ਦੇਵੇ ਪ੍ਰਭ ਸਾਚਾ ਵਰ ।
ਖ਼ਾਲੀ ਭੰਡਾਰੇ ਦੇਵੇ ਭਰ ।
ਆਪ ਤੁੜਾਏ ਆਤਮ ਜਿੰਦਰਾ ਦਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪੇ ਅੰਦਰ ਬੈਠਾ ਵੜ ।

੪੪੫

ਬਣਤ ਬਣਾਏ ਆਪੇ ਆਪ ।
ਆਪ ਜਪਾਵੇ ਸੋਹੰ ਜਾਪ ।
ਆਪੇ ਹੋ ਜਾਏ ਮਾਈ ਬਾਪ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਏਕਾ ਦੇਵੇ ਸਾਚੀ ਦਾਤ । ੧੪ ਭਾਦਰੋਂ ੨੦੦੯ ਬਿ



੪੪੬

ਬੰਦੀ ਤੋੜ ਪ੍ਰਭ ਅਖਵਾਵੇ ।
ਚਰਨ ਜੋੜ ਗੁਰਸਿਖ ਤਰਾਵੇ ।
ਬੇਮੁਖ ਰੋੜ੍ਹ ਕਲਜੁਗ ਅੰਤ ਕਰਾਵੇ ।



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪ ਜਗਤ ਵਿਚ ਆਵੇ ।    ੧ ਮਾਘ ੨੦੦੮ ਬਿ

✪ ੪੪੭ ✪

ਬੰਨ੍ਹੇ ਬੇੜਾ ਹੋਏ ਸਹਾਰਾ ।
ਦਏ ਖੇੜਾ ਤਨ ਅਪਾਰਾ ।
ਮੁਕੇ ਝੇੜਾ ਅੰਮ੍ਰਿਤ ਧਾਰਾ ।
ਖੁਲ੍ਹਾ ਵਿਹੜਾ ਹਰਿ ਦਵਾਰਾ ।
ਬੰਨ੍ਹੇ ਬੇੜਾ ਅੰਤਮ ਵਾਰਾ ।
ਨਿਹਕਲੰਕ ਨਰ ਅਵਤਾਰਾ ।
ਰਾਓ ਰੰਕਾਂ ਇਕ ਭੰਡਾਰਾ ।
ਸੁਹਾਏ ਦਵਾਰ ਬੰਕ ਆਏ ਦੁਆਰਾ ।
ਰਾਓ ਰੰਕ ਇਕ ਦਾਤਾਰਾ ।
ਏਕਾ ਅੰਕ ਹਰਿ ਸ਼ਬਦ ਅਪਾਰਾ ।
ਵਜੇ ਡੰਕ ਸੁਣੇ ਸੰਸਾਰਾ ।
ਨਿਹਕਲੰਕ ਨਰਾਇਣ ਨਰ ਅਵਤਾਰਾ ।    ੪ ਚੇਤ ੨੦੧੧ ਬਿ



✪ ੪੪੮ ✪

ਬ੍ਰਹਮ ਗਿਆਨੀਆਂ ਦੇਵੇ ਹਰਿ ਨਾਉਂ ।
ਪ੍ਰਭ ਜੋਤ ਵਸੇ ਹਰਿ ਥਾਉਂ ।
ਨਿਹਕਲੰਕ ਸਦਾ ਬਲ ਜਾਓ ।
ਮਹਾਰਾਜ ਸ਼ੇਰ ਸਿੰਘ ਰਸਨਾ ਗੁਣ ਗਾਓ ।    ੧੭ ਹਾੜ ੨੦੦੮ ਬਿ

✪ ੪੪੯ ✪

ਬਾਈ ਅੱਸੂ ਕਹੇ ਮੇਰੀ ਇਕ ਅਰਦਾਸ,
ਆਖਰ ਸੀਸ ਨਿਵਾਈਆ ।
ਕਿਰਪਾ ਕਰ ਪੁਰਖ ਅਬਿਨਾਸ਼,
ਅਬਿਨਾਸ਼ੀ ਕਰਤੇ ਹੋ ਸਹਾਈਆ ।
ਜਨ ਭਗਤਾਂ ਪੂਰੀ ਕਰ ਖ਼ਾਹਸ਼,
ਖਾਲਸ ਆਪਣਾ ਰੰਗ ਰੰਗਾਈਆ ।
ਤੈਨੂੰ ਕਰਨਾ ਨਾ ਪਏ ਤਲਾਸ਼,
ਜੰਗਲ ਜੂਹਾਂ ਖੋਜ ਖੁਜਾਈਆ ।
ਗੁਰਮੁਖਾਂ ਕਾਇਆ ਮੰਦਰ ਅੰਦਰ ਦੇ ਪ੍ਰਕਾਸ਼,
ਜੋਤੀ ਨੂਰ ਨੂਰ ਰੁਸ਼ਨਾਈਆ ।
ਹਰ ਘਟ ਅੰਦਰ ਕਰ ਵਾਸ,
ਵਾਸਤਾ ਆਪਣੇ ਨਾਲ ਜੁੜਾਈਆ ।





ਗੁਰਮੁਖਾਂ ਲੇਖੇ ਲਾ ਸਵਾਸ ਸਵਾਸ,
ਜੋ ਸਾਹ ਸਾਹ ਰਹੇ ਧਿਆਈਆ ।
ਝਗੜਾ ਮਿਟਾ ਪ੍ਰਿਥਮੀ ਆਕਾਸ਼,
ਗਗਨ ਗਗਨੰਤਰ ਪੰਧ ਮੁਕਾਈਆ ।
ਤੇਰੀ ਮੰਡਲ ਤੱਕਣ ਰਾਸ,
ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ ।
ਸਦਾ ਸਦਾ ਵਸਣ ਤੇਰੇ ਪਾਸ,
ਪਾਸਾ ਜਗਤ ਵਾਲਾ ਬਦਲਾਈਆ ।
ਸਚ ਦਵਾਰ ਕਰਾਉਣਾ ਨਿਵਾਸ,
ਸਿੰਘਾਸਣ ਆਸਣ ਇਕੋ ਇਕ ਦਰਸਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਸਚ ਦੇ ਮਾਲਕ ਹੋਣਾ ਸਹਾਈਆ ।          ੨੨ ਅੱਸੂ ਸ਼ ਸੰ੭



✪ ੪੫੦ ✪

ਬਾਲੀ ਬੁਧ ਬੁਧ ਅੰਞਾਣੀ ।
ਕਲਜੁਗ ਤੇਰਾ ਭਰਿਆ ਪਾਣੀ ।
ਭੁਲੀ ਅਰਜਨ ਤੇਰੀ ਬਾਣੀ ।
ਕਾਇਆ ਹੋਈ ਅੰਨ੍ਹੀ ਕਾਣੀ ।
ਰਸਨਾ ਗਾਉਂਦੀ ਮਦਿਰਾ ਮਾਸ ਖਾਣੀ ।
ਨਾ ਗਾਇਆ ਬੱਤੀ ਦੰਦੀ ਹਰਿ ਪਰਾਨੀ ।
ਆਤਮ ਅੰਧੀ ਬੇਮੁਹਾਨੀ ।
ਝੂਠੇ ਧੰਦੇ ਅੰਤ ਪਛਤਾਨੀ ।
ਛੱਡਣੇ ਪੈਣੇ ਹਾਣੀਆਂ ਹਾਣੀ ।
ਕਿਸੇ ਨਾ ਲੱਭੇ ਰਾਜੇ ਰਾਣੀ ।
ਕਿਤੇ ਨਾ ਦਿਸੇ ਠੰਡਾ ਪਾਣੀ ।
ਅਰਜਨ ਭੁੱਲੀ ਤੇਰੀ ਸੱਚੀ ਬਾਣੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤੀ ਸਰੂਪੀ ਜਾਮਾ ਧਾਰ,
ਕਰੇ ਫੇਰ ਜਗਤ ਪਛਾਣੀ ।          ੧੪ ਚੇਤ ੨੦੧੧ ਬਿ



✪ ੪੫੧ ✪

ਬਿਆਸ ਕਹੇ
ਆਪਣਾ ਲੇਖਾ ਵੇਖ ਓਸ ਅਗੰਮੀ ਪੱਥਰ,
ਜਿਸ ਦਾ ਰੂਪ ਨਜ਼ਰ ਕਿਸੇ ਨਾ ਆਈਆ ।

੧੬੫



ਜਿਸ ਦੇ ਕਾਰਨ ਗੋਬਿੰਦ ਸੁੱਤਾ ਸੱਥਰ,
ਤੇਰੀ ਸੇਜ ਸੁਹਾਈਆ ।
ਜਨ ਭਗਤਾਂ ਨਾਲੋਂ ਰਹੀਂ ਕਦੇ ਨਾ ਵੱਖਰ,
ਦੂਜੇ ਦਰ ਨਾ ਡੇਰਾ ਲਾਈਆ ।
ਓਨ੍ਹਾਂ ਤੇਰੀ ਚੋਟੀ ਚੜ੍ਹਨਾ ਸਿਖਰ,
ਮੰਜਲ ਤੇਰੀ ਬੇਪਰਵਾਹੀਆ ।
ਪੁਰਖ ਅਕਾਲ ਦੀਨ ਦਿਆਲ ਓਨ੍ਹਾਂ ਦਾ ਕਰ ਫਿਕਰ,
ਜੋ ਤੇਰੇ ਨਾਮ ਦਾ ਫਿਕਰਾ ਗਾਈਆ ।
ਓਨ੍ਹਾਂ ਦੀ ਆਤਮ ਧਾਰੋਂ ਨਿਕਲ,
ਬਾਹਰ ਖੋਜਣ ਕੋਇ ਨਾ ਜਾਈਆ ।
ਕਲਜੁਗ ਜੀਵ ਚਾਰ ਕੁੰਟ ਦਹਿ ਦਿਸ਼ਾ ਪਿੱਟਣ,
ਨੇਤਰ ਰੋਵਣ ਮਾਰਨ ਧਾਈਆ ।
ਬਿਨ ਤੇਰੇ ਭਗਤਾਂ ਲੇਖਾ ਕੋਈ ਨਾ ਆਵੇ ਨਜਿੱਠਣ,
ਜੁਗ ਚੌਕੜੀ ਰਹੀ ਸਮਝਾਈਆ ।
ਸਭ ਦੀ ਪੂਰੀ ਕਰਦੇ ਮਨਸਾ ਆਸਾ ਇਛਣ,
ਇਛਿਆ ਵਿਚ ਭਿੱਛਿਆ ਦੇ ਪਾਈਆ ।



ਤੇਰਾ ਬੋਧ ਅਗਾਧਾ ਬੋਧ ਕਿਸੇ ਲੇਖ ਵਿਚ ਨਾ ਆਵੇ ਲਿਖਣ,
ਕਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ ।
ਲੱਖ ਚੁਰਾਸੀ ਵਿਚੋਂ ਜਗਤ ਨਿਰਾਲੇ ਤੇਰੇ ਭਗਤ ਦਿਸਣ,
ਦਿਸ਼ਾ ਵਿਚੋਂ ਆਪਣਾ ਹਿੱਸਾ ਰਹੇ ਵੰਡਾਇਆ ।
ਜੋ ਸਿੱਧੇ ਤੇਰੇ ਧਰਮ ਦਵਾਰੇ ਆ ਕੇ ਵਿਕਣ,
ਕੀਮਤ ਓਨ੍ਹਾਂ ਲੈਣੀ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਸਾਚਾ ਵਰ,
ਪੁਰਖ ਵਿਧਾਤੇ ਦਾਤ ਆਪਣੀ ਦੇਣੀ ਵਰਤਾਈਆ । ੫ ਪੋਹ ਸ਼ ਸੰ ੨

✪ ੪੫੨ ✪

ਬਿਆਸ ਕਹੇ ਪ੍ਰਭ ਤੇਰੇ ਬਲ ਬਲ ਜਾਵਾਂ,
ਬਲਹਾਰੀ ਸੀਸ ਨਿਵਾਈਆ ।
ਢੋਲਾ ਗੀਤ ਖ਼ੁਸ਼ੀ ਦਾ ਗਾਵਾਂ,
ਗਾ ਗਾ ਸ਼ੁਕਰ ਮਨਾਈਆ ।



ਜਨ ਭਗਤਾਂ ਵੇਖਾਂ ਨਾਲ ਚਾਵਾਂ,
ਚਾਉ ਘਨੇਰਾ ਦੇਣਾ ਪਰਗਟਾਈਆ ।
ਸਚ ਬੇਨੰਤੀ ਇਕ ਸੁਣਾਵਾਂ,
ਪਿਛਲੀ ਯਾਦ ਆਈਆ ।

੧੬੬



ਗੁਰਮੁਖਾਂ ਦਾ ਤੋਲ ਕਰਦੇ ਸਾਵਾਂ,
ਊਣਾ ਰਹਿਣ ਕੋਇ ਨਾ ਪਾਈਆ ।
ਤੇਰੇ ਉਪਰ ਸਭ ਦਾ ਦਾਅਵਾ,
ਝਗੜੇ ਕੂੜੇ ਦਿਤੇ ਤਜਾਈਆ ।
ਕਰ ਪਿਆਰ ਜਿਉਂ ਪੁਤਰਾਂ ਮਾਵਾਂ,
ਮਾਂ ਪੁੱਤਰ ਤੋਂ ਪਰੇ ਤੇਰੀ ਧਾਰ ਨਜ਼ਰੀ ਆਈਆ ।
ਜਿਥੇ ਮਿਲਦੀਆਂ ਠੰਡੀਆਂ ਛਾਵਾਂ,
ਸਿਰ ਸਮਰਥ ਹੱਥ ਟਿਕਾਈਆ ।
ਜੁਗ ਚੌਕੜੀ ਤੇਰਾ ਖੇਲ ਵੇਖਣ ਆਵਾਂ,
ਨਿਤ ਨਵਿਤ ਧਿਆਨ ਲਗਾਈਆ ।
ਗੁਰਮੁਖਾਂ ਪਕੜੀਂ ਆਪਣੇ ਬਾਹਵਾਂ,
ਬਲ ਆਪਣਾ ਆਪ ਪਰਗਟਾਈਆ ।
ਕੋਈ ਰਹਿ ਨਾ ਜਾਏ ਨਿਥਾਵਾਂ,
ਜੋ ਦਰ ਤੇਰੇ ਸੀਸ ਨਿਵਾਈਆ ।
ਦੁਨੀਦਾਰ ਨਾ ਵੇਖੀਂ ਕਾਵਾਂ,
ਗੁਰਮੁਖ ਹੰਸ ਲੈਣਾ ਤਰਾਈਆ ।



ਬਿਆਸ ਕਹੇ
ਮੈਂ ਆਸ ਵਿਚ ਤੇਰਾ ਰਾਹ ਤਕਾਵਾਂ,
ਬਿਨ ਅੱਖਾਂ ਅੱਖ ਖੁਲ੍ਹਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਦਰ ਠਾਂਡਾ ਧੁਰ ਦਾ ਇਕ ਸੁਹਾਈਆ ।

੪੫੩

ਬੇਮੁਖ ਦਰ ਤੋਂ ਨਠਦਾ,
ਗੁਰਸਿਖ ਚਾਓ ਘਨੇਰਾ ।
ਬੇਮੁਖ ਕਲਜੁਗ ਬੱਧਾ ਗਠ ਦਾ,
ਕੁੰਟ ਚਾਰ ਦਿਸੇ ਹਨ੍ਹੇਰਾ ।
ਗੁਰਸਿਖ ਚਰਨ ਵਿਚ ਮਥਦਾ,
ਦਰਸ਼ਨ ਪਾਇਣ ਸੰਝ ਸਵੇਰਾ ।
ਮਹਾਰਾਜ ਸ਼ੇਰ ਸਿੰਘ ਗੁਰਮੁਖ ਤੇਰਾ ਚਾਟੜਾ,
ਦੇ ਦਰਸ ਲਾਈਂ ਨਾ ਦੇਰਾ । ੧੨ ਵਿਸਾਖ ੨੦੦੮ ਬਿ





✪ ੪੫੪ ✪

ਬੇੜਾ ਬੰਨ੍ਹ ਬੰਦੀ ਤੋੜ ।
ਆਪੇ ਲੈ ਟੁਟੀ ਜੋੜ ।
ਗੁਰਸਿਖ ਸਾਚੇ ਪ੍ਰਭ ਸਾਚੇ ਦੀ ਸਾਚੀ ਲੋੜ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਚ ਪ੍ਰੀਤੀ ਚਰਨੀਂ ਜੋੜ । ੫ ਕੱਤਕ ੨੦੦੯ ਬਿ

✪ ੪੫੫ ✪

ਭਗਤ ਸੁਹੰਦੇ ਸਚ ਦਰ,
ਮਿਲੇ ਮਾਣ ਵਡਿਆਈਆ ।
ਮੈਲ ਗਵੰਦੇ ਸਚ ਘਰ,
ਦੁਰਮਤ ਰਹੇ ਨਾ ਰਾਈਆ ।
ਦਰਸ ਪਵੰਦੇ ਸਚ ਸਰ,
ਨੇਤਰ ਨੈਣ ਨੈਣ ਬਿਗਸਾਈਆ ।
ਚਰਨ ਢਹੰਦੇ ਫੜ ਲੜ,
ਆਤਮ ਪਰਮਾਤਮ ਜੋੜ ਜੁੜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਚ ਦਵਾਰ ਇਕ ਵਖਾਈਆ ।



✪ ੪੫੬ ✪

ਭਗਤ ਜਨ ਵੱਡੀ ਵਡਿਆਈ,
ਹਰਿ ਵੱਡਾ ਵਡ ਵਡਿਆਇੰਦਾ ।
ਸਾਚੇ ਘਰ ਹੋਈ ਕੁੜਮਾਈ,
ਸੱਜਣ ਇਕੋ ਨਜ਼ਰੀ ਆਇੰਦਾ ।
ਮੇਲ ਮਿਲਾਵਾ ਚਾਈਂ ਚਾਈਂ,
ਚਾਓ ਘਨੇਰਾ ਇਕ ਰਖਾਇੰਦਾ ।
ਜਗਤ ਵਿਛੋੜਾ ਹੋਵੇ ਨਾਹੀ,
ਦੋਹਰਾ ਆਪਣਾ ਸਾਕ ਬਣਾਇੰਦਾ ।
ਪੀਆ ਪ੍ਰੀਤਮ ਪਕੜੇ ਬਾਂਹੀਂ,
ਗੋਦੀ ਆਪ ਸੁਹਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਾਚਾ ਸੰਗ ਆਪ ਨਿਭਾਇੰਦਾ । ੨੧ ਹਾੜ ੨੦੨੧ ਬਿ



✪ ✪



੪੫੭

ਭਗਤ ਜਨਾਂ ਤੇਰਾ ਧਰਵਾਸ ।
ਭਗਤ ਜਨਾਂ ਪ੍ਰਭ ਸਦ ਰੱਖੇ ਵਾਸ ।
ਕਲਜਗ ਦੁੱਖੜੇ ਕਰ ਜਾਏ ਨਾਸ ।
ਵੇਲੇ ਅੰਤ ਕਰੇ ਬੰਦ ਖਲਾਸ ।
ਚਰਨ ਪ੍ਰੀਤੀ ਜਨ ਮਾਂਗੇ ਦਾਸ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਨਸ ਜਨਮ ਕਰਾਵੇ ਰਾਸ । ੧ ਮਾਘ ੨੦੦੮ ਬਿ

੪੫੮

ਭਗਤ ਜਨਾਂ ਪ੍ਰਭ ਲਾਜ ਰਖਾਈ ।
ਪਰਗਟ ਹੋਏ ਪੈਜ ਸਵਾਰੀ ਪਤਤ ਪਾਵਨ ਦੁਖ ਭੈ ਭੰਜਨ,
ਭਗਤ ਜਨਾਂ ਸਿਰ ਹੱਥ ਟਿਕਾਈ ।
ਮਹਾਰਾਜ ਸ਼ੇਰ ਸਿੰਘ ਤ੍ਰਿਲੋਕੀ ਨੰਦਨ,
ਜੀਵ ਕਰ ਦਰਸ ਪ੍ਰਭ ਪਾਰ ਉਤਾਰੀ । ੧੫ ਵਿਸਾਖ ੨੦੦੮ ਬਿ



੪੫੯

ਭਗਤ ਬੇਨੰਤੀ ਅੱਗੇ ਸਾਚੇ ਪੀਆ,
ਪ੍ਰੀਤਮ ਤੇਰੀ ਇਕ ਸਰਨਾਈਆ ।
ਨਿਰਮਲ ਨਿਰਵੈਰ ਕਰ ਜੀਆ,
ਜੀਵਣ ਜੁਗਤ ਦੇ ਸਮਝਾਈਆ ।
ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਆ,
ਰਾਏ ਧਰਮ ਨਾ ਦਏ ਸਜਾਈਆ ।
ਆਪਣੇ ਮਿਲਣਦਾ ਬਖ਼ਸ਼ ਹੀਆ,
ਹਰਿ ਹਰਿ ਤੇਰੀ ਓਟ ਤਕਾਈਆ ।
ਸਤਿ ਧਰਮ ਦੀ ਲਾ ਦੇ ਨੀਆ,
ਜੜ੍ਹ ਸਕੇ ਨਾ ਕੋਇ ਉਖੜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਿਰ ਮੇਰੇ ਹੱਥ ਟਿਕਾਈਆ ।



੪੬੦

ਭਗਤ ਬੇਨੰਤੀ ਸਦਾ ਪ੍ਰਭ ਪਾਸ,
ਦੂਸਰ ਇਸ਼ਟ ਨਾ ਕੋਇ ਮਨਾਈਆ ।
ਬੰਦਨ ਜੋੜ ਕਰੇ ਅਰਦਾਸ,
ਆਰਜ਼ੂ ਆਪਣੀ ਇਕ ਸੁਣਾਈਆ ।

੧੯੯



ਮੈਨੂੰ ਤੇਰੇ ਮਿਲਣ ਦੀ ਖ਼ਾਹਸ਼,
ਦੂਜੀ ਆਸ ਨਾ ਕੋਇ ਵਖਾਈਆ ।
ਹਉਂ ਸੇਵਕ ਬਾਲਾ ਨੱਢਾ ਦਾਸ,
ਘੋਲੀ ਘੋਲ ਘੁਮਾਈਆ ।
ਮਾਨਸ ਜਨਮ ਕਰ ਰਾਸ,
ਰਹਿਰਾਸ ਤੇਰੀ ਇਕੋ ਭਾਈਆ ।
ਜਿਸ ਗ੍ਰਿਹ ਚਲੇ ਸਵਾਸ,
ਤਿਸ ਮੰਦਰ ਦੇ ਵਡਿਆਈਆ ।
ਦੀਆ ਬਾਤੀ ਕਰ ਪਰਕਾਸ਼,
ਜੋਤੀ ਜੋਤ ਰੁਸ਼ਨਾਈਆ ।
ਆਤਮ ਸੇਜਾ ਸੌਣਾ ਖਾਟ,
ਪਲੰਘ ਸੁਹਾਵਾ ਇਕੋ ਇਕ ਬਣਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਚ ਦੇਣੀ ਮਾਣ ਵਡਿਆਈਆ । ੨ ਹਾੜ ੨੦੨੧ ਬਿ



੪੬੧

ਭਗਤ ਬੇਨੰਤੀ ਕਰੇ ਸਦ,
ਨਿਤ ਨਵਿਤ ਧਿਆਨ ਲਗਾਈਆ ।
ਅਬਿਨਾਸ਼ੀ ਕਰਤੇ ਘਰ ਆਉਣਾ ਭੱਜ,
ਨਿਰਗੁਣ ਬਣ ਕੇ ਪਾਂਧੀ ਰਾਹੀਆ ।
ਮੇਰੀ ਸੇਜ ਸੁਹੰਜਣੀ ਬਹਿਣਾ ਸਜ,
ਧੁਰ ਦਾ ਰੂਪ ਵਖਾਈਆ ।
ਮੇਰਾ ਪੂਰਾ ਕਰਾਉਣਾ ਸੱਚਾ ਹੱਜ,
ਹਾਜਤ ਅਵਰ ਨਾ ਕੋਇ ਜਣਾਈਆ ।
ਲੋਕਮਾਤ ਕਰਨਾ ਕਾਜ,
ਕਰਤਾ ਪੁਰਖ ਹੋ ਸਹਾਈਆ ।
ਆਪਣੇ ਨਾਲ ਬਖ਼ਸ਼ਣਾ ਇਤਫ਼ਾਕ,
ਨਫ਼ਾਕ ਨਜ਼ਰ ਕੋਇ ਨਾ ਆਈਆ ।
ਮਹਿਬੂਬ ਮੈਂ ਤੇਰਾ ਮੁਸ਼ਤਾਕ,
ਮੁਸ਼ਕਲ ਸਾਰੀ ਹੱਲ ਕਰਵਾਈਆ ।
ਤੇਰਾ ਮਿੱਤਰ ਪਿਆਰਾ ਬਣ ਅਹਿਬਾਬ,
ਰਬਾਬ ਤਨ ਸ਼ਨਵਾਈਆ ।
ਸਚ ਦਵਾਰ ਇਕ ਅਰਦਾਸ,
ਬੇਨੰਤੀ ਸਚ ਦ੍ਰਿੜਾਈਆ ।
ਜਗਤ ਵਿਛੋੜਾ ਕਟ ਅਜਾਬ,





ਦੋਹਰਾ ਆਪਣਾ ਮੇਲ ਮਿਲਾਈਆ ।
ਮੁਖ ਪੜਦਾ ਖੋਲ੍ਹ ਨਕਾਬ,
ਚਸ਼ਮੇਂ ਦੀਦ ਕਰ ਰੁਸ਼ਨਾਈਆ ।
ਜਗਤ ਭੁੱਲੇ ਹੁਜਰਾ ਮਹਿਰਾਬ,
ਮਹੱਲਾ ਇਕੋ ਸੋਭਾ ਪਾਈਆ ।
ਜਿਸ ਗ੍ਰਿਹ ਪਰਵਰਦਿਗਾਰ ਵਸੇ ਆਪ,
ਆਪਣਾ ਡੇਰਾ ਲਾਈਆ ।
ਉਸ ਦਵਾਰੇ ਲੈ ਜਾ ਸਾਥ,
ਧੁਰ ਦਾ ਸੰਗ ਬਣਾਈਆ ।
ਮੇਰੀ ਕਾਇਨਾਤ ਵਾਲੀ ਨਹੀਂ ਗਾਥ,
ਰਸਨਾ ਨਾਲ ਨਾ ਕੋਇ ਪੜ੍ਹਾਈਆ ।
ਜਨ ਭਗਤ ਕਹੇ
ਮੈਂ ਇਕੋ ਵਾਰ ਕਿਹਾ ਤੂੰ ਮੇਰਾ ਬਾਪ,
ਪਿਤਾ ਪੂਤ ਹੋਏ ਨਾ ਕਦੇ ਜੁਦਾਈਆ ।
ਤੇਰੀ ਧਾਰੋਂ ਤੇਰੀ ਉਪਜੀ ਸ਼ਾਖ,
ਤੁਧ ਬਿਨ ਸ਼ਨਾਖ਼ਤ ਕਰਨ ਕੋਇ ਨਾ ਆਈਆ ।



ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦੋਏ ਜੋੜ ਪਿਆ ਸਰਨਾਈਆ । ੨ ਹਾੜ ੨੦੨੧ ਬਿ

✪ ੪੬੨ ✪

ਭਿੰਨੜੀ ਰੈਣ ਚਾਓ ਘਨੇਰਾ ।
ਭਗਤਾਂ ਪਾਇਆ ਭਗਵਾਨ ਘੇਰਾ ।
ਜਨਮ ਕਰਮ ਦਾ ਕਰ ਨਬੇੜਾ ।
ਕੋੜਿਆਂ ਕਮਲਿਆਂ ਬੰਨ੍ਹ ਦੇ ਬੇੜਾ ।
ਚਰਨ ਕਵਲ ਰਖ ਖੁਲ੍ਹਾ ਵਿਹੜਾ ।
ਸਭ ਦਾ ਕਟ ਚੁਰਾਸੀ ਗੇੜਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਚ ਦੁਵਾਰੇ ਆਇਆ ਜਿਹੜਾ ।

✪ ੪੬੩ ✪



ਭਿੰਨੜੀ ਰੈਣ ਚੜ੍ਹਿਆ ਚਾ,
ਸਤਿਗੁਰ ਪੁਰਖ ਮਨਾਇਆ ।
ਸਤਿਗੁਰ ਪੂਰਾ ਮਿਲਿਆ ਇਕ ਮਲਾਹ,
ਗੁਰਸਿਖ ਸਾਜਣ ਵੇਖ ਵਖਾਇਆ ।
ਦੋਹਾਂ ਬਹਾਏ ਏਕਾ ਥਾਂ,



ਏਕਾ ਦਰ ਖੁਲ੍ਹਾਇਆ ।
ਕਲਜੁਗ ਕਰੇ ਸਚ ਨਿਆਂ,
ਜਗਤ ਝੇੜਾ ਮੇਟ ਮਿਟਾਇਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਭਿੰਨੜੀ ਰੈਣ ਮੇਲ ਮਿਲਾਇਆ । ੨੩ ਜੇਠ ੨੦੧੬ ਬਿ

✪ ੪੬੪ ✪

ਭਿੰਨੜੀ ਰੈਣ ਉਠੀ ਜਾਗ,
ਹਰਿ ਸੰਗਤ ਨਾਲ ਜਗਾਈਆ ।
ਹੰਸ ਬਣਦੇ ਵੇਖੇ ਕਾਗ,
ਮੁਖ ਤੋਂ ਆਪਣਾ ਪਰਦਾ ਲਾਹੀਆ ।
ਘਰ ਵਿਚ ਘਰ ਦੀਪਕ ਜਗਦੇ ਵੇਖੇ ਚਿਰਾਗ,
ਆਪਣਾ ਅੰਧੇਰਾ ਰਹੀ ਮਿਟਾਈਆ ।
ਸਤਿਗੁਰ ਪੂਰਾ ਗੁਰਮੁਖਾਂ ਧੋਵਣ ਆਇਆ ਦਾਗ,
ਭਿੰਨੜੀ ਰੈਣ ਨਾਲ ਰਲਾਈਆ ।



ਹਰਿ ਸੰਗਤ ਤੇਰੇ ਵਡ ਵਡ ਭਾਗ,
ਧਰਤ ਧਵਲ ਖ਼ੁਸ਼ੀ ਰਹੀ ਮਨਾਈਆ ।
ਭਿੰਨੜੀ ਰੈਣ ਸਰਨ ਸਰਨਾਈ ਗਈ ਲਾਗ,
ਦੋਏ ਜੋੜ ਬੈਠੀ ਸੀਸ ਝੁਕਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਆਪ ਆਪਣੀ ਦਇਆ ਕਮਾਈਆ ।

✪ ੪੬੫ ✪

ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ ।
ਜੋਤ ਤੋਂ ਪਰਗਟ ਜੋਤ,
ਜੋਤ ਜਗਤ ਪਰਗਟਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ
ਵਿਆਪੇ ਸਭੇ ਦੂਖ,
ਕਲਜੁਗ ਲਏ ਤਰਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ



ਵਿਸ਼ਨੂੰ ਪਰਗਟ ਆਪ,
ਮਾਨਸ ਦੇਹਿ ਬਣਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਜੇਠ ਪੰਜ ਘਰ ਘਰ ਮਿਲੇ ਵਧਾਈ ।



ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ
ਕਿਰਪਾ ਕਰ ਅਪਾਰ,
ਈਸ਼ਰ ਕਲਜੁਗ ਦਏ ਵਡਿਆਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ
ਧਨ ਸਹਾਵਾ ਥਾਨ,
ਜਿਥੇ ਪ੍ਰਭ ਜੋਤ ਪਰਗਟਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ
ਕੁੱਖ ਤਾਬੇ ਦੀ ਸੁਫਲ ਕਰਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਪਿਤਾ ਜਵੰਦ ਸਿੰਘ ਪੂਤ ਰਘੁਰਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਮਹਾਰਾਜ ਸ਼ੇਰ ਸਿੰਘ ਜੋਤ ਜਗਤ ਟਿਕਾਈ ।

✪ ੪੬੬ ✪



ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਮਿਲ ਸਖੀਆਂ ਮੰਗਲ ਗਾਇਆ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਧੰਨ ਜਣੇਂਦੀ ਮਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਜਗਤ ਭਏ ਉਜਿਆਰ, ਹਰਿ ਜਸ ਗਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ,
ਜਾਮਾ ਲਿਆ ਧਾਰ, ਕਲ ਨਿਹਕਲੰਕ ਅਖਵਾਈ ।
ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ
ਮਹਾਰਾਜ ਸ਼ੇਰ ਸਿੰਘ ਲੈ ਅਵਤਾਰ,
ਤੀਨ ਲੋਕ ਜੈ ਜੈਕਾਰ ਕਰਾਈ । ੪ ਜੇਠ ੨੦੦੭ ਬਿ

✪ ੪੬੭ ✪

ਭਿੰਨੀ ਰੈਣੜੀਏ ਤੈਨੂੰ ਮਿਲੇ ਵਧਾਈ ।
ਗੁਰਮੁਖ ਸਾਚੇ ਸੰਤ ਜਨ,
ਹਰਿ ਲਏ ਮਿਲਾਈ ।
ਪ੍ਰਭ ਅਬਿਨਾਸ਼ੀ ਮਾਤ ਜੋਤ ਧਰ,
ਹਰਿ ਕਰੇ ਜਗਤ ਰੁਸ਼ਨਾਈ ।
ਭਿੰਨੀ ਰੈਣੜੀਏ,



ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰਾ ਬਣੇ ਸਾਚਾ ਮਿਤ ਸਖਾਈ । ੫ ਜੇਠ ੨੦੧੦ ਬਿ

✪ ✪



੪੬੮

ਭੋਗ ਲਗਾਏ ਪ੍ਰਭ ਭੰਡਾਰੇ ।
ਸਾਧ ਸੰਗਤ ਸਰਬ ਵਰਤਾਰੇ ।
ਆਤਮ ਦੁਖ ਪ੍ਰਭ ਨਿਵਾਰੇ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ,
ਪਰਗਟ ਜੋਤ ਭੋਗ ਲਗਾਏ । ੧ ਮਾਘ ੨੦੦੮ ਬਿ

੪੬੯

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ ।
ਸ੍ਰਿਸ਼ਟ ਸਬਾਈ ਕਰਦੀ ਜਾਏ ਖੈ ।
ਗੁਰਮੁਖ ਵਿਰਲਾ ਵਿਚ ਮਾਤ ਦੇ ਰਹੈ ।
ਅੱਠੇ ਪਹਿਰ ਦਿਵਸ ਰੈਣ,
ਜੋ ਨਾਉਂ ਤੇਰਾ ਸਾਚਾ ਲਏ ।
ਅੰਤਮ ਅੰਤ ਕਲਜੁਗ ਮੰਦਰ ਮਸੀਤਾਂ ਜਾਣੇ ਢੈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰ ਸੰਗਤ ਆਖੇ ਤੇਰੀ ਸਦਾ ਜੈ । ੩ ਮਾਘ ੨੦੧੦



੪੭੦

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਦੇਹ ਤਜਾਈ ।
ਅਗਨੀ ਭੇਟ ਆਪ ਚੜ੍ਹਾਈ ।
ਮਾਤ ਪਿਤ ਨਾ ਕੋਈ ਰਖਾਈ ।
ਗੁਰਮੁਖ ਸਾਚੇ ਵਿਚ ਜੋਤ ਟਿਕਾਈ ।
ਨਾ ਕੋਈ ਭਾਈ ਨਾ ਕੋਈ ਭੈਣ,
ਨਾ ਕੋਈ ਦਿਸੇ ਧੀ ਜਵਾਈ ।
ਏਕਾ ਗੁਰ ਸੰਗਤ ਤੇਰੀ ਚਰਨ ਪ੍ਰੀਤ ਪ੍ਰਭ ਸਾਚੇ ਭਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਰਗਟ ਜੋਤ ਮਿਲਣ ਆਇਆ ਸਾਚਾ ਮਾਹੀ । ੫ ਜੇਠ ੨੦੧੧ ਬਿ

੪੭੧

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਓ ।
ਨਿਜਾਨੰਦ ਨਿਜ ਘਰ ਮੇਂ ਪਾਓ ।
ਪਰਮਾਨੰਦ ਦੇ ਵਿਚ ਸਮਾਓ ।
ਬੰਦ ਬੰਦ ਵਿਚ ਜੋਤ ਜਗਾਓ ।
ਆਤਮ ਕੰਧ ਪਰੇ ਹਟਾਓ ।
ਸੋਹੰ ਛੰਦ ਆਪ ਸੁਣੇ ਅਵਰ ਸੁਣਾਓ ।





ਮਦਿਰਾ ਮਾਸ ਰਸਨਾ ਨਾ ਲਾਵਣਾ ਗੰਦ,
ਪ੍ਰਭ ਅਬਿਨਾਸ਼ੀ ਦਏ ਸਜਾਓ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਵਡ ਦਾਤਾ ਬੇਪਰਵਾਹੋ । ੭ ਜੇਠ ੨੦੧੦ ਬਿ

### ੪੭੨

ਮੰਗਣ ਆਏ ਬਣ ਭਿਖਾਰੀ ।
ਪ੍ਰਭ ਅਬਿਨਾਸ਼ੀ ਵਡ ਭੰਡਾਰੀ ।
ਸਾਚੀ ਦਾਤ ਝੋਲੀ ਪਾ,
ਕਲਜੁਗ ਅੰਤਮ ਹੋਈ ਖਵਾਰੀ ।
ਗਲੋਂ ਕਟੇ ਚੁਰਾਸੀ ਫਾਹ,
ਦੇ ਚਰਨ ਸਚੀ ਸਰਦਾਰੀ ।
ਇਕ ਵਖਾ ਸੱਚਾ ਥਾਂ,
ਜਿਥੇ ਵਸੇ ਹਰਿ ਬਨਵਾਰੀ ।
ਅਗੇ ਹੋਏ ਫੜ ਲੈ ਬਾਂਹ,
ਆਤਮ ਹੋਈ ਸਭ ਦੁਖਿਆਰੀ ।
ਨਾ ਕੋਈ ਸਮਝਾਵੇ ਪੁਤਾਂ ਮਾਂ,
ਨਿਹਕਲੰਕ ਆਇਆ ਮਾਤ ਜਾਮਾ ਧਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਰਗਟ ਜੋਤ ਗੁਰਮੁਖਾਂ ਪਾਰ ਉਤਾਰੀ । ੧੪ ਚੇਤ ੨੦੧੧ ਬਿ



### ੪੭੩

ਮੰਗਲ ਗਾਇਆ ਸਾਚੇ ਘਰ ।
ਗੁਰ ਸੰਗਤ ਵਿਦਾ ਦੇਵੇ ਕਰ ।
ਖ਼ੁਸ਼ੀ ਜਾਣਾ ਆਪਣੇ ਘਰ ।
ਨਾਲ ਲੈ ਜਾਣਾ ਸਾਚਾ ਵਰ ।
ਸੋਹੰ ਸ਼ਬਦ ਝੋਲੀ ਭਰ ।
ਆਤਮ ਨਹਾਉਣਾ ਸਾਚੇ ਸਰ ।
ਰਸਨਾ ਗਾਉਣਾ ਕਰਨੀ ਕਰ ।
ਚਰਨ ਸੀਸ ਧਰਾਵਣਾ,
ਆਤਮ ਹੰਕਾਰ ਦੂਰ ਕਰ ।
ਆਪਣਾ ਆਪ ਭੇਟ ਚੜ੍ਹਾਵਣਾ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਤਮ ਸਹਿਸਾ ਦੇਵੇ ਕੱਢ,
ਜੋਤੀ ਸਾਚਾ ਨੂਰ ਧਰ । ੩ ਮਾਘ ੨੦੧੦ ਬਿ





✪ ੪੪੮ ✪

ਮਦਿ ਮਾਸ ਜਿਸ ਜੀਵ ਆਹਾਰ ।
ਸੋ ਜੀਵ ਜਾਏ ਨਰਕ ਮਝਾਰ ।
ਕੂਕਰ ਸੂਕਰ ਜੂਨ ਮਿਲੇ,
ਹੋਏ ਜਨਮ ਘੋਗੜ ਪਾਏ ਬਾਰ ਬਾਰ ।
ਹੋਏ ਵਿਸ਼ਟਾ ਮੁਖ ਦੇਵੇ ਦੇਹ ਅਧਾਰ ।
ਹੋਏ ਨਰਕ ਨਿਵਾਸ ਪਾਏ ਦੁਖ,
ਕੋਈ ਨਾ ਲੇਵੇ ਕਲਜੁਗ ਸਾਰ ।
ਗੁਰਸਿਖਾਂ ਉਜਲ ਮੁਖ,
ਵਿਚ ਚਰਨ ਪ੍ਰੀਤੀ ਦੇਹੁ ਅਧਾਰ ।
ਕਰ ਚਰਨ ਪ੍ਰੀਤੀ ਮਿਲੇ ਸਭ ਸੁਖ,
ਕਲਜੁਗ ਬੇੜਾ ਹੋਇਆ ਪਾਰ ।
ਮਹਾਰਾਜ ਸ਼ੇਰ ਸਿੰਘ ਸਰਬ ਦੁਖ ਭੰਜਨ,
ਸੋਹੰ ਦੇਵੇ ਸ਼ਬਦ ਵਪਾਰ । ੧੫ ਵਿਸਾਖ ੨੦੦੮ ਬਿ



✪ ੪੭੫ ✪

ਮਾਤਲੋਕ ਪ੍ਰਭ ਜਾਮਾ ਧਾਰੇ ।
ਸੰਤ ਜਨਾਂ ਨੂੰ ਪਾਰ ਉਤਾਰੇ ।
ਏਕਾ ਦੇਵੇ ਸੋਹੰ ਨਾਮ ਅਧਾਰੇ ।
ਗੁਰਮੁਖ ਸੋਹਣ ਪ੍ਰਭ ਚਰਨ ਦਵਾਰੇ ।
ਉਚ ਨੀਚ ਪ੍ਰਭ ਨਾ ਵਿਚਾਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜਾਮਾ ਮਾਤਲੋਕ ਵਿਚ ਧਾਰੇ । ੨੨ ਮਾਘ ੨੦੦੮ ਬਿ

✪ ੪੭੬ ✪

ਮਾਤਲੋਕ ਪ੍ਰਭ ਜਾਮਾ ਧਾਰੇ ।
ਗਣ ਗਧੰਰਬ ਪ੍ਰਭ ਚਰਨ ਦਵਾਰੇ ।
ਪ੍ਰਭ ਅਬਿਨਾਸ਼ੀ ਚਰਨ ਬਲਹਾਰੇ ।
ਸਾਧ ਸੰਗਤ ਸੋਹੇ ਚਰਨ ਦਵਾਰੇ ।
ਧਰੇ ਜੋਤ ਵਿਚ ਆਪ ਨਿਰੰਕਾਰੇ ।
ਸਾਚਾ ਪ੍ਰਭ ਭਰੇ ਭੰਡਾਰੇ ।
ਸੋਹੰ ਸ਼ਬਦ ਗਿਆਨ ਦੇ
ਪ੍ਰਭ ਆਤਮ ਕਰੇ ਉਜਿਆਰੇ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ,
ਕਰ ਕਿਰਪਾ ਪਾਰ ਉਤਾਰੇ । ਪਹਿਲੀ ਮਾਘ ੨੦੦੮



✪ ✪



੪੭੭

ਮੇਰੀ ਪੁਕਾਰ ਏਕਾ ਸੁਣ,
ਆਤਮ ਆਈ ਦਰ ਨਿਮਾਣੀ ।
ਅੰਮ੍ਰਿਤ ਪਿਆ ਹਰਿ ਜੀ,
ਇਕੋ ਸੱਚਾ ਪਾਣੀ ।
ਸੋਹੰ ਸ਼ਬਦ ਦਾਤ ਝੋਲੀ ਪਾ,
ਗਾਵਾਂ ਸੱਚੀ ਬਾਣੀ ।
ਕਲਜੁਗ ਅੰਧੇਰੀ ਰਾਤ ਮਿਟਾ,
ਗੁਰਸਿਖ ਸਾਰੇ ਸੰਗ ਰਲਾ,
ਇਕੱਠੇ ਹੋਈਏ ਹਾਣੀ ਹਾਣੀ ।
ਏਕਾ ਰੱਖੀਂ ਠੰਡੀ ਛਾਂ,
ਆਪੇ ਬਣ ਜਾਈਂ ਪਿਤਾ ਮੇਰੀ ਮਾਂ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਆਪਣੇ ਚਰਨਾਂ ਦੇਵੀਂ ਸੱਚਾ ਥਾਂ । ੭ ਚੇਤ ੨੦੧੧



੪੭੮

ਮੇਰੀ ਜੋਤ ਦਾ ਹੋਵੇ ਪਰਕਾਸ਼ ।
ਬਾਕੀ ਸਭਨਾ ਦਾ ਕੀਤਾ ਨਾਸ਼ ।
ਐਸੀ ਕਲਾ ਆਪ ਹੈ ਧਾਰੀ ।
ਆਪਣੀ ਜੋਤ ਆਪ ਪਰਗਟਾ ਲੀ ।
ਮੇਰੀ ਜੋਤ ਜਾਂ ਸਿਖ ਵਿਚ ਆਵੇ ।
ਨਬਜ਼ ਏਸ ਦੀ ਚਲਣੋਂ ਹਟਾਵੇ ।
ਇਹ ਵੱਡਾ ਭੇਤ ਹੈ ਸਾਡਾ ।
ਮਹਾਰਾਜ ਸ਼ੇਰ ਸਿੰਘ ਸਤਿਗੁਰ ਡਾਢਾ । ੧੫ ਭਾਦਰੋਂ ੨੦੦੬ ਬਿ

੪੭੯

ਮੇਲ ਮਿਲਾਇਆ ਪੂਰੇ ਗੁਰ ।
ਹੋਇਆ ਸੰਜੋਗ ਲਿਖਿਆ ਧੁਰ ।
ਸਾਚਾ ਜੋਗ ਗੁਰ ਚਰਨ ਜੁੜ ।
ਗੁਰ ਦਰਸ਼ਨ ਕੋ ਲੋਚਨ ਸੁਰ ।
ਪਰਗਟੀ ਜੋਤ ਘਨਕਪੁਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਨਰਾਇਣ ਨਰ ਅਵਤਾਰ ਸੱਚਾ ਸਤਿਗੁਰ । ੭ ਮੱਘਰ ੨੦੧੦ ਬਿ





੪੮੦

ਮਾਲਵੇ ਵਾਲਿਓ ਗਾਵੋ ਸ਼ਬਦ,
ਸਤਿਗੁਰ ਚਰਨ ਸੱਚੀ ਸਰਨਾਈ ।
ਝਗੜਾ ਛੱਡਣਾ ਦੀਨ ਮਜ਼੍ਹਬ,
ਆਤਮ ਪਰਮਾਤਮ ਲੈਣਾ ਪ੍ਰਨਾਈ ।
ਇਕ ਦੂਜੇ ਦਾ ਕਰਨਾ ਅਦਬ,
ਸਭ ਨੂੰ ਸਮਝਣਾ ਭੈਣਾਂ ਭਾਈ ।
ਸਤਿਗੁਰ ਮੇਲਾ ਜਗਤ ਨਹੀਂ ਬਦਨ,
ਨਿਰਗੁਣ ਨਿਰਗੁਣ ਲਏ ਪਰਨਾਈ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਜਗਤ ਵਿਕਾਰ ਵਿਚੋਂ ਆਇਆ ਕੱਢਣ,
ਫੜ ਬਾਹੋਂ ਪਾਰ ਕਰਾਈ ।



੪੮੧

ਮਿਹਰ ਨਜ਼ਰ ਨਾਲ ਪ੍ਰਭ ਤਕਦਾ,
ਦੋ ਜਹਾਨਾਂ ਸੱਜਣ ਮੀਤ ।
ਭੇਵ ਖੁਲ੍ਹਾਏ ਆਪਣੀ ਅੱਖ ਦਾ,
ਸ਼ਬਦ ਸੁਣਾਵੇ ਧੁਰ ਦਾ ਗੀਤ ।
ਪਰਦਾ ਲਾਹਵੇ ਸਾਚੋ ਸਚ ਦਾ,
ਬਖ਼ਸ਼ਣਹਾਰਾ ਚਰਨ ਪ੍ਰੀਤ ।
ਜੋ ਭਗਤਾਂ ਅੰਦਰ ਵਸਦਾ,
ਸੋ ਪਰਖਣਹਾਰਾ ਨੀਤ ।
ਲੱਖ ਚੁਰਾਸੀ ਵਿਚੋਂ ਰਖਦਾ,
ਕਾਇਆ ਚਾੜ੍ਹ ਕੇ ਰੰਗ ਮਜੀਠ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਵਸਣਹਾਰਾ ਧਾਮ ਅਣਡੀਠ ।



੪੮੨

ਰਸਨਾ ਹਰਿ ਹਰਿ ਸਾਚਾ ਗੌਣਾ,
ਬੱਤੀ ਦੰਦ ਹਿਲਾਈਆ ।
ਅੰਤਰ ਆਤਮ ਏਕਾ ਪੌਣਾ,
ਏਕਾ ਵੱਜੇ ਵਧਾਈਆ ।
ਜੂਠਾ ਝੂਠਾ ਕਾਇਆ ਕੱਪੜ ਲੌਹਣਾ,



ਸ਼ਬਦ ਦੋਸ਼ਾਲਾ ਤਨ ਹੰਢਾਈਆ ।
ਖਿਮਾਂ ਗ਼ਰੀਬੀ ਝੋਲੀ ਪੌਣਾ,
ਯਾਚਕ ਦਾਨ ਜੋ ਮੰਗ ਮੰਗਾਈਆ ।
ਕਾਲ ਮਹਾਂਕਾਲ ਨੇੜ ਨਾ ਔਣਾ,
ਪ੍ਰਿਤਪਾਲ ਹੱਥ ਵਡਿਆਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਗਰੀਬ ਨਿਮਾਣੇ ਗਲੇ ਲਗਾਈਆ ।

✪ ੪੮੩ ✪

ਰਸਨਾ ਰਸ ਆਤਮ ਰਸ ਪਾਉਣਾ ।
ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਉਣਾ ।
ਘਨਕਪੁਰ ਵਾਸੀ ਰਿਦੇ ਵਸਾਉਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸਤਿਗੁਰ ਸਦਾ ਧਿਆਉਣਾ ।



✪ ੪੮੪ ✪

ਰਸਨਾ ਗਾਉਣਾ ਹਰਿ ਭਗਵਾਨਾ ।
ਨੌਂ ਨਿਧ ਅਠਾਰਾਂ ਸਿੱਧ,
ਪ੍ਰਭ ਸਾਚੇ ਘਰ ਉਪਜਾਣਾ ।
ਆਤਮ ਜਾਏ ਵਿਧ,
ਸ਼ਬਦ ਤੀਰ ਇਕ ਚਲਾਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪ੍ਰਭ ਮਿਲਣ ਦੀ ਦੱਸੇ ਬਿਧ,
ਸੋਹੰ ਸੁਹਾਗ ਗੀਤ ਗਾਣਾ । ੫ ਜੇਠ ੨੦੧੧ ਬਿ

✪ ੪੮੫ ✪

ਰਸਨਾ ਜਪ ਆਤਮ ਰਸ ਪਾਓ ।
ਆਤਮ ਸਾਚੀ ਜੋਤ ਜਗਾਓ ।
ਭਰਮ ਭੁਲੇਖਾ ਸਾਰਾ ਲਾਹੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਨਿਹਕਲੰਕ ਸਚ ਸਰਨ ਰਖਾਓ । ੨੧ ਮਾਘ ੨੦੦੮



✪ ੪੮੬ ✪

ਰਸਨਾ ਜਪ ਆਤਮ ਰਸ ਮਾਣੋ ।
ਪ੍ਰਭ ਅਬਿਨਾਸ਼ੀ ਕਲ ਪਛਾਣੋ ।



ਗੁਰ ਚਰਨ ਸਦ ਸਦ ਸਦ ਕੁਰਬਾਨੋ ।
ਏਕਾ ਰੱਖ ਚਰਨ ਧਿਆਨੋ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪ ਸਦ ਵਿਚ ਸਮਾਣੋ । ੧੧ ਫੱਗਣ ੨੦੦੮ਬਿ

✪ ੪੮੭ ✪

ਰਸਨਾ ਜਪ ਜੀਵ ਸਵਾਸ ਸਵਾਸਾ ।
ਸੋਹੰ ਸ਼ਬਦ ਸਾਚਾ ਜਾਪਾ ।
ਆਪੇ ਮਾਰੇ ਹਉਮੈ ਤਾਪਾ ।
ਆਪੇ ਉਤਾਰੇ ਆਤਮ ਪਾਪਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੋਹੰ ਸਾਚਾ ਦੇਵੇ ਜਾਪਾ । ੧ ਮਾਘ ੨੦੦੯ ਬਿ

✪ ੪੮੮ ✪



ਰਸਨਾ ਜਪ ਮਿਲੇ ਰਸ ਮੁਖ ।
ਕਲਜੁਗ ਪੋਹੇ ਨਾ ਕੋਈ ਦੁਖ ।
ਆਤਮ ਵਸੇ ਸਚ ਸਾਚਾ ਸੁਖ ।
ਮਹਾਰਾਜ ਸ਼ੇਰ ਸਿੰਘ ਤੇਰਾ ਦਰਸ,
ਸਰਬ ਮਿਟਾਏ ਭੁਖ । ੧੧ ਸਾਵਣ ੨੦੦੮ ਬਿ

✪ ੪੮੯ ✪

ਰਸਨਾ ਜਪਿਆ ਰਮੱਈਆ ਰਾਮ ।
ਪਰਗਟ ਜੋਤ ਪ੍ਰਭ ਪੂਰਨ ਕਾਮ ।
ਮਨੀ ਸਿੰਘ ਦਵਾਏ ਮਾਣ ਪ੍ਰਭ,
ਪਿੰਡ ਭੰਡਾਲ ਬਣੇ ਸਚ ਧਾਮ ।
ਰਾਜੇ ਰਾਣੇ ਆਵਣ ਦਰ,
ਸੋਹੰ ਸ਼ਬਦ ਮਾਰੇ ਬਾਣ ।
ਮਹਾਰਾਜ ਸ਼ੇਰ ਸਿੰਘ ਜੋਤ ਨਿਰੰਜਣ,
ਸਤਿਗੁਰ ਜੋਤ ਜਗਾਏ ਝਬ । ੭ ਜੇਠ ੨੦੦੮ ਬਿ

✪ ੪੯੦ ✪

ਰਸਨਾ ਜਪੋ ਹਰਿ ਗੋਬਿੰਦ ।
ਦੁਖ ਵਿਨਾਸੇ ਉਤਰੇ ਮਨ ਕੀ ਚਿੰਦ ।
ਜਨ ਭਗਤ ਕਰ ਸਾਚੀ ਬਿੰਦ ।
ਬੇਮੁਖ ਡੁੱਬੇ ਕਰ ਪ੍ਰਭ ਕੀ ਨਿੰਦ ।
ਨਿਹਕਲੰਕ ਕਲ ਆਇਆ ਸਦ ਬਖ਼ਸ਼ਿੰਦ ।
ਮਹਾਰਾਜ ਸ਼ੇਰ ਸਿੰਘ ਜੋਤ ਸਰੂਪ ਪਰਗਟੇ ਵਿਚ ਹਿੰਦ । ✪ ੫ ਵਿਸਾਖ ੨੦੦੮ ਬਿ





੪੯੧

ਰਸਨਾ ਰਸ ਆਤਮ ਰਸ ਪਾਉਣਾ ।
ਪ੍ਰਭ ਅਬਿਨਾਸ਼ੀ ਨਾ ਮਨੋਂ ਭੁਲਾਉਣਾ ।
ਘਨਕਪੁਰ ਵਾਸੀ ਰਿਦੇ ਵਸਾਉਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸਤਿਗੁਰ ਸਦਾ ਧਿਆਉਣਾ । ੬ ਜੇਠ ੨੦੦੯ ਬਿ

੪੯੨

ਰਖੇ ਪੈਜ ਪ੍ਰਭ ਆਪ ਮੁਰਾਰ ।
ਦੇ ਦਰਸ ਕਿਰਪਾ ਧਾਰ ।
ਕਲ ਨਾ ਡੁੱਬੀਂ ਵਿਚ ਮੰਝਧਾਰ ।
ਸੋਹੰ ਸ਼ਬਦ ਲੰਘਾਵੇ ਪਾਰ ।
ਮਹਾਰਾਜ ਸ਼ੇਰ ਸਿੰਘ ਗੁਰਮੁਖਾਂ ਦੇਵੇ ਕਲਜੁਗ ਤਾਰ । ੧੦ ਵਿਸਾਖ ੨੦੦੮ ਬਿ



੪੯੩

ਰੰਗ ਰੰਗੀਲੇ ਮਾਧੋ ਤੇਰੇ ਰੰਗ ਨਿਆਰੇ ।
ਗੁਰਸਿਖਾਂ ਨੈਣ ਤਰਸਦੇ,
ਦੇ ਜੋਤ ਚਮਤਕਾਰੇ ।
ਅਵਗੁਣ ਸਾਰੇ ਬਖ਼ਸ਼ ਦੇ,
ਖੜ੍ਹੇ ਸਚ ਦਰਬਾਰੇ ।
ਵਿਛੜਿਆਂ ਮੇਲ ਲੈ,
ਪ੍ਰਭ ਮੇਲ ਮਿਲਾਵਣਾਹਾਰੇ ।
ਕਲਜੁਗ ਅਗਨ ਕਹਿਰ ਦੀ,
ਸ੍ਰਿਸ਼ਟ ਸਾਰੀ ਸਾੜੇ ।
ਸਿਰ ਰੱਖੀਂ ਹੱਥ ਪ੍ਰਭ ਪੂਰਿਆ,
ਤੁਧ ਬਾਂਝੋਂ ਕੋਈ ਨਾ ਤਾਰੇ ।
ਦਰ ਸੱਚਾ ਤੇਰਾ ਬੂਝਿਆ,
ਹੋਰ ਝੂਠੇ ਸਗਲ ਪਸਾਰੇ ।
ਚਰਨ ਲਾਗ ਪ੍ਰਭ ਅਬਿਨਾਸ਼ੀ ਬੂਝਿਆ,
ਜੋਤ ਸਰੂਪ ਆਪ ਨਿਰੰਕਾਰੇ ।
ਕਲਜੁਗ ਰਹੇ ਨਾ ਗੁਝਿਆ,
ਫੜ ਫੜ ਡੋਬੇ ਦੁਰਾਚਾਰੇ ।
ਦਿਵਸ ਰੈਣ ਜੋਤ ਸਰੂਪ ਪ੍ਰਭ ਰੁਝਿਆ,
ਪਾਪੀ ਜੀਵ ਜੜੋਂ ਉਖਾੜੇ ।
ਮਹਾਰਾਜ ਸ਼ੇਰ ਸਿੰਘ ਸੰਗ ਗੁਰਸਿਖਾਂ ਲੁਝਿਆ,
ਬਾਂਹੋਂ ਪਕੜ ਪਾਰ ਉਤਾਰੇ । ੧ ਚੇਤ ੨੦੦੮ ਬਿ





✪ ੪੬੪ ✪

ਰੰਗਾ ਸਿੰਘ ਰੰਗ ਰੰਗਲੀੜਾ,
ਰੰਗ ਪ੍ਰਭ ਕਾ ਜਾਣਿਆ ।
ਸਤਿਗੁਰ ਸਾਚਾ ਸਮਝ ਕੇ,
ਚਰਨ ਚਵਰ ਕਰੇ ਹੋਏ ਨਿਮਾਣਿਆ ।
ਨਾ ਜਨਮ ਗਵਾਇਆ ਭਰਮ ਕੇ,
ਈਸ਼ਰ ਜੋਤ ਵਿਚ ਜੋਤ ਮਿਲਾਣਿਆ ।
ਮਹਾਰਾਜ ਸ਼ੇਰ ਸਿੰਘ ਗੁਰਸਿਖ ਉਪਾਏ,
ਲੈ ਜਾਏ ਸਚਖੰਡ ਟਿਕਾਣਿਆ । ੮ ਚੇਤ ੨੦੦੮ ਬਿ

✪ ੪੬੫ ✪

ਰਚਨਾ ਸਾਚੀ ਆਪ ਰਚਾਈਆ ।
ਜੋਤੀ ਪੂਰੇ ਸਿਖ ਵਿਚ ਟਿਕਾਈਆ ।
ਦੁਰਮਤ ਮੈਲ ਪਹਿਲੋਂ ਧੋਤੀ,
ਕਾਇਆ ਮਾਟੀ ਸਾਫ ਕਰਾਈਆ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚੀ ਜੋਤੀ ਏਕਾ ਆਪ ਜਗਾਈਆ । ਜੇਠ ੨੦੧੧ ਬਿ



✪ ੪੬੬ ✪

ਰਾਜਨ ਰਾਜ ਸਚ ਪਾਤਸ਼ਾਹੋ ।
ਕਲਜੁਗ ਪਰਗਟਿਆ ਪ੍ਰਭ,
ਆਪ ਬੇਪਰਵਾਹੋ ।
ਧਰੇ ਜੋਤ ਸੁਹਾਏ ਥਾਉਂ ।
ਸੋਹੰ ਸ਼ਬਦ ਚਲਾਈ,
ਘਰ ਸਾਚੀ ਨਾਉਂ ।
ਰਸਨਾ ਜਪ ਗੁਰਮੁਖ,
ਕਲ ਪਾਰ ਪਰਾਓ ।
ਮਿਲ ਸਾਧ ਸੰਗਤ,
ਰਸਨਾ ਹਰਿ ਹਰਿ ਗਾਉ ।
ਭਗਤ ਵਛਲ ਨਾਥ,
ਅਨਾਥੇ ਆਤਮ ਦਰਸਾਓ ।
ਸਗਲ ਪ੍ਰਭ ਸਾਥ,
ਚਰਨ ਕਵਲ ਵਿਚ ਸਮਾਓ ।
ਰੱਖੇ ਸਿਰ ਹਾਥ,
ਅੰਤਕਾਲ ਜਮਪੁਰੀ ਨਾ ਜਾਓ ।
ਸਤਿਜੁਗ ਚਲੇ ਪ੍ਰਭ ਕੀ ਸਾਚੀ ਗਾਥ,





ਸੋਹੰ ਸ਼ਬਦ ਰਸਨਾ ਗਾਓ ।
ਮਹਾਰਾਜ ਸ਼ੇਰ ਸਿੰਘ ਪਰਗਟੇ ਤ੍ਰੈਲੋਕੀ ਨਾਥ,
ਕਰ ਦਰਸ ਮਨ ਚਿੰਦਿਆ ਫਲ ਪਾਓ । ੧੭ ਹਾੜ ੨੦੦੮ ਬਿ

✪ ੪੬੭ ✪

ਰਾਵੀ ਕਹੇ ਮੇਰੇ ਅੰਦਰ ਚਾਓ ਘਨੇਰਾ,
ਘੜੀ ਪਲ ਵਿਸਰ ਨਾ ਜਾਈਆ ।
ਕਦ ਆਵੇ ਸਾਹਿਬ ਸਵਾਮੀ ਮੇਰਾ,
ਮੋਹੇ ਵਿਛੜੀ ਲਏ ਮਿਲਾਈਆ ।
ਮੇਰੇ ਕੰਢੀ ਲਾਵੇ ਡੇਰਾ,
ਤੱਟਾਂ ਦਏ ਵਡਿਆਈਆ ।
ਬੰਨ੍ਹੇ ਲਾਵੇ ਬੇੜਾ,
ਜਗਤ ਵਹਿਣ ਨਾ ਕੋਇ ਵਹਾਈਆ ।
ਧਰਮ ਵਸਾਵੇ ਖੇੜਾ, ਵੱਜੇ ਨਾਮ ਵਧਾਈਆ ।
ਨੌ ਹੱਥ ਦਾ ਨਾਲ ਹੋਵੇ ਜੇੜਾ,
ਨਵ ਨੌ ਚਾਰ ਦਾ ਪੰਧ ਮੁਕਾਈਆ ।



ਜਿਸ ਕਾਰਨ ਮਾਰਨਾ ਫੇਰਾ,
ਭੇਵ ਅਭੇਦਾ ਦੇਣਾ ਖੁਲ੍ਹਾਈਆ ।
ਮੋਹੇ ਸੱਜਣ ਮਿਲੇ ਸਾਹਿਬ ਪ੍ਰਭ ਮੇਰਾ,
ਮਿਲ ਮਿਲ ਵਜੇ ਵਧਾਈਆ ।
ਮੇਰੇ ਅੰਤਰ ਨਿਰੰਤਰ ਖ਼ੁਸ਼ੀਆਂ ਦਾ ਬਾਦਲ ਹੋਵੇ ਘਨਘੋਰਾ,
ਆਪਣਾ ਰੂਪ ਬਦਲਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦਰ ਸਾਚਾ ਇਕ ਸੁਹਾਈਆ । ੧੪ ਫੱਗਣ ਸ਼ ਸੰ ੪

✪ ੪੬੮ ✪

ਰਾਵੀ ਕਹੇ ਮੈਂ ਸੋਈ ਉਠੀ ਜਾਗੀ,
ਜਗਤ ਵੇਖ ਵਖਾਈਆ ।
ਭਗਤ ਤੱਕਿਆ ਵੈਰਾਗੀ,
ਗੁਰਮੁਖ ਪ੍ਰਭੂ ਧਿਆਨ ਲਗਾਈਆ ।
ਰਵੀ ਤੱਕਿਆ ਤਿਆਗੀ,
ਮਮਤਾ ਮੋਹ ਮਿਟਾਈਆ ।
ਨਿਉਂ ਕੇ ਸਰਨੀ ਲਾਗੀ,
ਚਰਨ ਕਵਲ ਸੀਸ ਝੁਕਾਈਆ ।
ਪ੍ਰਭੂ ਮਨਮੁਖਾਂ ਦੀ ਵਧ ਗਈ ਆਬਾਦੀ,





ਗੁਰਮੁਖ ਵਿਰਲਾ ਨਜ਼ਰੀ ਆਈਆ ।
ਤੂੰ ਜੁਗ ਜੁਗ ਦਾ ਰਹਿਬਰ
ਧਰਮ ਧਾਰ ਦਾ ਗਾਡੀ,
ਗਾਈਡ ਹੋ ਕੇ ਵੇਖ ਵਖਾਈਆ ।
ਏਸ ਸਮੇਂ ਤੇਰੀ ਲੋੜ ਡਾਢੀ,
ਮੈਂ ਡਾਡਾਂ ਮਾਰ ਕੇ ਦਿਤੀ ਦੁਹਾਈਆ ।
ਪੱਤ ਰਹੇ ਨਾ ਸਾਡੀ,
ਸਿਰ ਹੱਥ ਨਾ ਕੋਇ ਟਿਕਾਈਆ ।
ਕਿਸੇ ਕੰਮ ਨਹੀਂ ਆਉਂਦੀ ਕਿਸੇ ਦੀ ਲੱਗੀ ਸਮਾਧੀ,
ਅੰਦਰ ਵੜ ਕੇ ਤੇਰਾ ਦਰਸ ਕੋਇ ਨਾ ਪਾਈਆ ।
ਮਨੂਆ ਸਭ ਦਾ ਹੋਇਆ ਬਾਗੀ,
ਆਪ ਆਪਣਾ ਬਲ ਵਧਾਈਆ ।
ਰਸਨਾ ਜਿਹਵਾ ਦੀ ਦੁਨੀਆ ਬਣੀ ਰਾਗੀ,
ਅੰਤਰ ਆਤਮ ਰਾਗ ਨਾ ਕੋਇ ਸੁਣਾਈਆ ।
ਸਾਹਿਬ ਤੂੰ ਭਗਤ ਉਧਾਰੇ ਆਦੀ,
ਜੁਗ ਜੁਗ ਤੇਰੀ ਬੇਪਰਵਾਹੀਆ ।



ਕਿਰਪਾ ਕਰ ਸਾਹਿਬ ਵਿਸਮਾਦੀ
ਮਿਹਰ ਨਜ਼ਰ ਉਠਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ,
ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਰਨ ਸਰਨਾਈ ਤੇਰੀ ਲਾਗੀ,
ਦੂਜੀ ਓਟ ਨਾ ਕੋਇ ਤਕਾਈਆ ।        ੨੦ ਫੱਗਣ ਸ਼ ਸੰ ੪

੪੯੯

ਰਾਵੀ ਕਹੇ ਮੈਂ ਪ੍ਰਭ ਦਾ ਦਰਸ਼ਨ ਕੀਤਾ,
ਕਰਮ ਕਾਂਡ ਦਾ ਡੇਰਾ ਢਾਹੀਆ ।
ਠਾਕਰ ਲਭਾ ਇਕੋ ਮੀਤਾ,
ਮਿਤਰ ਪਿਆਰਾ ਸੋਭਾ ਪਾਈਆ ।
ਜਿਸ ਦੇ ਛਤਰ ਝੁਲੇ ਸੀਸਾ,
ਜਗਦੀਸ ਨੂਰ ਅਲਾਹੀਆ ।



ਝਗੜਾ ਮਿਟਾਏ ਉਚਾਂ ਨੀਚਾਂ,
ਰਾਓ ਰੰਕਾਂ ਆਪਣਾ ਰੰਗ ਰੰਗਾਈਆ ।
ਘਰ ਵਖਾਏ ਇਕ ਅਨਡੀਠਾ,



ਜਿਸ ਗ੍ਰਹਿ ਬੈਠਾ ਸੋਭਾ ਪਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ,
ਸਦ ਆਪਣਾ ਰੰਗ ਰੰਗਾਈਆ ।                ੨੦ ਫੱਗਣ ਸ਼ ਸੰ ੪

✪ ੫੦੦ ✪

ਰਿਦੇ ਵਸਾਓ ਸਾਚਾ ਹਰਿ ।
ਕਲਜੁਗ ਅੰਤਮ ਜਾਓ ਤਰ ।
ਸਾਧ ਸੰਗਤ ਬਣ ਆਓ ਦਰ ।
ਸਚ ਮੰਗਤ ਵਰ ਪਾਓ ਹਰਿ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਗੁਰ ਸੰਗਤ ਕਿਰਪਾ ਦੇਵੇ ਕਰ ।                ੧੭ ਚੇਤ ੨੦੧੦

✪ ੫੦੧ ✪



ਰੈਣ ਭਿੰਨੜੀ ਆਪ ਸੁਹਾਏ ।
ਸਾਧ ਸੰਗਤ ਦਰ ਮੰਗਲ ਗਾਏ ।
ਦੁਖਾਂ ਸੰਗਲ ਆਪ ਕਟਾਏ ।
ਸੋਹੰ ਕੰਗਣ ਤਨ ਪਹਿਨਾਏ ।
ਏਕਾ ਵਰ ਸਾਚਾ ਮੰਗਣ,
ਸਾਚਾ ਨਾਮ ਪ੍ਰਭ ਭਿਛਿਆ ਪਾਏ ।
ਆਤਮ ਚਾੜ੍ਹੇ ਪ੍ਰਭ ਸਾਚੀ ਰੰਗਣ,
ਪੂਰਨ ਇਛਿਆ ਆਪ ਕਰਾਏ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਪਹਿਲੀ ਮਾਘ ਦਇਆ ਕਮਾਏ ।                ੧ ਮਾਘ ੨੦੦੯

✪ ੫੦੨ ✪

ਲੱਖ ਚੁਰਾਸੀ ਮੁਕੇ ਪੰਧ,
ਸੋ ਸਾਹਿਬ ਸਤਿਗੁਰ ਆਪ ਮੁਕਾਇੰਦਾ ।
ਦੀਨ ਦਿਆਲ ਹੋ ਬਖ਼ਸ਼ੰਦ,
ਬਖ਼ਸ਼ਿਸ਼ ਰਹਿਮਤ ਆਪ ਕਰਾਇੰਦਾ ।
ਜੁਗ ਜਨਮ ਦੀ ਟੁੱਟੀ ਗੰਢ,
ਸ਼ਬਦੀ ਡੋਰੀ ਤੰਦ ਬੰਧਾਇੰਦਾ ।



ਗੁਰਮੁਖਾਂ ਮਨਸਾ ਪੂਰੀ ਕਰਕੇ ਮੰਗ,
ਆਸਾ ਆਪਣੇ ਨਾਲ ਰਖਾਇੰਦਾ ।
ਘਰ ਪਰਕਾਸ਼ ਚਾੜ੍ਹ ਕੇ ਚੰਦ,



ਅਗਿਆਨ ਅੰਧੇਰ ਮਿਟਾਇੰਦਾ ।
ਸਚ ਸਵਾਮੀ ਬਣਕੇ ਸੰਗ,
ਸਗਲਾ ਸੰਗ ਰਖਾਇੰਦਾ ।
ਗ੍ਰਿਹ ਮੰਦਰ ਦੇਵੇ ਅਨੰਦ
ਮੰਗਲ ਇਕੋ ਇਕ ਸੁਣਾਇੰਦਾ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਸਿਰ ਆਪਣਾ ਹੱਥ ਟਿਕਾਇੰਦਾ ।   ੨੧ ਹਾੜ ੨੦੨੧

੫੦੩

ਲੇਖ ਚੁਕਾ ਦੇ ਇਕ ਤੋਂ ਦੋ ।
ਜਗਤ ਨਾਲੋਂ ਕਰ ਨਿਰਮੋਹ ।
ਤੇਰੇ ਜੋਗੇ ਜਾਈਏ ਹੋ ।
ਅੰਤਮ ਆਤਮ ਦੇ ਆਪਣੀ ਲੋ ।
ਕੂੜੀ ਕਿਰਿਆ ਸਭ ਦੇ ਕੋਲੋਂ ਖੋਹ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਚਰਨ ਪ੍ਰੀਤੀ ਦੇ ਆਪਣੀ ਛੋਹ ।



੫੦੪

ਲਗੇ ਭੋਗ ਸਤਿਜੁਗ ਸਰਦਾਰ ਦਾ ।
ਦੱਸੇ ਸਾਚੀ ਜੁਗਤ,
ਮਾਨਸ ਜਨਮ ਸਵਾਰਦਾ ।
ਅੰਤਮ ਮਿਲਦੀ ਮੁਕਤ,
ਜੋ ਜਨ ਹਰਿ ਹਰਿ ਰਸਨ ਉਚਾਰਦਾ ।
ਜੋਤੀ ਜੋਤ ਸਰੂਪ ਹਰਿ,
ਕਰ ਕਿਰਪਾ ਪਾਰ ਉਤਾਰਦਾ ।   ੧੩ ਚੇਤ ੨੦੧੧ ਬਿ

੫੦੫

ਲਗੇ ਭੋਗ ਹਰਿ ਨਿਰੰਕਾਰ ਦਾ ।
ਗੁਰਮੁਖ ਦਰ ਘਰ ਆਏ,
ਅੰਤਮ ਕਲਜੁਗ ਤਾਰਦਾ ।
ਆਪ ਪਛਾਣੇ ਥਾਈਂ ਥਾਈਂ,
ਊਚ ਨੀਚ ਜਾਤ ਪਾਤ
ਵਰਨ ਗੋਤ ਨਾ ਕੋਇ ਪਛਾਣਦਾ ।
ਆਪ ਵਸਾਏ ਸਾਚੇ ਥਾਏਂ,
ਜਿਥੇ ਕੋਈ ਜਾਏ ਨਾਹੀਂ,





ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅੰਤਮ ਅੰਤ ਪਾਰ ਲੰਘਾਏ,
ਦਰਗਾਹ ਸਾਚੀ ਮਾਣ ਦਵਾਏ,
ਵਿਖ ਪਾਪ ਸਰਬ ਉਤਾਰ ਦਾ । ੧੧ ਚੇਤ ੨੦੧੧ ਬਿ

✪ ੫੦੬ ✪

ਲਾਲ ਅਨਮੁਲੜੇ ਗੁਰਸਿਖ ਹੀਰੇ ।
ਇਕ ਦੂਜੇ ਦੇ ਬਣ ਜਾਓ ਸਾਚੇ ਵੀਰੇ ।
ਸਿਧੇ ਹੋ ਜਾਓ ਵਾਂਗ ਤੀਰੇ ।
ਦੂਈ ਦਵੈਤੀ ਪ੍ਰਭ ਸਾਚਾ ਚੀਰੇ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਜਾਮ ਇਕ ਪਿਲਾਏ,
ਜਿਉਂ ਬਾਲਕ ਮਾਤਾ ਸੀਰੇ । ੧੩ ਚੇਤ ੨੦੧੧ ਬਿ

✪ ੫੦੭ ✪



ਲੈ ਕੇ ਦਾਨ ਘਰ ਨੂੰ ਜਾਣਾ ।
ਪ੍ਰਭ ਅਬਿਨਾਸ਼ੀ ਨਾ ਭੁਲਾਣਾ ।
ਸਰਬ ਘਟ ਵਾਸੀ ਆਪਣੇ ਰਿਦੇ ਵਸਾਣਾ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋਤ ਸਰੂਪੀ ਪਰਗਟ ਹੋਇਆ,
ਦੇਵੇ ਸੋਹੰ ਸੱਚਾ ਦਾਨਾ । ੧੪ ਚੇਤ ੨੦੧੧ ਬਿ

✪ ੫੦੮ ✪

ਵਧਾਈ ਵਧਾਈ ਵਧਾਈ,
ਗੁਰ ਸੰਗਤ ਵਧਾਈ ।
ਪੂਰਨ ਮਤ ਗੁਰ ਦਰ ਤੇ ਪਾਈ ।
ਸਾਚਾ ਸਤਿ ਘਰ ਲੈ ਜਾਈ ।
ਦੁਰਮਤ ਮੈਲ ਗੁਰ ਦਰ ਗਵਾਈ ।
ਅਚਰਜ ਖੇਲ ਕਰੇ ਰਘੁਰਾਈ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਅਨਾਥਾਂ ਹੇਤ ਜੋਤ ਪਰਗਟਾਈ । ੬ ਜੇਠ ੨੦੦੯ ਬਿ



✪ ੫੦੯ ✪

ਵਡ ਸੂਰਾ ਸੂਰਬੀਰ ।
ਕਿਆ ਕੋਈ ਜਾਣੇ ਵਡ ਪੀਰਨ ਪੀਰ ।
ਭੁੱਲੇ ਵਿਚ ਮਾਤ,



ਔਲੀਏ ਦਸਤਗੀਰ ।
ਕਲਜੁਗ ਅੰਤਮ ਆਪ ਤੁੜਾਏ,
ਪਾਪਾਂ ਬੱਧੀ ਜ਼ੰਜੀਰ ।
ਸੋਹੰ ਖੰਡਾ ਹੱਥ ਉਠਾਏ,
ਚਾਰ ਕੁੰਟ ਕਰਾਏ ਵਹੀਰ ।
ਬੇਮੁਖਾਂ ਹਰਿ ਦਿਸ ਨਾ ਆਏ,
ਨਾ ਕੋਈ ਦੇਵੇ ਧੀਰ ।
ਘਰ ਘਰ ਰੋਵਣ ਨਾਰੀਆਂ ਰੰਡਾਂ,
ਵਹਿੰਦੇ ਰਹਿਣ ਨੇਤਰ ਨੀਰ ।
ਕਲਜੁਗ ਤੇਰਾ ਅੰਤਮ ਅੰਤ ਕਰਾਏ ਅਖੀਰ ।
ਵਹਿੰਦੇ ਵਹਿਣ ਜਾਇਣ ਸਭ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਮਾਤ ਜੋਤ ਪਰਗਟਾਏ ਵਡ ਪੀਰਨ ਪੀਰ । ੭ ਜੇਠ ੨੦੧੦ ਬਿ

✪ ੫੧੦ ✪



ਵਿਸਾਖ ਕਹੇ ਮੇਰਾ ਗੋਬਿੰਦ ਆਇਆ ।
ਖ਼ੁਸ਼ੀਆਂ ਨਾਲ ਵਡਿਆਈਆ ।
ਜਿਸ ਨੇ ਗੁਰਸਿਖ ਦੁਲਾਰਾ ਜਾਇਆ,
ਜੰਮਣ ਵਾਲੀ ਪਿਤਾ ਮਾਈਆ ।
ਪੁਰਖ ਅਕਾਲ ਦਾਈ ਦਾਇਆ,
ਸਾਚੀ ਸੇਵ ਕਮਾਈਆ ।
ਮੇਰਾ ਸੋਹਣਾ ਵਕਤ ਸੁਹਾਇਆ,
ਸੁਹੰਜਣੀ ਖ਼ੁਸ਼ੀ ਬਣਾਈਆ ।
ਜਨ ਭਗਤਾਂ ਗੋਦ ਉਠਾਇਆ,
ਆਪਣਾ ਰੰਗ ਰੰਗਾਈਆ ।
ਲੋਕ ਪਰਲੋਕ ਡੰਕ ਵਜਾਇਆ,
ਸੰਦੇਸਾ ਖ਼ਬਰ ਦ੍ਰਿੜਾਈਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਮਿਹਰ ਨਜ਼ਰ ਇਕ ਉਠਾਈਆ । ੧ ਵਿਸਾਖ ਸ਼ ਸੰ ੫

✪ ੫੧੧ ✪



ਵਿਛੜੇ ਮੇਲ ਮਿਲਾਏ,
ਭਗਤਾਂ ਤਾਰਦਾ ।
ਕੋਟ ਜਨਮ ਦੇ ਪਾਪ,
ਛਿਨ ਮਾਹਿ ਮਾਰਦਾ ।

੧੮੮



ਸਚ ਸਚੇ ਦਰਬਾਰ,
ਜੋਤ ਪ੍ਰਭ ਧਾਰਦਾ ।
ਗੁਰਸਿਖ ਉਤਰੇ ਪਾਰ,
ਜੋ ਚਰਨ ਨਿਮਸਕਾਰਦਾ ।
ਮਹਾਰਾਜ ਸ਼ੇਰ ਸਿੰਘ ਲੈਂਦਾ ਸਾਰ,
ਕੋਇ ਨਾ ਜਾਣੇ ਰੰਗ ਕਰਤਾਰ ਦਾ । ੧੧ ਚੇਤ ੨੦੦੮ ਬਿ

✪ ੫੧੨ ✪

ਵਿਸ਼ਨੂੰ ਦੋਵੇਂ ਜੋੜ ਕਰੇ ਅਰਦਾਸ,
ਪ੍ਰਭ ਸਾਚੇ ਸੁਣ ਬੇਨੰਤੀਆ ।
ਸਦਾ ਵਸਦਾ ਰਹਾਂ ਤੇਰੇ ਪਾਸ,
ਹਉਂ ਨਾਰੀ ਤੂੰ ਸਾਚਾ ਕੰਤੀਆ ।
ਤੇਰਾ ਦੀਪਕ ਹੋਏ ਮੇਰੇ ਘਰ ਪਰਕਾਸ਼,
ਤੇਰਾ ਨਾਮ ਸਚ ਸੁਗੰਤੀਆ ।
ਤੇਰਾ ਰੂਪ ਮੇਰੇ ਅੰਦਰ ਰਖੇ ਵਾਸ,
ਧੀਰਜ ਧੀਰ ਇਕ ਬਧੰਤੀਆ ।



ਆਦਿ ਜੁਗਾਦਿ ਰਹਾਂ ਮੈਂ ਦਾਸ,
ਦੂਸਰ ਦਰ ਨਾ ਕੋਇ ਸੁਹੰਤੀਆ ।
ਹਰਿ ਨਿਰੰਕਾਰ ਨਾ ਕਰੀਂ ਨਿਰਾਸ,
ਸੁਣ ਸਾਹਿਬ ਬੇਨੰਤੀਆ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਤੇਰੇ ਦਰ ਸੋਹੇ ਤੇਰੀ,
ਧੰਨ ਧੰਨ ਹੋਏ ਸੋਭਾਵੰਤੀਆ । ੧ ਕੱਤਕ ੨੦੧੬ ਬਿ

✪ ੫੧੩ ✪

ਵਿਸ਼ਨੂੰ ਵੰਸੀ ਸਿਖ ਆਵੇ ।
ਸਚ ਸਤਿਗੁਰ ਦਰਸ਼ਨ ਪਾਵੇ ।
ਚਰਨ ਕਵਲ ਕਰੇ ਪ੍ਰਨਾਮ ।
ਤੀਨ ਲੋਕ ਪ੍ਰਭ ਦਾ ਧਾਮ ।
ਵਿਚ ਅਕਾਸ਼ ਜੋਤ ਸਰੂਪ ।
ਅਨਾਦ ਸ਼ਬਦ ਵਜਾਏ ਭੂਪਾ ।



ਸ਼ਬਦ ਮੇਰੇ ਦੀ ਇਹ ਧੁਨਕਾਰ ।
ਸੁਣ ਕੇ ਸਿਖ ਸੀ ਉਪਰੇ ਪਾਰ ।
ਜੋ ਨਾ ਜਾਣੇ ਮੇਰਾ ਭਾਓ ।
ਤਿਨ ਨਾ ਮਿਲੇ ਸਚ ਗੁਰ ਦਿਓ ।



ਗੁਰ ਬਿਨ ਕੋਈ ਨਾ ਬੰਧਨ ਕਾਟੇ ।
ਆਵੇ ਜਾਵੇ ਵਿਕਾਰ ਵਿਚ ਹਾਟੇ । ੧੫ ਮੱਘਰ ੨੦੦੬

੫੧੪

ਵੈਰਾਗੀ ਸਤਿਗੁਰ ਡਿਠੜਾ,
ਗਹਿਰ ਗੰਭੀਰਾ ਮੀਤ ।
ਜਿਸ ਦਾ ਬੋਲਾ ਮਿਠੜਾ,
ਨਾਮ ਸੁਣਾਏ ਗੀਤ ।
ਵਸੇ ਸਦਾ ਚੀਤੜਾ,
ਚਾੜ੍ਹੇ ਰੰਗ ਬਸੀਠ ।
ਜੋਤੀ ਧਾਰੋਂ ਨਿਤਰਾ,
ਸਵਾਮੀ ਠਾਂਡਾ ਸੀਤ ।
ਆਦਿ ਜੁਗਾਦਿ ਕਦੇ ਨਾ ਵਿਛੜਾ,
ਸਚਖੰਡ ਦਾ ਵਸਨੀਕ ।
ਜਿਸ ਸੋਹੰ ਸ਼ਬਦ ਸੁਣਾ ਕੇ ਫਿਕਰਾ
ਸਤਿਜੁਗ ਸਚ ਬਣਾਈ ਰੀਤ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ,
ਦਰ ਸਾਚੀ ਦੇਵੇ ਭੀਖ । ੧੮ ਹਾੜ ਸ਼ ਸੰ ੬



੫੧੫

ਤੂੰ ਦਾਤਾ ਗਹਿਰ ਗੰਭੀਰ, ਮੈਂ ਅਵਗੁਣ ਭਰੀ ਨਿਮਾਣੀ ।
ਤੂੰ ਬਖ਼ਸ਼ੀ ਠੰਡਾ ਸੀਰ, ਮੈਂ ਤਿਹਾਈ ਮੰਗਾਂ ਪਾਣੀ ।
ਤੂੰ ਕੱਢ ਬਿਰਹੋਂ ਪੀੜ, ਹਉਂ ਤੇਰੇ ਚੋਜ ਵਡਾਨੀ ।
ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਜੋਤ ਧਰ,
ਏਕਾ ਦੇਣਾ ਸਾਚਾ ਵਰ,
ਆਤਮ ਅੰਤਰ ਆਪਣੀ ਸੱਚੀ ਬਾਣੀ । ੨੦ ਫੱਗਣ ੨੦੧੭ ਬਿ

